ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 127| 12 to 18 June , 2024 | Ph.: (510) 240-5949 | Email: asrtimes@gmail.com




## 'ਬੇਅਦਬੀ ਤੇ ਬੰਦੀ ਸਿੱਖਾਂ ਦੀ ਰਿਹਾਈ'
## ਬਣੇ ਰਵਾਇਤੀ ਪਾਰਟੀਆਂ ਦੀ ਹਾਰ ਦੇ ਕਾਰਨ

### ਪੰਥਕ ਮਸਲਿਆਂ ਦੇ ਨਾਲ ਹੀ ਪੰਜਾਬ ਦੇ ਭਖਦੇ ਮੁੱਦੇ ਸੰਸਦ 'ਚ ਉਠਾਉਣਗੇ ਸਰਬਜੀਤ ਸਿੰਘ ਖ਼ਾਲਸਾ

ਪ੍ਰੋ.ਬਲਵਿੰਦਰਪਾਲ ਸਿੰਘ

ਕੇਂਦਰੀ ਪਾਰਟੀਆਂ ਤੇ ਅਕਾਲੀ ਦਲ ਵੱਲੋਂ ਲੋਕਾਂ ਦੇ ਮੁੱਦੇ ਬੇਅਦਬੀ, ਬੰਦੀ ਸਿੱਖਾਂ ਦੀ ਰਿਹਾਈ, ਨਸ਼ੇ ਆਦਿ ਦਬਾਅ ਦਿੱਤੇ। ਪੰਜਾਬੀਆਂ ਦਾ ਰੋਸ ਹੈ ਕਿ ਪਿਛਲੇ ਸਮੇਂ ਦੌਰਾਨ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਹੁਣ ਆਮ ਆਦਮੀ ਪਾਰਟੀ ਨੇ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਦੇ ਠੋਕਵੇਂ ਵਾਅਦੇ ਕੀਤੇ ਹਨ, ਪਰ ਨਸ਼ਿਆਂ ਨੂੰ ਠੱਲ ਨਹੀਂ ਪਈ ਹੈ। ਹਰ ਰੋਜ਼ ਨੌਜਵਾਨ ਨਸ਼ਿਆਂ ਨਾਲ ਮਰ ਰਹੇ ਹਨ। ਤਾਜੀਆਂ ਖ਼ਬਰਾਂ ਅਖਬਾਰ ਵਿੱਚ ਪੜ੍ਹੋ ਤਾਂ ਪਤਾ ਚਲਦਾ ਹੈ ਕਿ ਨਸ਼ਿਆਂ ਕਾਰਨ ਮੌਤਾਂ ਹਾਲੇ ਵੀ ਜਾਰੀ ਹਨ। ਬੇਅਦਬੀ, ਬੰਦੀ ਸਿੱਖਾਂ ਦੀ ਰਿਹਾਈ ਬਾਰੇ ਇਨਸਾਫ਼ ਨਾ ਮਿਲਣ ਕਾਰਨ ਸਿੱਖ ਤੇ ਪੰਜਾਬੀ ਰਾਜਨੀਤਿਕ ਪਾਰਟੀਆਂ ਤੋਂ ਨਿਰਾਸ਼ ਹਨ।

ਫਰੀਦਕੋਟ ਤੋਂ ਸਰਬਜੀਤ ਸਿੰਘ ਤੇ ਖਡੂਰ ਸਾਹਿਬ ਤੋਂ ਅੰਮ੍ਰਿਤ ਪਾਲ ਸਿੰਘ ਇਨ੍ਹਾਂ ਤਿੰਨਾਂ ਮੁੱਦਿਆਂ ਦੇ ਉਭਾਰਨ ਕਾਰਨ ਜਿੱਤੇ ਹਨ। ਇਨ੍ਹਾਂ ਦੇ ਸਮਰਥਕਾਂ ਦਾ ਮੰਨਣਾ ਸੀ ਕਿ ਸਾਨੂੰ ਸਰਕਾਰਾਂ ਦਾ 1000 ਰੁਪਏ ਜਾਂ ਆਟਾ ਦਾਲ ਨਹੀਂ ਚਾਹੀਦੀ। ਜਦੋਂ ਸਾਡੇ ਘਰਾਂ ਵਿੱਚ ਸਾਡੇ ਪੁੱਤ ਹੀ ਨਾ ਰਹੇ ਫਿਰ ਅਸੀਂ ਆਟਾ ਦਾਲ ਕੀ ਕਰਨਾ ਹੈ।

ਇਸ ਗੱਲ ਦਾ ਸੁਨੇਹਾ ਵੱਡਾ ਗਿਆ ਜਿਥੇ ਸ਼ਰਾਬਾਂ, ਪੈਸੇ ਵੋਟ ਖਰੀਦਣ ਲਈ ਨਹੀਂ ਵੰਡੇ ਗਏ। ਫਰੀਦਕੋਟ ਵਿੱਚ ਸਰਬਜੀਤ ਸਿੰਘ ਦੇ ਸਮਰਥਕਾਂ ਵੱਲੋਂ ਗੰਨੇ ਦੇ ਰਸ ਦੀ ਛਬੀਲ ਲੱਗ ਗਈ।

ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਤੇ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ ਨੇ ਦਾਅਵੇ ਨਾਲ ਆਖਿਆ ਹੈ ਕਿ ਉਹ ਪੰਥਕ ਮਸਲਿਆਂ ਦੇ ਨਾਲ ਹੀ ਪੰਜਾਬ ਦੇ



ਭਖਦੇ ਮੁੱਦੇ ਸੰਸਦ ਵਿੱਚ ਉਠਾਉਣਗੇ। ਭਾਈ ਖ਼ਾਲਸਾ ਨੇ ਦੱਸਿਆ ਕਿ ਉਨ੍ਹਾਂ ਦੀ ਪਹਿਲ ਬੇਅਦਬੀ ਕਾਂਡ ਦੇ ਦੋਸ਼ੀਆਂ ਖ਼ਿਲਾਫ਼ ਧਾਰਾ 302 ਦਰਜ ਕਰਵਾ ਕੇ ਸਜ਼ਾਵਾਂ ਦਿਵਾਉਣਾ, ਬੰਦੀ ਸਿੰਘਾਂ ਦੀ ਰਿਹਾਈ ਲਈ ਉਪਰਾਲੇ ਕਰਨਾ, ਨਸ਼ਿਆਂ ਦਾ ਖ਼ਾਤਮਾ ਕਰਵਾਉਣਾ ਅਤੇ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣਾ ਹੋਵੇਗਾ।

ਉਨ੍ਹਾਂ ਨਾਲ ਹੀ ਕਿਹਾ ਕਿ ਉਹ ਦਰਿਆਈ ਪਾਣੀਆਂ, ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਵਿੱਚ ਸ਼ਾਮਿਲ ਕਰਵਾਉਣ ਲਈ ਵੀ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਫ਼ਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇਣ ਨੂੰ ਯਕੀਨੀ ਬਣਾਉਣ ਲਈ ਵੀ ਹਰ ਫ਼ਰੰਟ 'ਤੇ ਲੜਾਈ ਲੜੀ ਜਾਵੇਗੀ। ਜ਼ਿਕਰਯੋਗ ਹੈ ਕਿ ਭਾਈ ਖ਼ਾਲਸਾ ਨੇ ਫ਼ਰੀਦਕੋਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਪੰਜਾਬੀ ਅਦਾਕਾਰ ਕਰਮਜੀਤ ਅਨਮੋਲ ਨੂੰ 70 ਹਜ਼ਾਰ ਤੋਂ ਵਧੇਰੇ ਵੋਟਾਂ ਦੇ ਫ਼ਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ।

ਸਰਬਜੀਤ ਸਿੰਘ ਨੇ ਦੋਸ਼ ਲਗਾਇਆ ਕਿ ਪਿਛਲੇ ਸਮੇਂ ਦੌਰਾਨ ਕੇਂਦਰ ਤੇ ਪੰਜਾਬ ਸਰਕਾਰਾਂ ਨੇ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਨਹੀਂ ਕੀਤੀ ਅਤੇ ਪੰਥਕ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਹੋਰ ਗੰਭੀਰ ਬਣਾ ਦਿੱਤਾ ਹੈ, ਜਿਸ ਕਰਕੇ ਪੰਥਕ ਦਰਦੀਆਂ ਵਿੱਚ ਰੋਸ ਹੈ।

ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੰਥਕ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦੀ ਸਖ਼ਤ ਜ਼ਰੂਰਤ ਹੈ ਅਤੇ ਇਸ ਕਾਰਜ ਲਈ ਉਹ ਪੰਥਕ ਨੁਮਾਇੰਦਿਆਂ ਨਾਲ ਸਿਰ ਜੋੜ ਕੇ ਚੱਲਣਗੇ। ਪੰਜਾਬ ਸਰਕਾਰ ਨੂੰ ਸਿਰੇ ਦੀ ਨਿਕੰਮੀ ਦੱਸਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਮੌਕੇ ਕੀਤੀਆਂ ਗਰੰਟੀਆਂ ਨੂੰ ਪੂਰੇ ਨਾ ਕਰਨ ਵਾਲੀ 'ਆਪ' ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਨ ਪੁੱਗ ਗਏ ਹਨ। ਉਨ੍ਹਾਂ ਕਿਹਾ ਕਿ ਉਹ ਫ਼ਰੀਦਕੋਟ ਹਲਕੇ ਦੇ ਵੋਟਰਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰਨਗੇ ਅਤੇ ਵਿਕਾਸ ਕਾਰਜ ਕਰਵਾਉਣ ਵਿੱਚ ਕਸਰ ਨਹੀਂ ਛੱਡੀ ਜਾਵੇਗੀ। (**ਬਾਕੀ ਸਫ਼ਾ 30 'ਤੇ**)



## ਕਿਥੋਂ ਤੱਕ ਜਾਵੇਗੀ ਕੰਗਨਾ ਦੇ ਮੂੰਹ 'ਤੇ ਵੱਜੇ ਥੱਪੜ ਦੀ ਗੂੰਜ ?

ਅੰਮ੍ਰਿਤਸਰ ਟਾਈਮਜ਼ ਬਿਊਰੋ

ਚੰਡੀਗੜ੍ਹ ਏਅਰਪੋਰਟ 'ਤੇ ਤੈਨਾਤ ਸੀ. ਆਈ. ਐਸ. ਐਫ. ਦੀ ਮੁਲਾਜ਼ਮ ਕੁਲਵਿੰਦਰ ਕੌਰ ਵੱਲੋਂ ਭਾਜਪਾ ਸਾਂਸਦ ਕੰਗਨਾ ਰਣੌਤ ਦੇ ਥੱਪੜ ਮਾਰਨ ਅਤੇ ਉਸ ਤੋਂ ਬਾਅਦ ਕੰਗਨਾ ਵੱਲੋਂ ਸਾਰੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਕਹਿਣ ਦਾ ਮਾਮਲਾ ਇਸ ਸਮੇਂ ਸੁਰਖ਼ੀਆਂ ਵਿੱਚ ਆਇਆ ਹੋਇਆ ਹੈ। ਵੱਡੇ ਦੁੱਖ ਦੀ ਗੱਲ ਇਹ ਹੈ ਕਿ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਸਭ ਤੋਂ ਵੱਧ ਸ਼ਹੀਦੀਆਂ ਅਤੇ ਕੁਰਬਾਨੀਆਂ ਦੇਣ ਵਾਲੇ ਅਤੇ ਭਾਰਤ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਹੀ ਭਾਜਪਾ ਸਾਂਸਦ ਕੰਗਨਾ ਵੱਲੋਂ ਅਨੇਕਾਂ ਵਾਰ ਖ਼ਾਲਿਸਤਾਨੀ/ਅੱਤਵਾਦੀ/ਉਗਰਵਾਦੀ ਕਿਹਾ ਗਿਆ ਹੈ।

ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਨੂੰ ਕਥਿਤ ਥੱਪੜ ਮਾਰਨ ਵਾਲੀ ਸੀ.ਆਈ.ਐਸ.ਐਫ. ਦੀ ਮਹਿਲਾ ਮੁਲਾਜ਼ਮ ਕੁਲਵਿੰਦਰ ਕੌਰ ਖ਼ਿਲਾਫ਼ ਮੋਹਾਲੀ ਪੁਲਿਸ ਦੇ ਏਅਰਪੋਰਟ ਸਟੇਸ਼ਨ 'ਤੇ ਕੇਸ ਦਰਜ ਕੀਤਾ ਗਿਆ ਹੈ। ਇਹ ਮਾਮਲਾ ਆਈ.ਪੀ.ਸੀ. ਦੀ ਧਾਰਾ 323 (ਹਮਲਾ) ਅਤੇ 341 (ਰਾਹ ਵਿੱਚ ਰੁਕਾਵਟ ਪਾਉਣ) ਦੇ ਤਹਿਤ ਦਰਜ ਕੀਤਾ ਗਿਆ ਹੈ। ਇਸ ਵਿੱਚ ਜਵਾਨ ਕੁਲਵਿੰਦਰ ਕੌਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ, ਕਿਉਂਕਿ ਦੋਵੇਂ ਧਾਰਾਵਾਂ ਜ਼ਮਾਨਤਯੋਗ ਹਨ, ਪਰ ਉਸਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਹੁਣ ਇਸ ਮਾਮਲੇ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਕਰੇਗੀ। ਪੰਜਾਬ ਪੁਲਿਸ ਨੇ ਹਰਵੀਰ ਸਿੰਘ ਅਟਵਾਲ ਐਸ.ਪੀ. ਸਿਟੀ ਮੁਹਾਲੀ ਨੂੰ ਇਸ ਐਸ.ਆਈ.ਟੀ. ਦਾ ਇੰਚਾਰਜ਼ ਬਣਾਇਆ ਗਿਆ ਹੈ। ਹੁਣ ਤਿੰਨ ਮੈਂਬਰੀ ਸਿੱਟ ਇਸ ਪੂਰੇ ਮਾਮਲੇ ਦੀ ਜਾਂਚ ਕਰੇਗੀ।

ਜੇ ਭਾਰਤ ਵਿੱਚ ਬੋਲਣ ਦੀ ਆਜ਼ਾਦੀ ਹੈ, ਇਸ ਦਾ ਇਹ ਮਤਲਬ ਨਹੀਂ ਕਿ ਕਿਸੇ ਪੂਰੀ ਕੌਮ ਨੂੰ ਹੀ ਕਿਸੇ ਸਿਆਸੀ ਆਗੂ ਵੱਲੋਂ ਅੱਤਵਾਦੀ ਗਰਦਾਨ ਦਿੱਤਾ ਜਾਵੇ। ਕੰਗਨਾ ਤਾਂ ਇਹ ਵੀ ਕਹਿੰਦੀ ਹੈ ਕਿ ਭਾਰਤ ਸਾਲ 2014 ਵਿੱਚ ਆਜ਼ਾਦ ਹੋਇਆ ਸੀ, ਉਸ ਦੇ ਇਸ ਬਿਆਨ ਤੋਂ ਪਤਾ ਚਲ ਜਾਂਦਾ ਹੈ ਕਿ ਭਾਰਤ ਦੇ ਆਜ਼ਾਦੀ ਅੰਦੋਲਨ ਬਾਰੇ ਉਸ ਨੂੰ ਕਿੰਨਾ ਕੁ ਗਿਆਨ ਹੈ।

ਦੂਜੇ ਪਾਸੇ ਕੁਲਵਿੰਦਰ ਕੌਰ ਵੱਲੋਂ ਕੰਗਨਾ ਰਣੌਤ ਦੇ ਥੱਪੜ ਮਾਰਨ ਨੂੰ ਵੀ ਸਹੀ ਨਹੀਂ ਕਿਹਾ ਜਾ ਸਕਦਾ। ਕੁਲਵਿੰਦਰ ਕੌਰ ਕੰਗਨਾ ਦਾ ਵਿਰੋਧ ਬੋਲਚਾਲ ਰਾਹੀਂ ਵੀ ਕਰ ਸਕਦੀ ਸੀ ਪਰ ਉਸ ਵੱਲੋਂ ਕੰਗਨਾ ਨੂੰ ਥੱਪੜ ਮਾਰਨਾ ਸੰਵਿਧਾਨ ਅਨੁਸਾਰ ਜਾਇਜ਼ ਨਹੀਂ ਹੈ। ਸਮਾਜ ਵਿੱਚ ਹਿੰਸਾ ਨੂੰ ਕੋਈ ਸਥਾਨ ਨਹੀਂ ਹੈ ਅਤੇ ਹਿੰਸਾ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।

ਹੁਣ ਉਹਨਾਂ ਕਾਰਨਾਂ ਦਾ ਪਤਾ ਲਗਾਉਣਾ ਜ਼ਰੂਰੀ ਹੈ, ਜਿਹਨਾਂ ਕਰਕੇ ਸੁਰੱਖਿਆ ਮੁਲਾਜ਼ਮ ਕੁਲਵਿੰਦਰ ਕੌਰ ਨੇ ਕੰਗਨਾ ਦੇ ਥੱਪੜ ਮਾਰਿਆ। ਕੁਲਵਿੰਦਰ ਕੌਰ ਸੀ. ਆਈ. ਐਸ. ਐਫ. ਵਿੱਚ ਨਵੀਂ ਭਰਤੀ ਨਹੀਂ ਹੋਈ ਸਗੋਂ ਉਸ ਦਾ ਸੀ. ਆਈ. ਐਸ. ਐਫ. ਵਿੱਚ ਸਰਵਿਸ ਦਾ ਰਿਕਾਰਡ 15 ਸਾਲ ਦਾ ਹੈ। ਉਸ ਦਾ ਪਤੀ ਵੀ ਸੀ. ਆਈ. ਐਸ. ਐਫ. ਵਿੱਚ ਹੈ। ਉਸ ਦਾ ਪਿਤਾ ਆਮ ਕਿਸਾਨ ਹੈ ਤੇ ਤਾਇਆ ਭਾਰਤੀ ਫ਼ੌਜ ਵਿਚੋਂ ਆਨਰੇਰੀ ਕਪਤਾਨ ਰਿਟਾਇਰ ਹੋਇਆ ਹੈ। ਦੂਜੇ ਪਾਸੇ ਕੰਗਨਾ ਦੇ ਪਰਿਵਾਰਕ ਪਿਛੋਕੜ ਦਾ ਸਭ ਨੂੰ ਪਤਾ ਹੈ।

ਕੰਗਨਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਸਿੱਖ ਨਾ ਹੁੰਦੇ ਤਾਂ ਦੇਸ਼ ਹੁਣ ਤੱਕ ਗੁਲਾਮ ਹੀ ਹੋਣਾ ਸੀ। ਵਿਦੇਸ਼ਾਂ ਤੋਂ ਆਉਂਦੇ ਧਾੜਵੀਆਂ ਨੂੰ ਵੀ ਸਿੱਖ ਹੀ ਮੂਹਰੇ ਹੋ ਕੇ ਰੋਕਦੇ ਸਨ। ਦੇਸ਼ ਦੀ ਸੁਰੱਖਿਆ ਲਈ ਭਾਰਤੀ ਫ਼ੌਜ ਵਿੱਚ ਸ਼ਾਮਲ ਵੱਡੀ ਗਿਣਤੀ ਸਿੱਖ ਫ਼ੌਜੀ ਸ਼ਹੀਦੀਆਂ ਪਾ ਚੁੱਕੇ ਹਨ। ਕੰਗਨਾ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਸਰਦਾਰ ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਸਨ ਤਾਂ ਪੂਰੇ ਸੰਸਾਰ ਵਿੱਚ ਆਰਥਿਕ ਮੰਦੀ ਛਾ ਗਈ ਸੀ ਪਰ ਸਰਦਾਰ ਮਨਮੋਹਨ ਸਿੰਘ ਦੀਆਂ ਮਜ਼ਬੂਤ ਆਰਥਿਕ ਨੀਤੀਆਂ ਕਾਰਨ ਇਸ ਆਲਮੀ ਆਰਥਿਕ ਮੰਦੀ ਦਾ ਭਾਰਤ 'ਤੇ ਪਰਛਾਵਾਂ ਵੀ ਨਹੀਂ ਸੀ ਪਿਆ। (**ਬਾਕੀ ਸਫ਼ਾ 30 'ਤੇ**)

## ਵਿਰੋਧ ਤੋਂ ਬਾਅਦ ਲੰਡਨ ਦੇ ਨੀਲਾਮੀ ਘਰ ਨੇ ਰੋਕੀ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਨੀਲਾਮੀ

ਲੰਡਨ/ਏ.ਟੀ.ਨਿਊਜ਼ : ਸਿੱਖ ਭਾਈਚਾਰੇ ਵੱਲੋਂ ਦਾਇਰ ਕੀਤੀ ਇੱਕ ਪਟੀਸ਼ਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਲੰਡਨ ਵਿੱਚ ਹੋਣ ਵਾਲੀ ਨੀਲਾਮੀ ਰੋਕ ਦਿੱਤੀ ਗਈ। ਲੰਡਨ ਸਥਿਤ ਨੀਲਾਮੀ ਘਰ ਨੇ ਮੁਆਫ਼ੀ ਮੰਗਦਿਆਂ ਸਬੰਧਿਤ ਦਸਤਾਵੇਜ਼ਾਂ ਨੂੰ ਹਟਾ ਦਿੱਤਾ ਹੈ। 'ਯੂਨਾਈਟਿਡ ਸਿੱਖਸ' ਦੀ ਅੰਤਰਰਾਸ਼ਟਰੀ ਕਾਨੂੰਨੀ ਡਾਇਰੈਕਟਰ ਮਨਿੰਦਰਪਾਲ ਕੌਰ ਵੱਲੋਂ ਦਾਇਰ ਇਸ ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਲੰਡਨ ਸਥਿਤ ਹੋਜ਼ਬਰੀਸ ਫਾਈਲ ਆਰਟ ਨੀਲਾਮੀ ਘਰ ਵੱਲੋਂ 19 ਜੂਨ 2024 ਨੂੰ ਸੰਨ 1850 ਦੇ ਕਰੀਬ ਹੱਥ ਲਿਖਤ ਸਰੂਪਾਂ ਦੇ 1213 ਤੋਂ 1215 ਤੱਕ ਦੇ ਵੱਡ-ਅਕਾਰੀ ਅੰਗ, ਇਸ ਤੋਂ ਇਲਾਵਾ ਅੰਗ ਨੰਬਰ 940 ਗੁਰਬਾਣੀ ਸਟੀਕ ਨੀਲਾਮ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 20ਵੀਂ ਸਦੀ ਦੇ ਇੱਕ ਛੋਟੇ ਸਰੂਪ ਦੇ 15 ਅੰਗ, ਜਨਮ ਸਾਖੀ ਅਤੇ ਗੁਰਬਾਣੀ ਨਾਲ ਜੁੜੇ ਹੋਰ ਦਸਤਾਵੇਜ਼ ਨੀਲਾਮ ਕੀਤੇ ਜਾ ਰਹੇ ਹਨ।



ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਗੁਰੂ ਹਨ, ਗੁਰਬਾਣੀ ਦਾ ਹਰ ਸਿੱਖ ਦੇ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ। ਗੁਰਬਾਣੀ ਦੀ ਇਸ ਤਰ੍ਹਾਂ ਨੀਲਾਮੀ ਹੋਣਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ, ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ। ਪਟੀਸ਼ਨਕਰਤਾ ਨੇ ਮੰਗ ਕੀਤੀ ਸੀ ਕਿ ਨੀਲਾਮੀ ਘਰ ਨੂੰ ਗੁਰਬਾਣੀ ਨਾਲ ਜੁੜੇ ਹਰ ਦਸਤਾਵੇਜ਼ ਨੂੰ ਤੁਰੰਤ ਨੀਲਾਮੀ ਤੋਂ ਹਟਾਉਣੇ ਚਾਹੀਦੇ ਹਨ। ਨੀਲਾਮੀ ਘਰ ਨੂੰ ਧਾਰਮਿਕ ਗ੍ਰੰਥਾਂ ਦੀ ਪਵਿੱਤਰਤਾ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਨੂੰ ਸਵੀਕਾਰ ਕਰਦਿਆਂ ਕਦੇ ਵੀ ਧਾਰਮਿਕ ਗ੍ਰੰਥਾਂ ਦੀ ਨੀਲਾਮੀ ਨਾ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ। ਗੁਰਬਾਣੀ ਅਤੇ ਬਿਰਧ ਸਰੂਪਾਂ ਨੂੰ ਸਿੱਖਾਂ ਦੇ ਹਵਾਲੇ ਕਰਨ ਲਈ ਵਿਚੋਲਗੀ ਕਰਨ ਦੀ ਮੰਗ ਵੀ ਕੀਤੀ ਗਈ। ਇਸ ਦੇ ਨਾਲ ਹੀ ਆਸ ਪ੍ਰਗਟ ਕੀਤੀ ਕਿ ਨੀਲਾਮੀ ਘਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਅੱਗੋਂ ਕੋਈ ਵੀ ਅਜਿਹਾ ਕੰਮ ਕਰਨ ਤੋਂ ਗੁਰੇਜ਼ ਕਰੇਗਾ। ਇਸ ਤੋਂ ਬਾਅਦ ਜਿੱਥੇ ਵੱਡੀ ਗਿਣਤੀ ਵਿੱਚ ਸਿੱਖਾਂ ਨੇ ਪਟੀਸ਼ਨ 'ਤੇ ਦਸਤਖ਼ਤ ਕੀਤੇ, ਉੱਥੇ ਹੀ ਸਬੰਧਿਤ ਨੀਲਾਮੀ ਘਰ ਨਾਲ ਸੰਪਰਕ ਕੀਤਾ ਗਿਆ, ਜਿਸ ਤੋਂ ਬਾਅਦ ਉਕਤ ਸਾਰੇ ਦਸਤਾਵੇਜ਼ਾਂ ਨੂੰ ਨੀਲਾਮ ਹੋਣ ਤੋਂ ਰੋਕ ਦਿੱਤਾ ਗਿਆ।

ਗੁਰਦੁਆਰਾ ਸਾਹਿਬ ਫਰੀਮੌਂਟ
GURDWARA SAHIB FREMONT

# Call for concepts

## June 1984 Sikh Holocaust Memorial Design

June 2024 marks the 40th anniversary of Sikh massacre. In commemoration of these events and as a tribute to those who sacrificed their lives for justice, Gurdwara Sahib Fremont, Californina is undertaking the creation of a 1984 Memorial. Our aim is to honor the courage and resilience of the Sikh community while fostering remembrance and awareness.



**We are calling upon Sikhs from across the globe to submit their creative ideas.**

**US$3100** for the winning idea/concept (1st prize)

**US$2100** or the runner-up idea/concept (2nd prize)

**US$1500** for the 3rd runner-up idea/concept (3rd prize)

Deadline to submit concepts is **July 31, 2024**

Awards for the most compelling concepts

For more info, please scan or visit
**www.acesse.dev/June1984**

IMPRESSION AWARENESS CHARDI KALA

# ਮੋਦੀ ਸਰਕਾਰ ਲਈ ਚੁਣੌਤੀਆਂ ਭਰਪੂਰ ਹੋਵੇਗਾ ਨਵਾਂ ਕਾਰਜਕਾਲ



ਭਾਰਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਨਵੀਂ ਸਰਕਾਰ ਦਾ ਗਠਨ ਹੋ ਚੁੱਕਿਆ ਹੈ ਅਤੇ ਨਵੀਂ ਸਰਕਾਰ ਵੱਲੋਂ ਆਪਣਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਭਾਵੇਂ ਮੋਦੀ ਸਰਕਾਰ ਦਾ ਇਹ ਤੀਜਾ ਕਾਰਜਕਾਲ ਹੈ ਪਰ ਇਸ ਸਰਕਾਰ ਅਤੇ ਪਿਛਲੀਆਂ ਦੋ ਸਰਕਾਰਾਂ ਵਿੱਚ ਵੱਡਾ ਅੰਤਰ ਹੈ। ਪਿਛਲੀਆਂ ਸਰਕਾਰਾਂ ਵਿੱਚ ਭਾਜਪਾ ਪੂਰਨ ਬਹੁਮਤ ਵਿੱਚ ਸੀ ਪਰ ਇਸ ਵਾਰ ਭਾਜਪਾ ਨੂੰ ਪੂਰਨ ਬਹੁਮਤ ਨਾ ਮਿਲਣ ਕਾਰਨ ਭਾਜਪਾ ਵੱਲੋਂ ਸਹਿਯੋਗੀ ਦਲਾਂ ਦੇ ਸਹਿਯੋਗ ਨਾਲ ਗਠਜੋੜ ਸਰਕਾਰ ਬਣਾਈ ਗਈ ਹੈ। ਇਸ ਗਠਜੋੜ ਸਰਕਾਰ ਨੂੰ ਆਉਣ ਵਾਲੇ ਸਮੇਂ ਦੌਰਾਨ ਅਨੇਕਾਂ ਮਹੱਤਵਪੂਰਨ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪਵੇਗਾ। ਭਾਜਪਾ ਲਈ ਪੰਜ ਸਾਲਾਂ ਦੌਰਾਨ ਨਿਤੀਸ਼ ਕੁਮਾਰ ਅਤੇ ਚੰਦਰਬਾਬੂ ਨਾਇਡੂ ਵਰਗੇ ਸਹਿਯੋਗੀਆਂ ਨੂੰ ਨਾਲ ਲੈ ਕੇ ਚੱਲਣਾ ਆਸਾਨ ਨਹੀਂ ਹੋਵੇਗਾ, ਇਹ ਪਹਿਲਾਂ ਹੀ ਤੈਅ ਮੰਨਿਆ ਜਾ ਰਿਹਾ ਹੈ ਕਿ ਸਹਿਯੋਗੀਆਂ ਦੀਆਂ ਵੱਡੀਆਂ ਮੰਗਾਂ ਗਠਜੋੜ ਸਰਕਾਰ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰ ਸਕਦੀਆਂ ਹਨ। ਪਿਛਲੀ ਵਾਰ ਜਦੋਂ ਸਰਕਾਰ ਨੇ ਪੂਰਨ ਬਹੁਮਤ ਨਾਲ ਇਕੱਲਿਆਂ ਸਰਕਾਰ ਬਣਾਈ ਸੀ, ਸੰਸਦ ਦੇ ਪਹਿਲੇ ਸੈਸ਼ਨ ਵਿੱਚ ਹੀ ਤਿੰਨ ਤਲਾਕ ਨੂੰ ਖਤਮ ਕਰਨ ਅਤੇ ਧਾਰਾ 370 ਦੀਆਂ ਵਿਵਾਦਪੂਰਨ ਵਿਵਸਥਾਵਾਂ ਨੂੰ ਖਤਮ ਕਰਨ ਵਰਗੇ ਇਤਿਹਾਸਕ ਫੈਸਲੇ ਲਏ ਗਏ ਸਨ। ਪਰ ਕੀ ਮੋਦੀ ਇਸ ਵਾਰ ਵੀ ਅਜਿਹੇ ਵੱਡੇ ਫੈਸਲੇ ਲੈਣ ਦਾ ਜੋਖਮ ਉਠਾ ਸਕਣਗੇ ? ਇਸ ਸਮੇਂ ਇਹ ਸਵਾਲ ਵੱਖ- ਵੱਖ ਬੁੱਧੀਜੀਵੀਆਂ ਵੱਲੋਂ ਉਠਾਏ ਜਾ ਰਹੇ ਹਨ ਅਤੇ ਆਪੋ ਆਪਣੇ ਤਰਕ ਦੇ ਕੇ ਇਸ ਦੇ ਜਵਾਬ ਵੀ ਦਿੱਤੇ ਜਾ ਰਹੇ ਹਨ।

ਨਵੀਂ ਕੇਂਦਰ ਸਰਕਾਰ ਅੱਗੇ ਸਭ ਤੋਂ ਵੱਡੀ ਚੁਣੌਤੀ ਗੁਆਂਢੀ ਮੁਲਕਾਂ ਨਾਲ ਸਬੰਧ ਮਜ਼ਬੂਤ ਕਰਨ ਦੀ ਹੋਵੇਗੀ। ਚੀਨ ਕਾਫ਼ੀ ਸਮੇਂ ਤੋਂ



ਭਾਰਤ ਨੂੰ ਪ੍ਰੇਸ਼ਾਨ ਕਰਨ ਦਾ ਯਤਨ ਕਰ ਰਿਹਾ ਹੈ। ਚੀਨ ਵੱਲੋਂ ਭਾਰਤ ਦੇ ਹੋਰਨਾਂ ਗੁਆਂਢੀਂ ਦੇਸ਼ਾਂ ਨੂੰ ਕਰਜ਼ਾ ਦੇ ਕੇ ਆਪਣੇ ਮੋਹ ਜਾਲ ਵਿੱਚ ਫਸਾਇਆ ਜਾ ਰਿਹਾ ਹੈ। ਚੀਨ ਦੀ ਪਾਕਿਸਤਾਨ, ਨੇਪਾਲ, ਭੂਟਾਨ ਅਤੇ ਬੰਗਲਾਦੇਸ਼ ਨਾਲ ਨੇੜਤਾ ਲਗਾਤਾਰ ਵਧ ਰਹੀ ਹੈ। ਜਦੋਂਕਿ ਪਾਕਿਸਤਾਨ ਵੱਲੋਂ ਭਾਰਤ ਵਿੱਚ ਅੱਤਵਾਦ ਫੈਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਨੇੜਤਾ ਭਾਰਤ ਦੇ ਵਪਾਰ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੀ ਹੈ। ਚੀਨ ਅਰੁਣਾਚਲ-ਸਿੱਕਮ 'ਚ ਲਗਾਤਾਰ ਹਮਲਾਵਰ ਰੁਖ ਅਪਣਾ ਰਿਹਾ ਹੈ। ਇਹੀ ਕਾਰਨ ਹੈ ਕਿ ਚੀਨ ਦੀ ਵਧਦੀ ਦਖਲਅੰਦਾਜ਼ੀ ਭਾਰਤ ਲਈ ਮੁਸੀਬਤ ਦਾ ਕਾਰਨ ਬਣੀ ਹੋਈ ਹੈ। ਅਮਰੀਕਾ ਤੇ ਚੀਨ ਵਿਚਾਲੇ ਵਿਵਾਦ ਦੌਰਾਨ ਭਾਰਤ ਨੂੰ ਬਹੁਤ ਸੰਭਲ ਕੇ ਚੱਲਣਾ ਪਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਐਲਾਨ ਕੀਤਾ ਹੈ ਕਿ ਉਹ ਆਪਣੇ ਤੀਜੇ ਕਾਰਜਕਾਲ 'ਚ ਦੇਸ਼ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾਉਣ ਦੀ ਕੋਸ਼ਿਸ਼ ਕਰਨਗੇ। ਇਸ ਦੇ ਲਈ ਲਗਭਗ ਅੱਠ ਫੀਸਦੀ ਦੀ ਦਰ ਨਾਲ ਅਰਥਵਿਵਸਥਾ ਨੂੰ ਅੱਗੇ ਵਧਾਉਣ ਦੀ ਲੋੜ ਹੋਵੇਗੀ। ਇਸ ਸਮੇਂ ਦੁਨੀਆਂ ਵਿੱਚ ਮੁੜ ਆਰਥਿਕ ਮੰਦੀ ਆਉਣ ਦੇ ਆਸਾਰ ਬਣ ਰਹੇ ਹਨ। ਇਸ ਕਰਕੇ ਨਵੀਂ ਕੇਂਦਰ ਸਰਕਾਰ ਨੂੰ ਨਵੀਆਂ ਆਰਥਿਕ ਨੀਤੀਆਂ ਬਹੁਤ ਮਜ਼ਬੂਤ ਬਣਾਉਂਣੀਆਂ ਪੈਣਗੀਆਂ। ਭਾਰਤ ਵਿੱਚ ਇਸ ਸਮੇਂ ਬੇਰੁਜ਼ਗਾਰੀ ਬਹੁਤ ਵੱਡੇ ਪੱਧਰ 'ਤੇ ਫੈਲੀ ਹੋਈ ਹੈ। ਲਗਭਗ ਇੱਕ ਅਰਬ ਕੰਮਕਾਜੀ ਉਮਰ ਦੀ ਆਬਾਦੀ ਵਿੱਚੋਂ ਪਿਛਲੇ ਕੁਝ ਸਾਲਾਂ ਤੋਂ

ਰੁਜ਼ਗਾਰ ਵਿੱਚ ਲੱਗੇ ਲੋਕਾਂ ਦੀ ਗਿਣਤੀ 40 ਕਰੋੜ ਦੇ ਕਰੀਬ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਭਾਵੇਂ ਕਿ ਪਿਛਲੀ ਮੋਦੀ ਸਰਕਾਰ ਵੱਲੋਂ ਲੱਖਾਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਦਾਅਵੇ ਕੀਤੇ ਗਏ ਪਰ ਭਾਰਤ ਵਿੱਚ ਵਿਹਲੀ ਫਿਰਦੀ ਬੇਰੁਜ਼ਗਾਰਾਂ ਦੀ ਫ਼ੌਜ ਆਪਣੀ ਕਹਾਣੀ ਖੁਦ ਕਹਿ ਰਹੀ ਹੈ। ਬੇਰੁਜ਼ਗਾਰੀ ਨੂੰ ਦੂਰ ਕਰਨਾ ਅਤੇ ਨਵੇਂ ਰੁਜ਼ਗਾਰ ਸਿਰਜਣਾ ਵੀ ਨਵੀਂ ਕੇਂਦਰ ਸਰਕਾਰ ਅੱਗੇ ਚੁਣੌਤੀ ਹੋਵੇਗੀ।

ਇਸ ਦੇ ਨਾਲ ਹੀ ਪਿਛਲੀ ਸਰਕਾਰ ਨੇ 'ਇੱਕ ਦੇਸ਼, ਇੱਕ ਚੋਣ' ਅਤੇ 'ਯੂਨੀਫਾਰਮ ਸਿਵਲ ਕੋਡ' ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਆਪਣੀ ਤਰਜੀਹ ਵੀ ਦੱਸੀ ਸੀ। ਇਹ ਦੇਖਣਾ ਬਾਕੀ ਹੈ ਕਿ ਚੰਦਰਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ ਦੀਆਂ ਬੈਸਾਖੀਆਂ 'ਤੇ ਬੈਠੀ ਇਸ ਸਰਕਾਰ 'ਚ ਉਹ ਇਨ੍ਹਾਂ ਇਰਾਦਿਆਂ ਨੂੰ ਪੂਰਾ ਕਰਨ 'ਚ ਕਿੰਨੇ ਕੁ ਕਾਮਯਾਬ ਹੁੰਦੇ ਹਨ।

ਮਹਿੰਗਾਈ ਵੀ ਨਵੀਂ ਕੇਂਦਰ ਸਰਕਾਰ ਅੱਗੇ ਵੱਡੀ ਚੁਣੌਤੀ ਬਣ ਕੇ ਉਭਰੇਗੀ। ਮੋਦੀ ਸਰਕਾਰ ਦੇ ਪਿਛਲੇ ਦੋ ਕਾਰਜਕਾਲਾਂ ਦੌਰਾਨ ਜਿਸ ਤਰੀਕੇ ਨਾਲ ਭਾਰਤ ਵਿੱਚ ਮਹਿੰਗਾਈ ਵਧੀ ਹੈ, ਉਸ ਦਾ ਨੁਕਸਾਨ ਭਾਜਪਾ ਨੂੰ ਲੋਕ ਸਭਾ ਚੋਣਾਂ ਵਿੱਚ ਉਠਾਉਣਾ ਪਿਆ ਹੈ। ਚੋਣਾਂ ਤੋਂ ਬਾਅਦ ਪਰ ਨਤੀਜੇ ਆਉਣ ਤੋਂ ਪਹਿਲਾਂ ਵੀ ਇੱਕਦਮ ਮਹਿੰਗਾਈ ਵਿੱਚ ਵਾਧਾ ਹੋ ਗਿਆ ਸੀ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੇਂਦਰ ਦੀ ਨਵੀਂ ਸਰਕਾਰ ਉਪਰੋਕਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਿਸ ਤਰ੍ਹਾਂ ਕਰੇਗੀ, ਕਿਉਂਕਿ ਭਾਜਪਾ ਨੂੰ ਇਸ ਸਮੇਂ ਦੌਰਾਨ ਗਠਜੋੜ ਧਰਮ ਵੀ ਨਿਭਾਉਣਾ ਪਵੇਗਾ। ਇਸ ਕਰਕੇ ਨਵੀਂ ਮੋਦੀ ਸਰਕਾਰ ਦਾ ਰਾਹ ਆਸਾਨ ਨਹੀਂ ਹੈ ਸਗੋਂ ਵੱਡੀਆਂ ਚੁਣੌਤੀਆਂ ਭਰਿਆ ਹੈ।

# ਕਲੀਵਲੈਂਡ ਵਿਖੇ ਰੀਜਨਲ 'ਸਿੱਖ ਯੂਥ ਸਿਮਪੋਜ਼ੀਅਮ 2024' ਕਰਵਾਇਆ ਗਿਆ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ : ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਸੰਸਥਾ ਵੱਲੋਂ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ ਸੰਬੰਧੀ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਕਲੀਵਲੈਂਡ ਸਥਿਤ ਗੁਰੂ ਨਾਨਕ ਫਾਉਂਡੇਸ਼ਨ ਰਿਚਫੀਲਡ

ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਇਸ ਰੀਜਨਲ ਸਿਮਪੋਜ਼ੀਅਮ ਵਿੱਚ ਸਿਨਸਿਨਾਟੀ, ਡੇਟਨ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 22 ਸਾਲ ਤੱਕ ਦੇ 32 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਇਸ ਸਾਲ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼ , ਦੂਜੇ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਯੂਥ" , ਤੀਜੇ ਨੂੰ "20 ਮਿੰਟ ਗਾਈਡ ਟੂ ਦ ਸਿੱਖ ਫੇਥ" ਅਤੇ ਚੌਥੇ ਨੂੰ "ਕਲੈਸ਼ ਆਫ ਕਲਚਰ" ਪੁਸਤਕ ਦਿੱਤੀ ਗਈ। 1984 ਦੇ ਘੱਲੂਘਾਰੇ ਅਤੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਿਤ ਪੰਜਵੇਂ ਗਰੁੱਪ ਦਾ ਵਿਸ਼ਾ "1984 ਦਾ ਘੱਲੂਘਾਰਾ ਅਤੇ ਉਸ ਤੋਂ ਬਾਅਦ ਦਾ ਸਿੱਖ ਸੰਘਰਸ਼" ਰੱਖਿਆ ਗਿਆ ਹੈ। ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਗ ਲੈਣ ਵਾਲੇ ਬੱਚਿਆਂ ਨੇ ਸਿੱਖ ਧਰਮ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ

ਨਾਲ ਆਪਣੇ ਵਿਚਾਰ ਪੇਸ਼ ਕੀਤੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਸਥਾਨਕ ਅਤੇ ਦੂਰੋਂ ਆਈਆਂ ਸੰਗਤਾਂ ਲਈ ਸਾਰਾ ਦਿਨ ਲੰਗਰ ਦੀ ਸੇਵਾ ਕੀਤੀ ਗਈ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪੁਰਸਕਾਰ ਅਤੇ ਪੰਜਾਬੀ ਵਿੱਚ ਭਾਸ਼ਣ ਦੇਣ ਵਾਲੇ ਬੱਚਿਆਂ ਨੂੰ ਵੱਖਰਾ ਵਿਸ਼ੇਸ਼ ਐਵਾਰਡ ਵੀ ਦਿੱਤਾ ਗਿਆ। ਗਰੁੱਪ 1 ਵਿੱਚ ਅਵਨੂਰ ਕੌਰ (ਕਲੀਵਲੈਂਡ), ਗਰੁੱਪ 2 ਵਿੱਚ ਤ੍ਰਿਸ਼ਾ ਕੌਰ (ਸਿਨਸਿਨੈਟੀ, ਗਰੁੱਪ 3 ਵਿੱਚ ਪ੍ਰਭਨੂਰ ਸਿੰਘ (ਕਲੀਵਲੈਂਡ), ਗਰੁੱਪ 4 ਵਿੱਚ ਮਿਹਰ ਕੌਰ (ਸਿਨਸਿਨੈਟੀ) ਅਤੇ ਗਰੁੱਪ 5 ਵਿੱਚ ਸਮਾਰਾ ਕੌਰ (ਸਿਨਸਿਨੈਟੀ) ਪਹਿਲੇ ਸਥਾਨ 'ਤੇ ਆਏ।

ਇਹ ਜੇਤੂ ਬੱਚੇ 1 ਤੋਂ 4 ਅਗਸਤ, 2024 ਵਿੱਚ ਡੈਲਸ, ਟੈਕਸਾਸ ਦੇ ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿਮਪੋਜ਼ੀਅਮ ਵਿੱਚ ਭਾਗ ਲੈਣਗੇ। ਸਿਆਨਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵੱਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿੱਚ ਇਹ ਮੁਕਾਬਲੇ ਅਮਰੀਕਾ ਤੇ ਕੈਨੇਡਾ ਦੇ ਵੱਖ- ਵੱਖ ਸ਼ਹਿਰਾਂ ਵਿੱਚ ਕਰਵਾਏ ਜਾਂਦੇ ਹਨ।

# ਜਹਾਜ਼ ਹਾਦਸੇ 'ਚ ਮਲਾਵੀ ਦੇ ਉਪ ਰਾਸ਼ਟਰਪਤੀ ਤੇ 9 ਹੋਰ ਲੋਕਾਂ ਦੀ ਮੌਤ



ਲਿਲੋਂਗਵੇ (ਦੱਖਣੀ ਅਫਰੀਕਾ) : ਮਲਾਵੀ ਦੇ ਉਪ ਰਾਸ਼ਟਰਪਤੀ ਸੋਲੋਸ ਚਿਲਿਮਾ ਅਤੇ 9 ਹੋਰ ਲੋਕਾਂ ਦੀ ਜਹਾਜ਼ ਹਾਦਸੇ ਵਿੱਚ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਦੇਸ਼ ਦੇ ਰਾਸ਼ਟਰਪਤੀ ਲਾਜ਼ਾਰਸ ਚਕਵੇਰਾ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ ਹੈ। ਦੱਸ ਦੇਈਏ ਕਿ ਜਿਹੜੇ ਫੌਜੀ ਜਹਾਜ਼ ਵਿੱਚ ਉਪ ਰਾਸ਼ਟਰਪਤੀ ਸੋਲੋਸ ਚਿਲਿਮਾ ਸਫ਼ਰ ਕਰ ਰਹੇ ਸਨ, ਉਸ ਦਾ ਮਲਬਾ ਦੇਸ਼ ਦੇ ਉੱਤਰ ਵਿੱਚ ਇਕ ਪਹਾੜੀ ਇਲਾਕੇ ਵਿੱਚ ਮਿਲਿਆ ਹੈ।

ਸੂਤਰਾਂ ਮੁਤਾਬਕ ਇੱਕ ਦਿਨ ਤੋਂ ਵੱਧ ਸਮੇਂ ਤੱਕ ਚੱਲੀ ਖੋਜ ਤੋਂ ਬਾਅਦ ਜਹਾਜ਼ ਦਾ ਮਲਬਾ ਮਿਲਿਆ ਹੈ। ਰਾਸ਼ਟਰਪਤੀ ਚਕਵੇਰਾ ਨੇ ਸਰਕਾਰੀ ਟੈਲੀਵਿਜ਼ਨ 'ਤੇ ਕਿਹਾ ਕਿ ਹਾਦਸੇ 'ਚ ਕੋਈ ਵੀ ਬਚਿਆ ਨਹੀਂ। ਉਪ ਰਾਸ਼ਟਰਪਤੀ ਚਿਲਿਮਾ ਅਤੇ ਅੱਠ ਹੋਰ ਲੋਕਾਂ ਨੂੰ ਲੈ ਕੇ ਜਹਾਜ਼ ਨੇ ਸੋਮਵਾਰ ਸਵੇਰੇ 9.17 ਵਜੇ ਇਸ ਦੱਖਣੀ ਅਫਰੀਕੀ ਦੇਸ਼ ਦੀ ਰਾਜਧਾਨੀ ਲਿਲੋਂਗਵੇ ਤੋਂ ਉਡਾਣ ਭਰੀ ਸੀ, ਜਿਸ ਨੇ ਲਗਭਗ 45 ਮਿੰਟ ਬਾਅਦ ਰਾਜਧਾਨੀ ਤੋਂ 370 ਕਿਲੋਮੀਟਰ ਦੂਰ ਮਜ਼ੂਜ਼ੂ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਨਾ ਸੀ।

# ਅਮਰੀਕਾ ਨੂੰ ਰੂਸ ਅਤੇ ਚੀਨ ਤੋਂ ਖ਼ਤਰਾ ਲਗਾਤਾਰ ਵਧਿਆ

## ➢ ਅਮਰੀਕਾ ਪ੍ਰਮਾਣੂ ਹਥਿਆਰਾਂ ਵਿੱਚ ਕਰ ਸਕਦਾ ਹੈ ਵਾਧਾ ➢ ਅਮਰੀਕਾ ਨੇ ਇਸ ਦੇ ਲਈ ਨਵੀਂ ਰੂਪ ਰੇਖਾ ਕੀਤੀ ਤਿਆਰ

ਵਾਸ਼ਿੰਗਟਨ/ਏ.ਟੀ.ਨਿਊਜ਼: ਰੂਸ ਅਤੇ ਯੂਕਰੇਨ ਵਿਚਾਲੇ ਜੰਗ ਦੌਰਾਨ ਪੁਤਿਨ ਕਈ ਵਾਰ ਪ੍ਰਮਾਣੂ ਜੰਗ ਦੀ ਧਮਕੀ ਦੇ ਚੁੱਕੇ ਹਨ। ਇਸ ਤੋਂ ਬਾਅਦ ਹੁਣ ਅਮਰੀਕਾ ਪ੍ਰਮਾਣੂ ਹਥਿਆਰ ਵਧਾ ਸਕਦਾ ਹੈ। ਵ੍ਹਾਈਟ ਹਾਊਸ ਦੇ ਇੱਕ ਸੀਨੀਅਰ ਸਹਾਇਕ ਨੇ ਕਿਹਾ ਕਿ ਰੂਸ, ਚੀਨ ਅਤੇ ਹੋਰ ਵਿਰੋਧੀਆਂ ਤੋਂ ਵਧ ਰਹੇ ਖਤਰਿਆਂ ਨੂੰ ਰੋਕਣ ਲਈ ਅਮਰੀਕਾ ਆਉਣ ਵਾਲੇ ਸਾਲਾਂ ਵਿੱਚ ਹੋਰ ਰਣਨੀਤਕ ਪ੍ਰਮਾਣੂ ਹਥਿਆਰ ਤਾਇਨਾਤ ਕਰ ਸਕਦਾ ਹੈ। ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਚੋਟੀ ਦੇ ਹਥਿਆਰ ਨਿਯੰਤਰਣ ਅਧਿਕਾਰੀ ਪ੍ਰਣਯ ਵਾਡੀ ਨੇ ਆਪਣੀ ਟਿੱਪਣੀ ਵਿੱਚ ਕਿਹਾ ਕਿ ਰੂਸ ਅਤੇ ਚੀਨ 'ਤੇ ਦਬਾਅ ਬਣਾਉਣ ਲਈ ਨੀਤੀਗਤ ਬਦਲਾਅ ਦੀ ਰੂਪਰੇਖਾ ਤਿਆਰ ਕੀਤੀ ਗਈ ਸੀ।

ਉਸਨੇ ਆਰਮਜ਼ ਕੰਟਰੋਲ ਐਸੋਸੀਏਸ਼ਨ ਨੂੰ ਦੱਸਿਆ ਕਿ ਵਿਰੋਧੀ ਹਥਿਆਰਾਂ ਵਿੱਚ ਤਬਦੀਲੀਆਂ ਦੀ ਘਾਟ ਕਾਰਨ, ਅਸੀਂ ਆਉਣ ਵਾਲੇ ਸਾਲਾਂ ਵਿੱਚ ਇੱਕ ਬਿੰਦੂ 'ਤੇ ਪਹੁੰਚ ਸਕਦੇ ਹਾਂ ਜਿੱਥੇ ਮੌਜੂਦਾ ਤੈਨਾਤ ਗਿਣਤੀ ਨੂੰ ਵਧਾਉਣ ਦੀ ਲੋੜ ਹੋਵੇਗੀ। ਜੇਕਰ ਰਾਸ਼ਟਰਪਤੀ ਇਹ ਫੈਸਲਾ ਲੈਂਦੇ ਹਨ ਤਾਂ ਸਾਨੂੰ ਇਸ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਹੋਵੇਗਾ। ਜੇਕਰ ਉਹ ਦਿਨ ਆਉਂਦਾ ਹੈ, ਤਾਂ ਇਸਦਾ ਨਤੀਜਾ ਇਹ ਹੋਵੇਗਾ ਕਿ ਸਾਡੇ ਵਿਰੋਧੀਆਂ ਨੂੰ ਰੋਕਣ ਅਤੇ ਅਮਰੀਕੀ ਲੋਕਾਂ ਅਤੇ ਸਾਡੇ ਸਹਿਯੋਗੀਆਂ ਅਤੇ ਭਾਈਵਾਲਾਂ ਦੀ ਰੱਖਿਆ ਕਰਨ ਲਈ ਹੋਰ ਪ੍ਰਮਾਣੂ ਹਥਿਆਰਾਂ ਦੀ ਲੋੜ ਹੈ।

ਅਮਰੀਕਾ ਦੀ ਨੀਤੀ ਵਿੱਚ ਬਦਲਾਅ

ਅਮਰੀਕਾ ਵਰਤਮਾਨ ਵਿੱਚ ਰੂਸ ਦੇ ਨਾਲ 2010 ਦੀ ਨਵੀਂ ਸਟਾਰਟ ਸੰਧੀ ਵਿੱਚ ਨਿਰਧਾਰਤ 1,550 ਤੈਨਾਤ ਪ੍ਰਮਾਣੂ ਹਥਿਆਰਾਂ ਦੀ ਸੀਮਾ ਦਾ ਪਾਲਣ ਕਰ ਰਿਹਾ ਹੈ। ਪਰ ਯੂਕਰੇਨ ਲਈ ਅਮਰੀਕਾ ਦੇ ਸਮਰਥਨ ਤੋਂ ਬਾਅਦ ਰੂਸ ਨੇ ਇਸ ਕੌਮਾਂਤਰੀ ਨਿਯਮ ਨੂੰ ਤਿਆਗ ਦਿੱਤਾ ਹੈ। ਅਮਰੀਕਾ ਨੇ ਇਸ ਕਦਮ ਨੂੰ ਕਾਨੂੰਨੀ ਤੌਰ 'ਤੇ ਅਯੋਗ ਕਰਾਰ ਦਿੱਤਾ ਹੈ। ਵੈਡੀ ਦਾ ਇਹ ਬਿਆਨ ਅਮਰੀਕਾ ਦੀ ਨੀਤੀ ਵਿੱਚ ਵੱਡੀ ਤਬਦੀਲੀ ਨੂੰ ਦਰਸਾਉਂਦਾ ਹੈ ਕਿਉਂਕਿ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਇੱਕ ਸਾਲ ਪਹਿਲਾਂ ਇਸੇ ਸਮੂਹ ਨੂੰ ਕਿਹਾ ਸੀ ਕਿ ਚੀਨ ਅਤੇ ਰੂਸ ਦਾ ਮੁਕਾਬਲਾ ਕਰਨ ਲਈ ਅਮਰੀਕਾ ਨੂੰ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਤਾਇਨਾਤੀ ਵਧਾਉਣ ਦੀ ਕੋਈ ਲੋੜ ਨਹੀਂ ਹੈ।

# ਅਮਰੀਕਾ ਖ਼ਬਰਨਾਮਾ

## ਗੁਰਸਿੱਖ ਸ਼ੈਰਫ ਇਕਰਾਜ਼ ਸਿੰਘ ਉੱਭੀ ਅਤੇ ਸ਼ੈਰਫ ਗਗਨਦੀਪ ਸਿੰਘ ਸਿੱਧੂ ਦਾ ਗੁ. ਨਾਨਕ ਪ੍ਰਕਾਸ਼ ਫ਼ਰਿਜ਼ਨੋ ਵੱਲੋਂ ਵਿਸ਼ੇਸ਼ ਸਨਮਾਨ



ਫ਼ਰਿਜਨੋ, ਕੈਲੀਫ਼ੋਰਨੀਆ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):ਗੁਰਦੁਆਰਾ ਨਾਨਕ ਪ੍ਰਕਾਸ਼ ਫ਼ਰਿਜਨੋ ਵੱਲੋ ਸ਼ੈਰਫ ਡਿਪਾਰਟਮੈਂਟ ਵਿੱਚ ਪੁਲਿਸ ਅਫ਼ਸਰ ਭਰਤੀ ਹੋਏ ਸਾਬਤ ਸੂਰਤ ਸਿੱਖ ਨੌਜਵਾਨ ਇਕਰਾਜ਼ ਸਿੰਘ ਉੱਭੀ, ਸਪੁੱਤਰ ਪੱਤਰਕਾਰ ਕੁਲਵੰਤ ਸਿੰਘ ਧਾਲੀਆਂ ਅਤੇ ਗਗਨਦੀਪ ਸਿੰਘ ਸਿੱਧੂ, ਸਪੁੱਤਰ ਬਾਬਾ ਅਵਤਾਰ ਸਿੰਘ ਠੀਕਰੀਵਾਲ ਨੂੰ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ, ਕੈਲੇਫ਼ੋਰਨੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਦੇਸ਼ਾਂ ਵਿੱਚ ਰਹਿੰਦਿਆਂ ਗੁਰਸਿੱਖ ਸਰੂਪ ਵਿੱਚ ਸੇਵਾਵਾ ਨਿਭਾਉਣ ਬਦਲੇ ਸਿਰੋਪੇ ਅਤੇ ਪਲੈਕ ਦੇ ਕੇ ਸਨਮਾਨ ਦਿੱਤਾ ਗਿਆ ਗਿਆ। ਇਸ ਮੌਕੇ ਸ਼ੈਰਫ ਡਿਪਾਰਟਮੈਂਟ ਦੀ ਸੀਨੀਅਰ ਅਫ਼ਸਰਾਂ ਟੀ. ਹੈਲਾਮੋਂ ਨੂੰ ਵੀ ਸਿਰੋਪਾਓ ਬਖ਼ਸ਼ਿਆ ਗਿਆ।

ਇਸ ਸਮੇਂ ਸਟੇਜ਼ ਤੋਂ ਬੋਲਦਿਆਂ ਸ਼ੈਰਫ ਇਕਰਾਜ ਸਿੰਘ ਉੱਭੀ ਅਤੇ ਗਗਨਦੀਪ ਸਿੰਘ ਸਿੱਧੂ ਨੇ ਸੰਗਤਾਂ ਨਾਲ ਆਪਣੀ ਪੜਾਈ ਅਤੇ ਇਸ ਖੇਤਰ ਵਿੱਚ ਆਉਣ ਲਈ ਪ੍ਰੇਰਿਤ ਕੀਤਾ। ਜਦ ਕਿ ਸ਼ੈਰਫ ਵਿਭਾਗ ਦੀ ਸੀਨੀਅਰ ਅਧਿਕਾਰੀ ਟੀ. ਹਲਾਮੋਂ ਨੇ ਵੀ ਸੰਗਤਾਂ ਨੂੰ ਸੰਬੋਧਿਤ ਕੀਤਾ।

ਇਸ ਸਮੇਂ ਬਾਬਾ ਅਵਤਾਰ ਸਿੰਘ ਜੀ ਅਤੇ ਪੱਤਰਕਾਰ ਨੀਟਾ ਮਾਛੀਕੇ ਨੇ ਵੀ ਮੀਡੀਆਂ ਰਾਹੀਂ ਬੋਲਦਿਆਂ ਹੋਇਆਂ ਇੰਨ੍ਹਾਂ ਦੋਨਾਂ ਨੌਜਵਾਨਾਂ ਨੂੰ ਵਧਾਈ ਅਤੇ ਚੜ੍ਹਦੀਕਲਾ ਦੀ ਅਰਦਾਸ ਕਰਦੇ ਹੋਏ, ਬੱਚਿਆਂ ਨੂੰ ਗੁਰਸਿੱਖੀ ਵੱਲ ਪ੍ਰੇਰਤ ਕਰਨ ਵਾਲੇ ਅਜਿਹੇ ਪ੍ਰੋਗਰਾਮ ਉਲੀਕਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਬੋਲਦੇ ਹੋਏ ਸ. ਜਗਰੂਪ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਉਪਰਾਲੇ ਜ਼ਰੀਏ ਅਸੀਂ ਨਵੀਂ ਪੀੜ੍ਹੀ ਨੂੰ ਸਿੱਖ ਸਿਧਾਂਤਾਂ ਨਾਲ ਜੋੜਨ ਲਈ ਯਤਨਸ਼ੀਲ ਹਾਂ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੱਤਰਕਾਰ ਕੁਲਵੰਤ ਧਾਲੀਆਂ ਤੇ ਬਾਬਾ ਅਵਤਾਰ ਸਿੰਘ ਫਰਿਜਨੋ ਇਲਾਕੇ ਦੀਆਂ ਜਾਣੀਆਂ ਪਛਾਣੀਆਂ ਸਖਸ਼ੀਅਤਾਂ ਨੇ, ਇਹਨਾਂ ਦੇ ਬੱਚਿਆਂ ਦੀਆਂ ਪ੍ਰਾਪਤੀਆਂ ਲਈ ਧਾਲੀਆਂ ਅਤੇ ਸਿੱਧੂ ਪਰਿਵਾਰ ਪੰਜਾਬੀ ਭਾਈਚਾਰੇ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਗਗਨਦੀਪ ਸਿੰਘ ਸਿੱਧੂ ਅਤੇ ਇਕਰਾਜ਼ ਸਿੰਘ ਉਭੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਨਵੀਂ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਹਿਕੇ ਗੁਰੂ ਦੇ ਸਿਧਾਂਤ ਨਾਲ ਜੁੜਨ ਲਈ ਕਿਹਾ। ਇਸ ਮੌਕੇ ਸੁਪੀਰੀਅਰ ਕੋਰਟ ਫਰਿਜ਼ਨੋ ਵਿੱਚ ਨਿਯੁਕਤ ਜੱਜ ਹੋਏ ਗੁਰਸਿੱਖ ਨੌਜਵਾਨ ਸ. ਰਾਜ ਸਿੰਘ ਬਦੇਸ਼ਾ ਅਤੇ ਪ੍ਰਬੰਧਕੀ ਕਮੇਟੀ ਵੱਲੋਂ ਸ. ਜਗਰੂਪ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

# ਗੁ. ਗੁਰੂ ਨਾਨਕ ਪ੍ਰਕਾਸ਼ ਫ਼ਰਿਜ਼ਨੋ ਵੱਲੋਂ ਚਲਾਏ ਜਾ ਰਹੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਖ਼ਾਲਸਾ ਸਕੂਲ ਦੀ ਦਸਵੀਂ ਵਰੇਗੰਢ 'ਤੇ ਹੋਇਆ ਵਿਸ਼ੇਸ਼ ਸਮਾਗਮ

ਫ਼ਰਿਜ਼ਨੋ, ਕੈਲੀਫ਼ੋਰਨੀਆ/ ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ: ਸੈਂਟਰਲ ਵੈਲੀ ਫ਼ਰਿਜ਼ਨੋ ਦੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਚਲਾਏ ਜਾ ਰਹੇ 'ਧੰਨ-ਧੰਨ ਬਾਬਾ ਦੀਪ ਸਿੰਘ ਜੀ ਖ਼ਾਲਸਾ ਸਕੂਲ' ਦੀ ਦਸਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਹ ਸਕੂਲ ਪਿਛਲੇ ਦਸ ਸਾਲਾਂ ਤੋਂ ਵਧੀਕ ਸਮੇਂ ਤੋਂ ਗੁਰੂਘਰ ਦੇ ਬਣਨ ਨਾਲ ਸ਼ੁਰੂ ਹੋ ਗਿਆ ਸੀ। ਇੱਥੇ ਕਲਾਸਾਂ ਨੂੰ ਵੱਖ-ਵੱਖ ਪੜ੍ਹਾਈ ਯੋਗਤਾ ਅਤੇ ਉਮਰ ਦੇ ਅਨੁਸਾਰ ਸਿਲੇਬਸ ਦੇ ਕੇ ਵੰਡਿਆ ਗਿਆ ਹੈ। ਜੋ ਬੜੀ ਸਫਲਤਾ ਨਾਲ ਯੋਗ ਅਧਿਆਪਕਾਂ ਦੀ ਅਗਵਾਈ ਅਤੇ ਚੰਗੇ ਪ੍ਰਬੰਧਕਾਂ ਦੀ ਰਹਿਨੁਮਾਈ ਨਾਲ ਚਲ ਰਹੀਆਂ ਹਨ। ਇਸ ਵਿਸ਼ੇਸ਼ ਪ੍ਰੋਗਰਾਮ ਦੀ ਸੁਰੂਆਤ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਕੀਰਤਨੀ ਜੱਥੇ ਨੇ ਰਸ ਭਿੰਨੇ ਕੀਰਤਨ ਰਾਹੀ ਕੀਤੀ ਅਤੇ ਕਥਾ ਵਿਚਾਰਾਂ ਹੋਈਆਂ। ਇਸ ਉਪਰੰਤ ਸਟੇਜ਼ ਸੰਚਾਲਨ ਕਰਦੇ ਹੋਏ ਸ. ਜਗਰੂਪ ਸਿੰਘ ਨੇ ਸਕੂਲ ਦੀਆਂ ਪ੍ਰਾਪਤੀਆਂ ਅਤੇ ਅਗੇਰੇ ਪ੍ਰੋਗਰਾਮਾਂ ਦਾ ਜ਼ਿਕਰ ਕੀਤਾ। ਸਕੂਲ ਦੇ ਦੌਰਾਨ ਬੱਚਿਆਂ ਨੂੰ ਪੰਜਾਬੀ ਭਾਸ਼ਾ, ਗੁਰਮਤਿ ਸਿੱਖਿਆ ਅਤੇ ਸਿੱਖ ਇਤਿਹਾਸ ਪੜ੍ਹਾਉਣ ਤੋਂ ਇਲਾਵਾ ਗੁਰਬਾਣੀ ਕੰਠ ਕਰਨਾ, ਕੀਰਤਨ ਕਰਨਾ, ਹਰਮੋਨੀਅਮ ਅਤੇ ਤਬਲਾ ਸਿਖਿਆ ਤੋਂ ਇਲਾਵਾ ਗਤਕਾ ਕਲਾਸਾਂ ਵੀ ਦਿੱਤੀਆਂ ਜਾਦੀਆਂ ਹਨ। ਭਾਈ ਹਰਪ੍ਰੀਤ ਸਿੰਘ ਨੇ ਹਰ ਸਾਲ ਦੀ ਤਰ੍ਹਾਂ ਸਕੂਲ ਅੰਦਰ ਛੁੱਟੀਆ ਸਮੇਂ ਚਲ ਰਹੇ ਵੱਖ-ਵੱਖ ਕੈਂਪਾ ਵਿੱਚ ਬੱਚਿਆ ਨੂੰ ਆਉਣ ਦੀ ਅਪੀਲ ਕੀਤੀ। ਸਾਰੇ ਸੇਵਾਵਾ ਨਿਭਾਉਣ ਵਾਲੇ ਅਧਿਆਪਕਾ ਅਤੇ ਪ੍ਰਬੰਧਕਾ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਫਰਿਜ਼ਨੋ ਤੋਂ ਸੁਪੀਰੀਅਰ ਕੋਰਟ ਦੇ ਗੁਰਸਿੱਖ ਬਤੌਰ ਜੱਜ ਨਿਯੁਕਤ ਰਾਜ ਸਿੰਘ ਬਦੇਸਾ, ਭਾਈ ਹਰਪ੍ਰੀਤ ਸਿੰਘ ਅਤੇ ਹੋਰ ਸਕੂਲ ਅਧਿਆਪਕਾਂ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਗੁਰੂ ਦਾ ਲੰਗਰ ਅਤੁੱਟ ਵਰਤਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਸਕੂਲ ਦੇ ਸਿਖਿਅਤ ਬੱਚੇ ਹਰ ਐਤਵਾਰ ਗੁਰੂਘਰ ਵਿਖੇ ਇਸ ਹਫਤਾਵਾਰੀ ਸਕੂਲ ਵਿੱਚ ਆਪਣੀਆਂ ਕਲਾਸਾਂ ਲਈ ਆਉਂਦੇ ਹਨ। ਜਿੱਥੇ ਉਹ ਪੰਜਾਬੀ ਦੀ ਪੜ੍ਹਾਈ, ਗੁਰਮਤਿ ਗਿਆਨ ਅਤੇ ਉੱਚੇ ਜੀਵਨ ਦੀ ਜਾਂਚ ਸਿੱਖਦੇ ਹਨ। ਵਿਦੇਸ਼ਾ ਵਿੱਚ ਇੰਨ੍ਹਾਂ ਬੱਚਿਆਂ ਨੂੰ ਦੇਖ ਕੇ ਹੋਰ ਵੀ ਸੰਗਤ ਵਿੱਚੋਂ ਬੱਚੇ ਇਸ ਸਕੂਲ ਅਤੇ ਇੰਨ੍ਹਾਂ ਪ੍ਰੋਗਰਾਮਾ ਦਾ ਹਿੱਸਾ ਬਣਦੇ ਹਨ।





# ਭਾਰਤ ਦੀਆਂ ਚੋਣਾਂ ਵਿੱਚ ਸੰਵਿਧਾਨ ਦੀ ਹੋਈ ਪੁਸ਼ਟੀ : ਇੰਡੀਅਨ ਓਵਰਸੀਜ਼ ਕਾਂਗਰਸ

## ਲੋਕਤੰਤਰ ਦਾ ਅਰਥ ਬਹੁਗਿਣਤੀ ਦਾ ਰਾਜ ਨਹੀਂ :ਜਾਰਜ ਅਬਰਾਹਮ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਨੇ ਭਾਰਤ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਹਾਂ ਪੱਖੀ ਕਰਾਰ ਦਿੰਦਿਆਂ ਕਿਹਾ ਹੈ ਕਿ ਭਾਰਤੀ ਮੱਤਦਾਤਾਵਾਂ ਨੇ ਜਵਾਹਰ ਲਾਲ ਨਹਿਰੂ ਤੇ ਬੀ ਆਰ ਅੰਬੇਦਕਰ ਵੱਲੋਂ ਲਾਗੂ ਕੀਤੇ ਗਏ ਸੰਵਿਧਾਨ ਦੀ ਰਾਖੀ ਤੇ ਪੁਸ਼ਟੀ ਕੀਤੀ ਹੈ। ਇੰਡੀਅਨ ਓਵਰਸੀਜ਼ ਕਾਂਗਰਸ ਦੇ ਉੱਪ ਚੇਅਰਮੈਨ ਜਾਰਜ ਅਬਰਾਹਮ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਸਾਨੂੰ ਸਾਰਿਆਂ ਨੂੰ ਇੱਕ ਵਾਰ ਫਿਰ ਇਹ ਸਮਝਣਾ ਪਵੇਗਾ ਕਿ ਲੋਕਤੰਤਰ ਦਾ ਅਰਥ ਬਹੁਗਿਣਤੀ ਦਾ ਸਾਸ਼ਨ ਨਹੀਂ ਹੁੰਦਾ ਬਲਕਿ ਲੋਕਤੰਤਰ ਵਿੱਚ ਭਿੰਨਤਾ ਦੀ ਕਦਰ ਕਰਨਾ ਤੇ ਜਾਤ, ਨਸਲ ਭਾਸ਼ਾ, ਧਰਮ ਜਾਂ ਖੇਤਰਵਾਰ ਤੋਂ ਉੱਪਰ ਉੱਠ ਕੇ ਹਰ ਇੱਕ ਨੂੰ ਨਿਆਂ ਦੇਣਾ ਹੁੰਦਾ ਹੈ।ਉਨ੍ਹਾਂ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਉਨ੍ਹਾਂ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ ਜਿਨਾਂ ਨੇ ਲੋਕਤੰਤਰ ਦੀ ਰੱਖਿਆ ਲਈ ਚੋਣ ਪ੍ਰਕ੍ਰਿਆ ਵਿੱਚ ਆਪਣੀ ਭੂਮਿਕਾ



ਨਿਭਾਈ। ਇਥੇ ਜ਼ਿਕਰਯੋਗ ਹੈ ਕਿ ਹਾਲਾਂ ਕਿ ਐਨ ਡੀ ਏ 543 ਮੈਂਬਰੀ ਲੋਕ ਸਭਾ ਵਿੱਚ 294 ਸੀਟਾਂ ਜਿਤਾਣ ਵਿੱਚ ਸਫਲ ਰਿਹਾ ਹੈ ਪਰੰਤੂ ਭਾਰਤੀ ਜਨਤਾ ਪਾਰਟੀ ਆਪਣੇ ਬਲਬੂਤੇ ਬਹੁਮਤ ਪ੍ਰਾਪਤ ਨਹੀਂ ਕਰ ਸਕੀ ਤੇ ਉਹ 240 ਸੀਟਾਂ ਹੀ ਜਿਤਾ ਸਕੀ ਜਦ ਕਿ 2019 ਦੀਆਂ ਚੋਣਾਂ ਵਿੱਚ ਉਹ ਇਕੱਲੀ ਹੀ 303 ਸੀਟਾਂ ਲੈ ਗਈ ਸੀ ਤੇ ਇਸ ਵਾਰ 400 ਸੀਟਾਂ ਜਿਤਾਣ ਦੀ ਕੋਸ਼ਿਸ਼ ਵਿੱਚ ਸੀ। ਦੂਸਰੇ ਪਾਸੇ

(**ਬਾਕੀ ਸਫ਼ਾ 31 'ਤੇ**)

# ਭਾਈ ਹਰਭਜਨ ਸਿੰਘ ਢਿੱਲੋਂ ਦੇ ਛੋਟੇ ਸਪੁੱਤਰ ਦਾ ਦੇਹਾਂਤ

ਭਾਈ ਹਰਭਜਨ ਸਿੰਘ ਢਿੱਲੋਂ (ਸੁਰਸਿੰਘ ਵਾਲੇ) ਦੇ ਛੋਟੇ ਸਪੁੱਤਰ ਜਗਰਾਜ ਸਿੰਘ 2 ਜੂਨ ਨੂੰ ਅਕਾਲ ਚਲਾਣਾ ਕਰ ਗਏ।

ਉਹਨਾਂ ਦਾ ਅੰਤਿਮ ਸੰਸਕਾਰ 9 ਜੂਨ ਨੂੰ ਸ਼ਾਂਤ ਭਵਨ, ਫਰਿਜ਼ਨੋ ਵਿਖੇ ਕੀਤਾ ਗਿਆ। ਭਾਈ ਹਰਭਜਨ ਸਿੰਘ ਢਿੱਲੋਂ ਨਾਲ (510) 552-5925 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਭਾਈ ਗੁਰਬਚਨ ਸਿੰਘ ਢਿੱਲੋਂ ਸਵਰਗੀ ਗੁਰਬਚਨ ਸਿੰਘ (ਗੋਰਬੀ) ਢਿੱਲੋਂ ਦੇ ਛੋਟੇ ਭਰਾ ਹਨ।ਭਾਈ ਹਰਭਜਨ ਸਿੰਘ ਗੁਰਦੁਆਰਾ ਸਾਹਿਬ ਫ਼ਰੀਮਾਂਟ ਅਤੇ ਸਿੱਖ ਪੰਚਾਇਤ ਵਿੱਚ ਬਹੁਤ ਸਰਗਰਮ ਸੇਵਾਦਾਰ ਰਹੇ ਹਨ।



## ਸ਼ਹੀਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਉਪਰਾਲਾ

ਗੁਰ ਪਿਆਰੀ ਸਾਧ ਸੰਗਤ ਜੀਓ

40 ਸਾਲ ਹੋ ਗਏ ਹਨ ਜਦੋਂ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅਤੇ ਪੰਜਾਬ ਭਰ ਦੇ ਕਈ ਹੋਰ ਗੁਰਦੁਆਰਿਆਂ 'ਤੇ ਹਮਲਾ ਕੀਤਾ, ਜਿਸ ਨੂੰ ਤੀਜੇ ਘੱਲੂਘਾਰੇ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਫ਼ਰੀਮਾਂਟ ਉਨ੍ਹਾਂ ਦਲੇਰ ਸਿੱਖਾਂ ਦੀ ਯਾਦ ਵਿੱਚ ਇੱਕ ਯਾਦਗਾਰ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ ਜਿਨ੍ਹਾਂ ਨੇ ਸਾਡੇ ਭਾਈਚਾਰੇ ਨਾਲ ਹੋਈ ਬੇਇਨਸਾਫ਼ੀ ਦਾ ਵਿਰੋਧ ਕੀਤਾ। ਅਸੀਂ ਜੁਲਾਈ ਦੇ ਅੰਤ ਤੱਕ ਰੂਪ ਰੇਖਾ ਲਈ ਤੁਹਾਨੂੰ ਕੀਮਤੀ ਰਾਏ ਦੇਣ ਦੀ ਬੇਨਤੀ ਕਰ ਰਹੇ ਹਾਂ। ਜਦੋਂ ਕਿ ਅਸੀਂ ਸੇਵਾ ਦੇ ਤੌਰ 'ਤੇ ਆਪਣੇ ਰਚਨਾਤਮਕ ਵਿਚਾਰਾਂ ਦਾ ਯੋਗਦਾਨ ਪਾਉਣ ਲਈ ਬਹੁਤ ਸਾਰੇ ਲੋਕਾਂ ਦੀ ਇੱਛਾ ਦੀ ਸ਼ਲਾਘਾ ਕਰਦੇ ਹਾਂ, ਅਸੀਂ ਜੇਤੂਆਂ ਲਈ ਚੰਗੇ ਨਕਦ ਇਨਾਮਾਂ ਦਾ ਐਲਾਨ ਕਰਦੇ ਹੋਏ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। ਕਿਰਪਾ ਕਰਕੇ ਜਮਾਂ ਕੀਤੇ ਵੇਰਵਿਆਂ ਤੇ ਦਿਸ਼ਾ-ਨਿਰਦੇਸ਼ਾਂ ਲਈ ਦਿੱਤੇ ਗਏ ਲਿੰਕ www.acesse.dev/June1984 'ਤੇ ਜਾਓ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਜੂਨ '84 ਘੱਲੂਘਾਰੇ ਵਿੱਚ ਇੰਗਲੈਂਡ ਵੱਲੋਂ ਭਾਰਤ ਦੀ ਮਦਦ ਦਾ ਮਾਮਲਾ

# ਲੇਬਰ ਪਾਰਟੀ ਨੇ ਕਿਹਾ ਕਿ ਜਿੱਤੇ ਤਾਂ ਤਤਕਾਲੀ ਪ੍ਰਧਾਨ ਮੰਤਰੀ ਥੈਚਰ ਦੇ ਦੋਸ਼ਾਂ ਬਾਰੇ ਜਾਂਚ ਕਰਾਂਗੇ

## ਥੈਚਰ ਸਰਕਾਰ ਵੱਲੋਂ ਨਿਭਾਈ ਗਈ ਭੂਮਿਕਾ ਰਹੱਸਮਈ: ਜ਼ਰਾਹ ਸੁਲਤਾਨਾ

ਇੰਗਲੈਂਡ ਦੀ ਲੇਬਰ ਪਾਰਟੀ ਨੇ ਸਹੁੰ ਚੁੱਕੀ ਹੈ ਕਿ ਉਹ ਸਿੱਖਾਂ ਦੇ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ 1984 ਵਿੱਚ ਕੀਤੇ ਫ਼ੌਜੀ ਹਮਲੇ ਦੀ ਕਾਰਵਾਈ ਵਿੱਚ ਤਤਕਾਲੀ ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਇਲਜ਼ਾਮਾਂ ਤੇ ਭੂਮਿਕਾ ਦੀ ਵਿਸਥਾਰ ਨਾਲ ਜਾਂਚ ਕਰਵਾਉਗੇ। ਜੇ 4 ਜੁਲਾਈ ਨੂੰ ਯੂ. ਕੇ. ਵਿੱਚ ਹੋਣ ਵਾਲੀਆਂ ਦੀਆਂ ਆਮ ਚੋਣਾਂ ਵਿੱਚ ਲੇਬਰ ਪਾਰਟੀ ਜਿੱਤ ਜਾਂਦੀ ਹੈ ਤਾਂ ਉਹ 1984 ਘੱਲੂਘਾਰਾ ਵਿੱਚ ਇੰਗਲੈਂਡ ਦੀ ਭੂਮਿਕਾ ਦੀ ਜਾਂਚ ਸ਼ੁਰੂ ਕਰੇਗੀ। ਲੇਬਰ ਪਾਰਟੀ ਨੇ ਇਹ ਗੱਲ ਕਹੀ ਹੈ ਕਿਉਂਕਿ ਯੂ. ਕੇ. ਵਿੱਚ ਕਰਵਾਏ ਗਏ ਚੋਣ ਸਰਵੇਖਣ ਵਿੱਚ ਇਸ ਵਾਰ ਆਮ ਚੋਣਾਂ ਵਿੱਚ ਲੇਬਰ ਪਾਰਟੀ ਦੀ ਸ਼ਾਨਦਾਰ ਜਿੱਤ ਦੀ ਭਵਿੱਖਬਾਣੀ ਕੀਤੀ ਗਈ ਹੈ।

ਲੇਬਰ ਪਾਰਟੀ ਦੇ ਉਮੀਦਵਾਰ ਜ਼ਰਾਹ ਸੁਲਤਾਨਾ ਨੇ ਵੀ ਕਿਹਾ ਕਿ ਥੈਚਰ ਸਰਕਾਰ ਵੱਲੋਂ ਨਿਭਾਈ ਗਈ ਭੂਮਿਕਾ ਰਹੱਸਮਈ ਹੈ। ਉਨ੍ਹਾਂ ਕਿਹਾ ਕਿ ਸੱਚ ਸਾਹਮਣੇ ਲਿਆਉਣ ਲਈ ਜਾਂਚ ਦੀ ਮੰਗ ਨੂੰ ਲੈ ਕੇ ਮੈਂ ਸਿੱਖ ਕੌਮ ਦੇ ਨਾਲ ਖੜ੍ਹੀ ਹਾਂ।

ਦੱਸ ਦੇਈਏ 6 ਜੂਨ, 1984 ਨੂੰ, ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਬਾਹਰ ਕੱਢਣ ਲਈ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ 'ਆਪਰੇਸ਼ਨ ਬਲੂ ਸਟਾਰ' ਨਾਂ 'ਤੇ ਫ਼ੌਜੀ ਕਾਰਵਾਈ ਕੀਤੀ ਗਈ ਸੀ। ਇਸ ਫ਼ੌਜੀ ਕਾਰਵਾਈ ਨੂੰ ਲੈ ਕੇ ਕੁਝ ਖੁਫੀਆ ਦਸਤਾਵੇਜ਼ ਵੀ ਸਾਹਮਣੇ ਆਏ ਸਨ। ਇਨ੍ਹਾਂ ਵਿੱਚ ਇਸ ਕਾਰਵਾਈ ਵਿੱਚ ਇੰਗਲੈਂਡ ਦੀ ਭੂਮਿਕਾ 'ਤੇ ਸਵਾਲ ਚੁੱਕੇ ਗਏ ਸਨ।

ਬੀ.ਬੀ.ਸੀ. ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਇਨ੍ਹਾਂ ਦਸਤਾਵੇਜ਼ਾਂ ਦੇ ਅਨੁਸਾਰ, ਇੰਗਲੈਂਡ ਦੀ ਤਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਬ੍ਰਿਟਿਸ਼ ਸਪੈਸ਼ਲ ਏਅਰ ਸਰਵਿਸ (ਐਸ.ਏ.ਐਸ.) ਨੇ ਇਸ ਪੂਰੀ ਕਾਰਵਾਈ ਵਿੱਚ ਮਦਦ ਕੀਤੀ ਸੀ। ਬ੍ਰਿਟੇਨ ਨੇ ਫ਼ੌਜੀ ਹਮਲੇ ਤੋਂ ਪਹਿਲਾਂ, ਸ੍ਰੀ ਦਰਬਾਰ ਸਾਹਿਬ ਤੋਂ ਸਿੱਖ ਖਾੜਕੂਆਂ ਦਾ ਸਫ਼ਾਇਆ ਕਰਨ ਦੀ ਯੋਜਨਾ ਉਲੀਕਣ ਲਈ ਫਰਵਰੀ ਵਿੱਚ ਇੱਕ ਐਸ.ਏ.ਐਸ. ਅਧਿਕਾਰੀ ਨੂੰ ਭਾਰਤ ਭੇਜਿਆ ਸੀ ਅਤੇ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਅਜਿਹਾ ਕਰਨ ਲਈ ਕਿਹਾ ਗਿਆ ਸੀ।

2014 ਵਿੱਚ ਇਨ੍ਹਾਂ ਦਸਤਾਵੇਜ਼ਾਂ ਦੇ ਜਾਰੀ ਹੋਣ ਤੋਂ ਬਾਅਦ ਤਤਕਾਲੀ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਨੇ ਵੀ ਇਸ ਸਬੰਧ ਵਿੱਚ ਜਾਂਚ ਦੇ ਹੁਕਮ ਦਿੱਤੇ ਸਨ। ਇਹ ਫਰਵਰੀ 2014 ਵਿੱਚ ਪ੍ਰਕਾਸ਼ਿਤ ਹੇਵੁੱਡ ਰਿਵਿਊ ਵਿੱਚ ਖੁਲਾਸੇ ਤੋਂ ਬਾਅਦ ਹੋਇਆ ਸੀ ਕਿ 23,000 ਤੋਂ ਵੱਧ ਦਸਤਾਵੇਜ਼ਾਂ 'ਤੇ ਆਧਾਰਿਤ ਸਮੀਖਿਆ ਵਿੱਚ 'ਸੀਮਤ ਫੌਜੀ ਸਲਾਹ' ਤੋਂ ਇਲਾਵਾ ਜੂਨ 1984 ਦੇ ਘੱਲੂਘਾਰੇ ਵਿੱਚ ਯੂ.ਕੇ. ਦੀ ਸਹਾਇਤਾ ਦਾ ਕੋਈ ਰਿਕਾਰਡ ਨਹੀਂ ਮਿਲਿਆ। ਹਾਲਾਂਕਿ,




ਸਰਕਾਰ ਨੂੰ ਦੋਸ਼ੀ ਠਹਿਰਾਉਣ ਵਾਲੇ ਇਨ੍ਹਾਂ ਦਸਤਾਵੇਜ਼ਾਂ ਦੇ ਜਾਰੀ ਹੋਣ ਦੇ ਬਾਵਜੂਦ, ਘੱਲੂਘਾਰੇ ਵਿੱਚ ਮਾਰਗਰੇਟ ਥੈਚਰ ਦੀ ਸ਼ਮੂਲੀਅਤ ਬਾਰੇ ਕੋਈ ਸੁਤੰਤਰ ਜਨਤਕ ਜਾਂਚ ਨਹੀਂ ਕਰਵਾਈ ਗਈ ਸੀ।

ਦਰਅਸਲ ਅਦਾਲਤੀ ਹੁਕਮਾਂ ਮਗਰੋਂ ਬ੍ਰਿਟੇਨ ਕੁਝ ਕੁ ਗੁਪਤ ਦਸਤਾਵੇਜ਼ ਜਨਤਕ ਕੀਤੇ ਹਨ। ਇਨ੍ਹਾਂ ਤੋਂ ਪਤਾ ਚੱਲਿਆ ਹੈ ਕਿ ਉਸ ਵੇਲੇ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਬਰਤਾਨਵੀ ਸਰਕਾਰ ਨੇ ਦਰਬਾਰ ਸਾਹਿਬ ਉਪਰ ਫ਼ੌਜੀ ਕਾਰਵਾਈ ਮਗਰੋਂ ਬ੍ਰਿਟੇਨ ਵਿੱਚ ਸਿੱਖਾਂ ਵੱਲੋਂ ਕੀਤੇ ਰੋਸ ਮੁਜ਼ਾਹਰਿਆਂ 'ਤੇ ਪਾਬੰਦੀ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਬ੍ਰਿਟੇਨ ਅੰਦਰਖਾਤੇ ਭਾਰਤ ਦੀ ਹਮਾਇਤ ਕਰ ਰਿਹਾ ਸੀ।

### ਬਰਤਾਨੀਆ ਸਰਕਾਰ ਦੀ ਭੂਮਿਕਾ ਦੀ ਲੇਬਰ ਸਰਕਾਰ ਬਣਨ 'ਤੇ ਹੋਵੇਗੀ ਜਾਂਚ : ਢੇਸੀ



ਸਲੋਹ ਹਲਕੇ ਦੇ ਲੇਬਰ ਪਾਰਟੀ ਦੇ ਉਮੀਦਵਾਰ ਅਤੇ ਦੋ ਵਾਰ ਚੋਣਾਂ ਜਿੱਤਣ ਵਾਲੇ ਪਹਿਲੇ ਦਸਤਾਰਧਾਰੀ ਐਮ. ਪੀ. ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਦਰਬਾਰ ਸਾਹਿਬ ਉਪਰ ਫ਼ੌਜੀ ਹਮਲੇ ਵਿੱਚ ਬਰਤਾਨੀਆ ਦੀ ਉਸ ਸਮੇਂ ਦੀ ਸਰਕਾਰ ਦੀ ਭੂਮਿਕਾ ਨੂੰ ਲੈ ਕੇ ਸੁਤੰਤਰ ਜਾਂਚ ਕਰਵਾਉਣ ਲਈ ਲੇਬਰ ਪਾਰਟੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਮੌਕੇ ਕੀਤੀ ਗਈ ਜਾਂਚ ਨੂੰ ਸਵੀਕਾਰ ਨਹੀਂ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਗਾਜ਼ਾ ਅਤੇ ਫਲਸਤੀਨ ਦੀ ਲੜਾਈ ਨੂੰ ਲੈ ਕੇ ਕੁਝ ਲੋਕ ਗੁੰਮਰਾਹਕੁੰਨ ਪ੍ਰਚਾਰ ਕਰ ਰਹੇ ਹਨ ਅਤੇ ਭਾਈਚਾਰੇ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸ. ਢੇਸੀ ਨੇ ਕਿਹਾ ਕਿ ਬੀਤੀਆਂ ਦੋਵੇਂ ਟਰਮਾਂ ਵਿੱਚ ਉਨ੍ਹਾਂ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਸੰਸਦ ਵਿੱਚ ਬੇਖੋਫ਼ ਬੁਲੰਦ ਕੀਤੀ ਹੈ। ਸਿੱਖ, ਹਿੰਦੂ, ਮੁਸਲਿਮ ਅਤੇ ਇਸਾਈ ਸਭ ਧਰਮਾਂ 'ਤੇ ਜਦੋਂ ਵੀ ਦੁਨੀਆਂ ਦੇ ਕਿਸੇ ਕੋਨੇ ਵਿੱਚ ਵੀ ਕੁਝ ਗ਼ਲਤ ਹੋਇਆ, ਉਹ ਸੰਸਦ ਵਿੱਚ ਖੁੱਲ੍ਹ ਕੇ ਬੋਲੇ ਹਨ ਅਤੇ ਅੱਗੋਂ ਵੀ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਬਣਦੇ ਰਹਿਣਗੇ।

ਚੋਣ ਸਰਵੇਖਣ ਮੁਤਾਬਕ ਬ੍ਰਿਟੇਨ ਵਿੱਚ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਤੋਂ ਇਲਾਵਾ ਇਸ ਵਾਰ ਲੇਬਰ ਪਾਰਟੀ ਚੋਣਾਂ 'ਚ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਦਰਜ ਕਰ ਸਕਦੀ ਹੈ। ਇਸ ਸਮੇਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਹਨ ਤੇ ਉਹ ਕੰਜ਼ਰਵੇਟਿਵ ਪਾਰਟੀ ਤੋਂ ਹਨ।

(ਬਾਕੀ ਸਫ਼ਾ 30 'ਤੇ)

# ਕੈਨੇਡਾ 'ਚ ਖ਼ਾਲਿਸਤਾਨੀਆਂ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹੱਤਿਆ ਦੇ ਪੋਸਟਰਾਂ ਨਾਲ ਪ੍ਰਦਰਸ਼ਨ

## ਇੰਦਰਾ ਦੇ ਪੋਸਟਰ ਕੈਨੇਡੀਅਨ ਹਿੰਦੂਆਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼: ਸਾਂਸਦ ਚੰਦਰ

ਵੈਨਕੂਵਰ/ਏ.ਟੀ.ਨਿਊਜ਼ : ਭਾਰਤੀ ਮੂਲ ਦੇ ਕੈਨੇਡੀਅਨ ਸੰਸਦ ਮੈਂਬਰ ਚੰਦਰ ਆਰੀਆ ਨੇ ਬੀਤੇ ਦਿਨੀਂ ਕੈਨੇਡਾ ਵਿੱਚ ਖ਼ਾਲਿਸਤਾਨ ਸਮਰਥਕਾਂ ਵੱਲੋਂ ਇੰਦਰਾ ਗਾਂਧੀ ਦੀ ਹੱਤਿਆ ਦੇ ਪੋਸਟਰਾਂ 'ਤੇ ਚਿੰਤਾ ਜ਼ਾਹਰ ਕੀਤੀ। ਕੈਨੇਡਾ ਦੇ ਵੈਨਕੂਵਰ ਵਿੱਚ ਖ਼ਾਲਿਸਤਾਨੀ ਸਮਰਥਕਾਂ ਨੇ ਇੱਕ ਵਾਰ ਫਿਰ ਪ੍ਰਦਰਸ਼ਨ ਕੀਤਾ ਗਿਆ। ਆਰੀਆ ਨੇ ਦਾਅਵਾ ਕੀਤਾ ਕਿ ਪ੍ਰਦਰਸ਼ਨ ਦੌਰਾਨ ਜਾਰੀ ਪੋਸਟਰ ਵਿੱਚ ਮਰਹੂਮ ਇੰਦਰਾ ਗਾਂਧੀ ਨੂੰ ਉਸਦੇ ਅੰਗ ਰੱਖਿਅਕ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨਦੇ ਦਿਖਾਈ ਦੇ ਰਹੇ ਹਨ ਅਤੇ ਇੰਦਰਾ ਗਾਂਧੀ ਦਾ ਸਰੀਰ ਗੋਲੀਆਂ ਨਾਲ ਛੱਲਨੀ ਕੀਤਾ ਦਿਖਾਇਆ ਗਿਆ ਹੈ। ਉਨ੍ਹਾਂ ਦਸਿਆ ਕਿ ਇਸ ਪ੍ਰਦਰਸ਼ਨ ਤੋਂ ਬਾਅਦ ਕੈਨੇਡਾ ਰਹਿੰਦੇ ਕੁਝ ਭਾਜਪਾ ਪੱਖੀ ਪਰਿਵਾਰਾਂ ਨੇ ਇਤਰਾਜ਼ ਵੀ ਜਤਾਇਆ ਹੈ ਅਤੇ ਇਸ ਨੂੰ ਕੈਨੇਡੀਅਨ ਹਿੰਦੂਆਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਆਖਿਆ ਗਿਆ ਹੈ।

ਚੰਦਰ ਆਰੀਆ ਨੇ ਦਾਅਵਾ ਕੀਤਾ ਕਿ ਖ਼ਾਲਿਸਤਾਨੀ ਸਮਰਥਕ ਇੱਕ ਵਾਰ ਫਿਰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਪੋਸਟਰ ਲਗਾ ਕੇ ਹਿੰਦੂ-ਕੈਨੇਡੀਅਨਾਂ ਵਿੱਚ ਹਿੰਸਾ ਦਾ ਡਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੈਨੇਡੀਅਨ ਸੰਸਦ ਮੈਂਬਰ ਨੇ



ਕਿਹਾ ਕਿ ਜੇ ਇਸ ਨੂੰ ਚੁਣੌਤੀ ਨਾ ਦਿੱਤੀ ਗਈ ਤਾਂ ਇਹ ਅਸਲੀ ਬਣ ਸਕਦਾ ਹੈ। ਬੰਦੂਕਾਂ ਦੀਆਂ ਤਸਵੀਰਾਂ ਆਸਾਨੀ ਨਾਲ ਇੱਕ ਸੁਨੇਹਾ ਦੇਣ ਲਈ ਵਰਤੀਆਂ ਜਾ ਰਹੀਆਂ ਹਨ।

ਆਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਇੰਦਰਾ ਗਾਂਧੀ ਦੇ ਮੱਥੇ 'ਤੇ ਬਿੰਦੀ ਨੂੰ ਪ੍ਰਮੁੱਖਤਾ ਨਾਲ ਲਗਾਉਣ ਦਾ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਉਸ ਦਾ ਨਿਸ਼ਾਨਾ ਹਿੰਦੂ-ਕੈਨੇਡੀਅਨ ਸਨ। ਉਸ ਨੇ ਕਿਹਾ ਕਿ ਬਰੈਂਪਟਨ ਵਿੱਚ ਕੁਝ ਸਮਾਂ ਪਹਿਲਾਂ ਸਿੱਖਸ ਫਾਰ ਜਸਟਿਸ ਦੇ ਪੰਨੂ ਵੱਲੋਂ ਕੈਨੇਡੀਅਨ ਹਿੰਦੂਆਂ ਨੂੰ ਭਾਰਤ ਵਾਪਸ ਜਾਣ ਲਈ ਕਿਹਾ ਗਿਆ ਸੀ, ਇਸੇ ਤਰ੍ਹਾਂ ਦੀਆਂ ਧਮਕੀਆਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਕੈਨੇਡਾ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਖ਼ਾਲਿਸਤਾਨੀ ਸਮਰਥਕਾਂ ਵੱਲੋਂ ਇੰਦਰਾ ਗਾਂਧੀ ਦੀ ਹੱਤਿਆ ਦੇ ਪੋਸਟਰ ਲਗਾਉਣ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ, ਕੈਨੇਡੀਅਨ ਪਬਲਿਕ ਸੇਫਟੀ ਮੰਤਰੀ ਡੋਮਿਨਿਕ ਲੇਬਲਾਂਕ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰਨਾ ਕਦੇ ਵੀ ਸਵੀਕਾਰਯੋਗ ਨਹੀਂ ਹੈ।

## ਜਪਾਨ ਬਣਾਏਗਾ ਧਰਤੀ ਤੋਂ ਪੁਲਾੜ ਤੱਕ ਲਿਫ਼ਟ

ਟੋਕੀਓ/ਏ.ਟੀ.ਨਿਊਜ਼ : ਦੁਨੀਆਂ ਦੇ ਸਭ ਤੋਂ ਉੱਚੇ ਟਾਵਰ 'ਟੋਕੀਓ ਸਕਾਈਟ੍ਰੀ' ਨੂੰ ਬਣਾ ਚੁੱਕੀ ਜਪਾਨੀ ਕੰਪਨੀ ਓਬਾਯਾਸ਼ੀ ਕਾਰਪੋਰੇਸ਼ਨ ਦਾ ਟੀਚਾ 2050 ਤੱਕ ਸਪੇਸ ਐਲੀਵੇਟਰ ਬਣਾਉਣ ਦਾ ਹੈ। ਸਪੇਸ ਐਲੀਵੇਟਰ ਧਰਤੀ ਤੋਂ ਪੁਲਾੜ ਦੇ ਲਈ ਬਣਾਈ ਜਾਣ ਵਾਲੀ ਖਾਸ ਲਿਫ਼ਟ ਹੈ, ਜੋ ਪੁਲਾੜ ਵਿੱਚ ਜਾਣ ਦੀ ਲਾਗਤ ਘੱਟ ਕਰੇਗੀ। ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਸਪੇਸ ਐਲੀਵੇਟਰ ਬਣਨ ਨਾਲ 3 ਤੋਂ 4 ਮਹੀਨੇ ਜਾਂ ਸਿਰਫ਼ 40 ਦਿਨ ਵਿੱਚ ਮੰਗਲ ਗ੍ਰਹਿ 'ਤੇ ਪਹੁੰਚਣ ਵਿੱਚ ਮਦਦ ਮਿਲੇਗੀ। ਕੰਪਨੀ ਨੇ 2012 ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਸੀ ਕਿ ਉਹ 2025 ਵਿੱਚ ਕਰੀਬ 8.43 ਲੱਖ ਕਰੋੜ ਰੁਪਏ ਦੀ ਇਸ ਪਰੀਯੋਜਨਾ ਦਾ ਨਿਰਮਾਣ ਸ਼ੁਰੂ ਕਰ ਦੇਵੇਗੀ। ਹਾਲਾਂਕਿ, ਹੁਣ ਕੰਪਨੀ ਨੇ ਕਿਹਾ ਕਿ ਉਹ ਇਸ ਸਮੇਂ ਇਸ ਪਰੀਯੋਜਨਾ ਦੇ ਅਨੁਸੰਧਾਨ, ਵਿਕਾਸ, ਪ੍ਰਚਾਰ ਆਦਿ ਵਿੱਚ ਲੱਗੀ ਹੋਈ ਹੈ। ਇਸ ਕਾਰਨ ਕੰਪਨੀ ਅਗਲੇ ਸਾਲ ਸਪੇਸ ਐਲੀਵੇਟਰ ਨੂੰ ਬਣਾਉਣ ਦਾ ਕੰਮ ਸ਼ੁਰੂ ਨਹੀਂ ਕਰ ਸਕੇਗੀ।

**ਕੇਬਲ ਬਣਾਉਣ ਲਈ ਸਹੀ ਧਾਤੂ ਦੀ ਚੋਣ ਬਣੀ ਰੁਕਾਵਟ**

ਕੰਪਨੀ ਦੇ ਸਾਹਮਣੇ ਸਭ ਤੋਂ ਵੱਡੀ ਰੁਕਾਵਟ ਲਿਫਟ ਦੀ ਕੇਬਲ (ਤਾਰ) ਬਣਾਉਣ ਲਈ ਸਹੀ ਧਾਤੂ ਦੀ ਖੋਜ ਕਰਨਾ ਹੈ। ਇਹ ਕੇਬਲ ਘੱਟੋ ਘੱਟ 35 ਹਜ਼ਾਰ ਕਿਲੋਮੀਟਰ ਲੰਬੀ ਹੋਵੇਗੀ। ਸਟੀਲ ਵਰਗੀ ਧਾਤੂ ਦੀ ਵਰਤੋ ਸੰਭਵ ਨਹੀਂ ਹੈ, ਕਿਉਂਕਿ ਏਨੀ ਲੰਬੀ ਕੇਬਲ ਬਣਾਉਣ ਲਈ ਧਰਤੀ 'ਤੇ ਏਨਾ ਜ਼ਿਆਦਾ ਸਟੀਲ ਹੀ ਮੌਜੂਦ ਨਹੀਂ ਹੈ।

ਓਬਾਯਾਸ਼ੀ ਕਾਰਪੋਰੇਸ਼ਨ ਨੇ ਆਪਣੀ ਰਿਪੋਰਟ ਵਿੱਚ ਕਾਰਬਨ ਨੈਨੋ ਟਿਊਬ ਇਸਤੇਮਾਲ ਕਰਨ ਦੀ ਗੱਲ ਕਹੀ ਹੈ, ਪਰ ਹੁਣ ਤਕ ਵਿਗਿਆਨੀ ਇਸਦੀ ਸਿਰਫ 2 ਫੁੱਟ ਲੰਬੀ ਕੇਬਲ ਬਣਾ ਸਕੇ ਹਨ। ਨੈਨੋ ਟਿਊਬ ਪੈਂਸਿਲ ਵਿੱਚ ਇਸਤੇਮਾਲ ਕਰਨ ਵਾਲੀ ਸਮੱਗਰੀ ਗ੍ਰੇਫਾਈਟ ਤੋਂ ਬਣਾਈ ਜਾਂਦੀ ਹੈ। ਇਹ ਸਟੀਲ ਤੋਂ ਮਜ਼ਬੂਤ ਅਤੇ ਬਹੁਤ ਹਲਕੀ ਹੁੰਦੀ ਹੈ।

## ਬ੍ਰਿਟੇਨ : 5 ਹਜ਼ਾਰ ਸਾਲ ਪੁਰਾਣੇ ਲੱਕੜ ਦੇ ਢਾਂਚੇ ਦੇ ਰਹੱਸ ਨੂੰ ਸੁਲਝਾਉਣ ਦਾ ਦਾਅਵਾ

ਲੰਡਨ/ਏ.ਟੀ.ਨਿਊਜ਼ : ਬ੍ਰਿਟੇਨ ਦੇ ਨਾਰਫਾਕ ਵਿੱਚ ਸਮੁੰਦਰ ਵਿੱਚ ਕਰੀਬ 5 ਹਜ਼ਾਰ ਸਾਲ ਪਹਿਲਾਂ ਬਣੇ ਲੱਕੜ ਦੇ ਢਾਂਚੇ ਦਾ ਰਹੱਸ ਸੁਲਝਾਉਣ ਦਾ ਦਾਅਵਾ ਕੀਤਾ ਗਿਆ ਹੈ। 1999 ਵਿੱਚ ਪਹਿਲੀ ਵਾਰ ਸਮੁੰਦਰ ਵਿੱਚ ਮਿਲੇ ਸਟੋਨਹੇਂਜ ਵਰਗੇ ਇਸ ਢਾਂਚੇ ਨੂੰ ਸੀ-ਹੇਂਜ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਸ ਨੂੰ ਹੋਲਮੇ-1 ਨਾਮ ਦਿੱਤਾ ਗਿਆ ਹੈ। ਵਿਗਿਆਨੀ ਇਸ 'ਤੇ ਲੰਬੇ ਸਮੇਂ ਤੋਂ ਸਟੱਡੀ ਕਰ ਰਹੇ ਹਨ ਪਰ ਇਸ ਦੇ ਮਕਸਦ ਨੂੰ ਲੈ ਕੇ ਰਹੱਸ ਬਣਿਆ ਹੋਇਆ ਹੈ। ਕੁਝ ਵਿਗਿਆਨੀਆਂ ਦਾ ਦਾਅਵਾ ਹੈ ਕਿ ਇੱਕ ਹੀ ਲੱਕੜ ਤੋਂ ਬਣਾਏ ਗਏ ਸੀ-ਹੇਂਜ ਦਾ



ਮਕਸਦ ਇੱਕ ਸਮਾਰਕ ਬਣਾਉਣਾ ਅਤੇ ਵਾਤਾਵਰਣ ਅਤੇ ਦੇਵਤਾ ਦੀ ਪੂਜਾ ਕਰਨਾ ਹੋ ਸਕਦਾ ਹੈ। ਕਾਂਸੇ ਕਾਲ ਵਿੱਚ ਇਸ ਖੇਤਰ ਵਿੱਚ ਭਿਅੰਕਰ ਸਰਦੀਆਂ ਪੈ ਰਹੀਆਂ ਸਨ। ਬਾਅਦ ਵਿੱਚ ਇਹ ਸਮੁੰਦਰ ਵਿੱਚ ਸਮਾ ਗਿਆ।

# ਚੀਨ ਨੇ ਦੁਨੀਆਂ ਨੂੰ ਦਿਖਾਇਆ ਤਾਬੜਤੋੜ ਗੋਲੀਆਂ ਚਲਾਉਂਦਾ ਕੁੱਤਾ

## ਯੂ. ਐਸ. ਏਅਰ ਫੋਰਸ ਕੋਲ ਵੀ ਹੈ ਜੰਗਜੂ ਰੋਬੋਟ ਕੁੱਤਿਆਂ ਦੀ ਫ਼ੌਜ

## ਤਕਨੀਕ ਮਾਹਿਰ ਤੇ ਵਿਗਿਆਨੀ ਇਸ ਨੂੰ ਦਸ ਰਹੇ ਨੇ ਮਨੁੱਖਤਾ ਲਈ ਖ਼ਤਰਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਹਾਲ ਹੀ ਵਿੱਚ ਕੰਬੋਡੀਆ ਦੇ ਨਾਲ ਇੱਕ ਫੌਜੀ ਅਭਿਆਸ ਦੌਰਾਨ, ਚੀਨ ਦੀ ਫੌਜ ਨੇ ਦੁਨੀਆਂ ਨੂੰ ਪਹਿਲੀ ਵਾਰ ਇੱਕ ਰੋਬੋਟ ਕੁੱਤਾ ਦਿਖਾਇਆ ਹੈ, ਜਿਸਦੀ ਪਿੱਠ 'ਤੇ ਇੱਕ ਆਟੋਮੈਟਿਕ ਰਾਈਫਲ ਲੱਗੀ ਹੋਈ ਸੀ ਅਤੇ ਜੋ ਮਨੁੱਖ ਦੇ ਸਭ ਤੋਂ ਵਧੀਆ (ਇਲੈਕਟ੍ਰੋਨਿਕ) ਦੋਸਤ (ਕੁੱਤੇ) ਨੂੰ ਮਾਰਨ ਵਾਲੀ ਮਸ਼ੀਨ ਵਿੱਚ ਬਦਲ ਰਿਹਾ ਹੈ।

ਸੀ.ਸੀ.ਟੀ.ਵੀ. ਦੀ ਇੱਕ ਵੀਡੀਓ ਵਿੱਚ ਕਿਹਾ ਸੀ ਕਿ ਇਹ ਸਾਡੀਆਂ ਸ਼ਹਿਰੀ ਯੁੱਧ ਮੁਹਿੰਮਾਂ ਵਿੱਚ ਇੱਕ ਨਵੇਂ ਮੈਂਬਰ ਵਜੋਂ ਕੰਮ ਕਰ ਸਕਦਾ ਹੈ, ਜੋ ਟੋਹੀ ਅਪਰੇਸ਼ਨ ਅਤੇ ਦੁਸ਼ਮਣ ਦੀ ਪਛਾਣ ਕਰਨ ਅਤੇ ਮਿਥੇ ਨਿਸ਼ਾਨੇ ਉੱਪਰ ਹਮਲਾ ਕਰਨ ਦੇ ਲਈ ਸਾਡੇ ਸੈਨਿਕਾਂ ਦੀ ਥਾਂ ਲੈ ਸਕਦਾ ਹੈ।

ਚੀਨ-ਕੰਬੋਡੀਆ 'ਗੋਲਡਨ ਡਰੈਗਨ 2024' ਫ਼ੌਜੀ ਅਭਿਆਸ ਦੌਰਾਨ ਸ਼ੂਟ ਕੀਤੀ ਗਈ ਦੋ ਮਿੰਟ ਦੀ ਵੀਡੀਓ ਵਿੱਚ, ਰੋਬੋਟ ਕੁੱਤੇ ਨੂੰ ਇੱਕ ਰਿਮੋਟ ਅਪਰੇਟਰ ਦੇ ਕੰਟਰੋਲ ਨਾਲ ਚੱਲਦਾ, ਛਾਲ ਮਾਰਦਾ, ਲੇਟਦਾ ਅਤੇ ਪਿੱਛੇ ਵੱਲ ਮੁੜਦਾ ਵੀ ਦਿਖਾਇਆ ਗਿਆ ਹੈ। ਇਸ ਫ਼ੌਜੀ ਅਭਿਆਸ ਵਿੱਚ, ਰਾਈਫਲ-ਫਾਇਰਿੰਗ ਕਰਨ ਵਾਲਾ ਰੋਬੋਟ ਇੱਕ ਪੈਦਲ ਯੂਨਿਟ ਨੂੰ ਇੱਕ ਨਕਲੀ ਇਮਾਰਤ ਵਿੱਚ ਲਿਜਾਂਦਾ ਹੋਇਆ ਦਿਖਾਈ ਦਿੰਦਾ ਹੈ।

ਵੀਡੀਓ ਦੇ ਆਖਰੀ ਹਿੱਸੇ ਵਿੱਚ ਛੇ-ਰੋਟਰ ਏਰੀਅਲ ਡਰੋਨ ਦੇ ਹੇਠਾਂ ਇੱਕ ਆਟੋਮੈਟਿਕ ਰਾਈਫਲ ਵੀ ਦਿਖਾਈ ਗਈ ਹੈ, ਜੋ ਵੀਡੀਓ ਵਿੱਚ ਚੀਨ ਦੇ 'ਬੁੱਧੀਮਾਨ ਮਾਨਵ ਰਹਿਤ ਯੰਤਰਾਂ ਦੀ ਵਿਭਿੰਨਤਾ' ਨੂੰ ਪ੍ਰਦਰਸ਼ਿਤ ਕਰਦੀ ਹੈ।

ਰੋਬੋਟ ਕੁੱਤਿਆਂ ਅਤੇ ਛੋਟੇ ਹਵਾਈ ਡਰੋਨਾਂ ਦੀ ਫ਼ੌਜੀ ਵਰਤੋਂ ਕੋਈ ਨਵੀਂ ਗੱਲ ਨਹੀਂ ਹੈ। ਪਿਛਲੇ ਸਾਲ ਵੀ, ਚੀਨੀ ਮੀਡੀਆ ਸੀ.ਸੀ.ਟੀ.ਵੀ. ਦੇ ਇੱਕ ਵੀਡੀਓ ਵਿੱਚ ਚੀਨ ਦੇ ਰਾਈਫਲ ਨਾਲ ਲੈਸ ਇਲੈਕਟ੍ਰਾਨਿਕ ਕੁੱਤੇ ਚੀਨ ਵਿੱਚ ਆਯੋਜਿਤ ਚੀਨੀ, ਕੰਬੋਡੀਅਨ, ਲਾਓ, ਮਲੇਸ਼ੀਆ, ਥਾਈ ਅਤੇ ਵੀਅਤਨਾਮੀ ਫੌਜਾਂ ਨਾਲ ਸਾਂਝੇ ਅਭਿਆਸਾਂ ਵਿੱਚ ਦਿਖਾਏ ਗਏ ਸਨ।



**ਅਮਰੀਕਾ ਵੀ ਦਿਖਾ ਚੁੱਕਿਆ ਰੋਬੋਟ ਕੁੱਤਾ**

ਇਸ ਤੋਂ ਪਹਿਲਾਂ 2020 ਵਿੱਚ, ਯੂ.ਐਸ. ਏਅਰ ਫੋਰਸ ਨੇ ਦਿਖਾਇਆ ਕਿ ਕਿਵੇਂ ਉਸਨੇ ਆਪਣੇ ਐਡਵਾਂਸਡ ਬੈਟਲ ਮੈਨੇਜਮੈਂਟ ਸਿਸਟਮ (ਏ.ਬੀ.ਐਮ.ਐਸ.) ਵਿੱਚ ਰੋਬੋਟ ਕੁੱਤਿਆਂ ਦੀ ਵਰਤੋਂ ਕੀਤੀ ਹੈ, ਜੋ ਕਿ ਯੂ.ਐਸ. ਫ਼ੌਜੀ ਸੰਪਤੀਆਂ ਨੂੰ ਖ਼ਤਰੇ ਦਾ ਪਤਾ ਲਗਾਉਣ ਅਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਆਰਟੀਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਦਾ ਹੈ ਅਤੇ ਤੇਜ਼ੀ ਨਾਲ ਡਾਟਾ ਵਿਸ਼ਲੇਸ਼ਣ ਦੀ ਵਰਤੋਂ ਕਰਦਾ ਹੈ।

ਇਸ ਦੇ ਨਾਲ ਹੀ, 2022 ਵਿੱਚ ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ, ਜੰਗ ਦੇ ਮੈਦਾਨ ਵਿੱਚ ਜ਼ਮੀਨ, ਸਮੁੰਦਰ ਅਤੇ ਹਵਾ ਵਿੱਚ ਡਰੋਨਾਂ ਦੀ ਵਰਤੋਂ ਆਮ ਹੋ ਗਈ ਹੈ, ਜੋ ਕਿ ਵੱਡੇ ਜੰਗੀ ਜਹਾਜ਼ਾਂ 'ਤੇ ਵੀ ਹਮਲਾ ਕਰਨ ਦੇ ਸਮਰੱਥ ਹੋ ਚੁਕੇ ਸਨ।

ਯੂਕਰੇਨ ਵਿੱਚ ਜੰਗ ਦੇ ਮੈਦਾਨਾਂ ਵਿੱਚ ਦੇਖੇ ਗਏ ਡਰੋਨਾਂ ਦੀ ਘਾਤਕ ਸਮਰੱਥਾ ਉਹਨਾਂ ਨੂੰ ਸ਼ਾਨਦਾਰ ਹਥਿਆਰ ਬਣਾ ਦਿੱਤਾ ਹੈ, ਜਿਨ੍ਹਾਂ ਦਾ ਬਜਟ ਕਾਫ਼ੀ ਘੱਟ ਹੁੰਦਾ ਹੈ ਪਰ ਦੁਸ਼ਮਣ ਨੂੰ ਭਾਰੀ ਨੁਕਸਾਨ ਪਹੁੰਚਾਉਣ ਦੇ ਸਮਰੱਥ ਹੁੰਦਾ ਹੈ। ਚੀਨ ਦੁਨੀਆਂ ਦੇ ਪ੍ਰਮੁੱਖ ਡਰੋਨ ਨਿਰਯਾਤਕਾਂ ਵਿੱਚੋਂ ਇੱਕ ਹੈ, ਪਰ ਪਿਛਲੇ ਸਾਲ ਇਸਦੇ ਵਣਜ ਮੰਤਰਾਲੇ ਨੇ ਰਾਸ਼ਟਰੀ ਸੁਰੱਖਿਆ ਅਤੇ ਹਿੱਤਾਂ ਦੀ ਰੱਖਿਆ ਦੀ ਲੋੜ ਦਾ ਹਵਾਲਾ ਦਿੰਦੇ ਹੋਏ ਡਰੋਨ ਤਕਨਾਲੋਜੀ ਦੇ ਨਿਰਯਾਤ 'ਤੇ ਕੰਟਰੋਲ ਕਰ ਲਿਆ ਸੀ।

ਰੋਬੋਟ ਕੁੱਤਿਆਂ ਨੂੰ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ ਲਈ ਖ਼ਤਰਨਾਕ ਹਥਿਆਰ ਦੱਸਿਆ ਜਾ ਰਿਹਾ ਹੈ। ਇਸ ਦੇ ਨਾਲ ਹੀ, ਚੀਨ ਦੇ ਅਧਿਕਾਰਤ ਗਲੋਬਲ ਟਾਈਮਜ਼ ਦੇ ਅਨੁਸਾਰ, ਵਿਦੇਸ਼ੀ ਫ਼ੌਜਾਂ ਦੇ ਨਾਲ ਅਭਿਆਸਾਂ ਵਿੱਚ ਰੋਬੋਟ ਕੁੱਤਿਆਂ ਦੀ ਮੌਜੂਦਗੀ ਵਿਕਾਸ ਦੇ ਇੱਕ ਉੱਨਤ ਪੜਾਅ ਨੂੰ ਦਰਸਾਉਂਦੀ ਹੈ।

**ਜੰਗ ਵਿੱਚ ਫ਼ੌਜੀਆਂ ਦੀ ਥਾਂ ਰੋਬੋਟ ਬਣਨਗੇ ਜੰਗਜੂ**

ਕਿਲਰ ਰੋਬੋਟ ਦੇ ਜੰਗ ਵਿੱਚ ਇਸਤੇਮਾਲ ਦੇ ਵਿਚਾਰ ਨਾਲ ਕਈ ਲੋਕਾਂ ਨੂੰ ਚਾਹੇ ਹੈਰਾਨੀ ਹੋਵੇ ਪਰ ਸੱਚ ਇਹ ਹੈ ਕਿ ਦੁਨੀਆਂ ਭਰ 'ਚ ਹੁਣ ਵੀ ਅਜਿਹੀ ਤਕਨੀਕ ਵਿਕਸਿਤ ਕੀਤੀ ਜਾ ਰਹੀ ਹੈ।ਅਮਰੀਕਾ ਦੀ ਜਾਨ ਹਾਪਿਨਸ ਯੂਨੀਵਰਸਿਟੀ ਦੇ ਸੀਨੀਅਰ ਰਿਸਰਚ ਐਨਾਲਿਸਟ ਹੈਦਰ ਰਾਫ਼ ਕਹਿੰਦੇ ਹਨ, "ਚੀਨ ਆਪਣੀ ਸੈਨਾ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਹੈ। ਉਹ ਆਪਣੀ ਜਲ ਸੈਨਾ ਲਈ ਜਹਾਜ਼ਾਂ ਅਤੇ ਪਣਡੁੱਬੀਆਂ ਨੂੰ ਸਵੈਚਾਲਕ ਬਣਾ ਰਹੇ ਹਨ। ਇਜ਼ਰਾਈਲ ਜ਼ਮੀਨੀ ਹਥਿਆਰਾਂ ਮਸਲਨ ਟੈਂਕਾਂ ਅਤੇ ਤੋਪਾਂ ਨੂੰ ਬਿਹਤਰ ਬਣਾਉਣ ਵਿੱਚ ਲੱਗਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਰੂਸ ਵੀ ਜ਼ਮੀਨੀ ਉਪਕਰਣਾਂ 'ਤੇ ਕਾਫ਼ੀ ਰਕਮ ਖ਼ਰਚ ਕਰ ਰਿਹਾ ਹੈ। ਅਮਰੀਕਾ ਦੀ ਦਿਲਚਸਪੀ ਹਰ ਜਗ੍ਹਾ ਹੈ। ਏਅਰਫ਼ੋਰਸ, ਏਅਰਬੇਸ ਸਿਸਟਮ ਤੋਂ ਲੈ ਕੇ ਮਿਜ਼ਾਈਲ ਤੱਕ। ਯੂ.ਕੇ. ਵੀ ਆਪਣੀ ਹਵਾਈ ਸੈਨਾ ਅਤੇ ਜਲ ਸੈਨਾ ਦੀ ਸਮਰੱਥਾ ਵਧਾਉਣਾ ਚਾਹੁੰਦਾ ਹੈ।

ਅਹਿਮ ਗੱਲ ਇਹ ਹੈ ਕਿ ਹਾਲੇ ਜੋ ਸਾਰੇ ਹਥਿਆਰ ਵਿਕਸਿਤ ਹੋ ਰਹੇ ਹਨ, ਉਨ੍ਹਾਂ ਵਿੱਚੋਂ ਸਾਰੇ ਰੋਬੋਟ ਕਿਲਰ ਨਹੀਂ ਹੋਣਗੇ। ਪਰ ਕੁਝ ਹਥਿਆਰਾਂ ਅਤੇ ਦੇਸ਼ਾਂ ਨੂੰ ਲੈ ਕੇ ਹੈਦਰ ਫ਼ਿਕਰਮੰਦ ਨਜ਼ਰ ਆਉਂਦੇ ਹਨ। ਉਹ ਕਹਿੰਦੇ ਹਨ, 'ਪੱਛਮੀ ਦੇਸ਼ ਜੋਖ਼ਮ ਨੂੰ ਘੱਟ ਕਰਨਾ ਚਾਹੁੰਦੇ ਹਨ। ਉਹ ਆਪਣੇ ਸਿਸਟਮ ਨੂੰ ਭਰਪੂਰ ਟੈਸਟ ਕਰਦੇ ਹਨ ਪਰ ਰੂਸ ਜਲਦੀ ਵਿਕਸਿਤ ਕੀਤੇ ਗਏ ਉਪਕਰਣਾਂ ਨੂੰ ਜ਼ਿਆਦਾ ਟੈਸਟਿੰਗ ਕੀਤੇ ਬਿਨਾ ਹੀ ਤਾਇਨਾਤ ਕਰ ਦਿੰਦਾ ਹੈ। ਮੈਂ ਇਸੇ ਨੂੰ ਲੈ ਕੇ ਹੀ ਫ਼ਿਕਰਮੰਦ ਹਾਂ।' ਹੈਦਰ ਕਹਿੰਦੇ ਹਨ ਕਿ ਬਿਨਾ ਟੈਸਟ ਕੀਤੇ ਹੋਏ ਸਿਸਟਮ ਨੂੰ ਮੋਰਚੇ 'ਤੇ ਲਗਾਉਣਾ ਕਿਸੇ ਤਬਾਹੀ ਨੂੰ ਸੱਦਾ ਦੇਣ ਵਰਗਾ ਹੈ।

ਆਕਸਫ਼ੋਰਡ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫ਼ੈਸਰ ਟੌਮ ਸਿੰਪਸਨ ਨੇ ਜੰਗ ਦੇ ਪ੍ਰਭਾਵ ਨੂੰ ਸਮਝਣ ਵਿੱਚ ਕਈ ਸਾਲ ਲਗਾਏ ਹਨ। ਉਹ ਪੰਜ ਸਾਲਾਂ ਤੱਕ ਯੂ.ਕੇ. ਦੀ ਸੈਨਾ ਨਾਲ ਜੁੜੇ ਰਹੇ ਹਨ। ਤਕਨੀਕੀ ਅਤੇ ਸੁਰੱਖਿਆ ਨਾਲ ਜੁੜੇ ਸਵਾਲਾਂ ਵਿੱਚ ਉਨ੍ਹਾਂ ਦੀ ਦਿਲਚਸਪੀ ਲਗਾਤਾਰ ਬਣੀ ਹੋਈ ਹੈ। ਜੰਗ ਵਰਗੇ ਖ਼ਤਰਨਾਕ ਮੋਰਚਿਆਂ 'ਤੇ ਇਨਸਾਨਾਂ ਦੀ ਬਜਾਏ ਰੋਬੋਟ ਤਾਇਨਾਤ ਕਰਨ ਦੇ ਵਿਚਾਰ 'ਤੇ ਉਹ ਕਹਿੰਦੇ ਹਨ ਕਿ ਇਸ ਦੇ ਪੱਖ ਵਿੱਚ ਇੱਕ ਅਜਿਹਾ ਤਰਕ ਦਿੱਤਾ ਜਾਂਦਾ ਹੈ ਜੋ ਸਰਕਾਰਾਂ ਦੀ ਨੈਤਿਕ ਧਰਾਤਲ ਨੂੰ ਮਜ਼ਬੂਤ ਕਰ ਦਿੰਦਾ ਹੈ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਆਪਣੇ ਸੈਨਿਕਾਂ ਦੀ ਜਾਨ ਬਚਾਉਣ ਲਈ ਉਹ ਅਜਿਹੇ ਸਿਸਟਮ ਵਿਕਸਿਤ ਕਰਨ ਪਰ ਟੌਮ ਸੁਚੇਤ ਕਰਦੇ ਹਨ ਕਿ ਇਸ ਤਕਨੀਕ ਦੇ ਖ਼ਤਰੇ ਵੀ ਹਨ।

**ਮਸ਼ੀਨ ਕਰ ਸਕਦੀ ਹੈ ਗ਼ਲਤੀ**

ਆਕਸਫ਼ੋਰਡ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫ਼ੈਸਰ ਟੌਮ ਸਿੰਪਸਨ ਕਹਿੰਦੇ ਹਨ ਕਿ ਇਹ ਡਰ ਬਣਿਆ ਰਹਿੰਦਾ ਹੈ ਕਿ ਤਕਨੀਕ ਗ਼ਲਤ ਫ਼ੈਸਲੇ ਲੈ ਸਕਦੀ ਹੈ। ਇਹ ਅਜਿਹੇ ਲੋਕਾਂ ਦੀ ਜਾਨ ਲੈ ਸਕਦੀ ਹੈ, ਜਿਨ੍ਹਾਂ ਦੀ ਜਾਨ ਨਹੀਂ ਜਾਣੀ ਚਾਹੀਦੀ। ਇਸ ਬਾਰੇ ਵਿੱਚ ਜ਼ਿਕਰ ਕਰਨਾ ਸਹੀ ਵੀ ਹੈ। ਜੇ ਸੈਨਿਕ ਇੱਕ ਇਨਸਾਨ ਹੋਵੇ ਤਾਂ ਆਪਣੇ ਨਿਸ਼ਾਨੇ ਅਤੇ ਮਸੂਮ ਲੋਕਾਂ ਦਰਮਿਆਨ ਫ਼ਰਕ ਕਰਨ ਦੀ ਜ਼ਿੰਮੇਵਾਰੀ ਉਸਦੀ ਹੁੰਦੀ ਹੈ ਪਰ ਇੱਕ ਮਸ਼ੀਨ ਹਮੇਸ਼ਾਂ ਕਾਮਯਾਬੀ ਦੇ ਨਾਲ ਅਜਿਹਾ ਅੰਦਰ ਨਹੀਂ ਕਰ ਸਕੇਗੀ।

ਟੌਮ ਤੋਂ ਸਾਫ਼ਟਵੇਅਰ ਇੰਜੀਨੀਅਰ ਲੌਰਾ ਨੋਲੈਨ ਵੱਖਰੀ ਰਾਇ ਰੱਖਦੇ ਹਨ ਉਹ ਕਹਿੰਦੇ ਹਨ ਕਿ ਕੁਝ ਲੋਕ ਅਜਿਹਾ ਸੋਚਦੇ ਹਨ ਕਿ ਭਵਿੱਖ ਵਿੱਚ ਜੰਗ ਰੋਬੋਟਾਂ ਦਰਮਿਆਨ ਹੋਵੇਗੀ। ਰੋਬੋਟ ਸੈਨਿਕ ਲੜਨਗੇ ਤਾਂ ਅਜਿਹੀ ਜੰਗ ਵਿੱਚ ਖ਼ੂਨ ਨਹੀਂ ਵਹੇਗਾ। ਮੈਨੂੰ ਲੱਗਦਾ ਹੈ ਕਿ ਇਹ ਇੱਕ ਆਦਰਸ਼ਵਾਦੀ ਕਲਪਨਾ ਹੈ। ਅਸੀਂ ਜ਼ਿਆਦਾਤਰ ਮੌਕਿਆਂ 'ਤੇ ਅਜਿਹੀ ਸਥਿਤੀ ਦੇਖਾਂਗੇ ਕਿ ਇੰਨਾਂ ਮਸ਼ੀਨਾਂ ਨੂੰ ਇਨਸਾਨਾਂ ਨਾਲ ਮੁਕਾਬਲਾ ਕਰਨ ਲਈ ਤਾਇਨਾਤ ਕੀਤਾ ਗਿਆ ਹੈ ਇਹ ਕਾਫ਼ੀ ਦਰਦਨਾਕ ਸਥਿਤੀ ਹੋਵੇਗੀ।

ਲੌਰਾ ਨੋਲੈਨ ਟੇਕ ਕੰਪਨੀ 'ਗੂਗਲ' ਨਾਲ ਕੰਮ ਕਰਦੇ ਸਨ। ਸਾਲ 2017 ਵਿੱਚ ਉਨ੍ਹਾਂ ਨੂੰ ਅਮਰੀਕੀ ਸੁਰੱਖਿਆ ਵਿਭਾਗ ਦੇ ਨਾਲ ਇੱਕ ਪ੍ਰੋਜੈਕਟ 'ਤੇ ਕੰਮ ਕਰਨ ਲਈ ਕਿਹਾ ਗਿਆ। ਇਸ ਪ੍ਰੋਜੈਕਟ ਵਿੱਚ ਡਰੋਨ ਨਾਲ ਲਏ ਗਏ ਵੀਡੀਓ ਫ਼ੁਟੇਜ ਦਾ ਵਿਸ਼ਲੇਸ਼ਣ ਕਰਨ ਵਾਲੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਸਿਸਟਮ ਵਿਕਸਿਤ ਕਰਨੇ ਸਨ। ਇਹ ਹਥਿਆਰ ਵਿਕਸਿਤ ਕਰਨ ਦਾ ਪ੍ਰੋਜੈਕਟ ਨਹੀਂ ਸੀ ਪਰ ਲੌਰਾ ਇਸ ਨੂੰ ਲੈ ਕੇ ਫ਼ਿਕਰਮੰਦ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਉਹ ਇੱਕ ਅਜਿਹੀ ਆਰਟੀਫ਼ੀਸ਼ੀਅਲ ਤਕਨੀਕ ਦਾ ਹਿੱਸਾ ਹਨ ਜਿਸਦਾ ਰਸਤਾ ਕਿਤੇ ਨਾ ਕਿਤੇ ਜੰਗ ਵੱਲ ਜਾਂਦਾ ਹੈ।

(ਬਾਕੀ ਸਫ਼ਾ 30 'ਤੇ)

# ਇਜ਼ਰਾਈਲ-ਹਮਾਸ ਜੰਗ : ਗਾਜ਼ਾ ਦੇ 24 ਵੱਡੇ ਹਸਪਤਾਲ ਅਤੇ 80 ਫ਼ੀਸਦੀ ਸਕੂਲ ਤਬਾਹ

ਗਾਜ਼ਾ/ਏ.ਟੀ.ਨਿਊਜ਼ : ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਸ਼ੁਰੂ ਹੋਏ 248 ਦਿਨ ਹੋ ਗਏ ਹਨ। ਇਸ ਜੰਗ ਵਿੱਚ 37 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਹਨ। 24 ਘੰਟਿਆਂ ਅੰਦਰ 274 ਫਲਸਤੀਨੀ ਮਾਰੇ ਗਏ ਅਤੇ 698 ਜ਼ਖ਼ਮੀ ਹੋ ਗਏ। ਇਸ ਦੌਰਾਨ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਇਜ਼ਰਾਈਲੀ ਫੌਜ ਨੇ ਚਿੰਤਾਜਨਕ ਪੈਮਾਨੇ 'ਤੇ ਸਕੂਲਾਂ ਅਤੇ ਹਸਪਤਾਲਾਂ ਨੂੰ ਨਿਸ਼ਾਨਾ ਬਣਾਇਆ ਹੈ। ਹਮਲੇ ਦੀ ਸ਼ੁਰੂਆਤ ਤੋਂ ਲੈਕੇ ਹੁਣ ਤੱਕ ਗਾਜ਼ਾ ਵਿੱਚ 80% ਸਕੂਲ ਤਬਾਹ ਹੋ ਗਏ ਹਨ ਜਾਂ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਇਸ ਯੋਜਨਾਬੱਧ ਤਬਾਹੀ ਨੂੰ ਵਿੱਦਿਅਕ ਤਬਾਹੀ ਕਿਹਾ ਜਾ ਰਿਹਾ ਹੈ। ਰਿਪੋਰਟ ਮੁਤਾਬਕ 16 ਮਈ ਤੱਕ 6 ਲੱਖ 25 ਹਜ਼ਾਰ ਵਿਦਿਆਰਥੀ ਇਜ਼ਰਾਈਲੀ ਫ਼ੌਜ ਦੇ ਹਮਲੇ ਤੋਂ ਪ੍ਰਭਾਵਿਤ ਹੋਏ ਹਨ। ਇਸ ਦੇ ਨਾਲ ਹੀ 90 ਹਜ਼ਾਰ ਫਲਸਤੀਨੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਵੀ ਰੁਕ ਗਈ ਹੈ। ਇਜ਼ਰਾਈਲੀ ਫ਼ੌਜੀਆਂ ਦੇ ਹਮਲਿਆਂ 'ਚ ਸਿਰਫ ਸਕੂਲ ਹੀ ਨਹੀਂ ਤਬਾਹ ਹੋਏ ਹਨ। ਸੰਯੁਕਤ ਰਾਸ਼ਟਰ ਦੇ ਮਾਹਰਾਂ ਅਤੇ ਫਲਸਤੀਨੀ ਸਿੱਖਿਆ ਮੰਤਰਾਲੇ



ਅਨੁਸਾਰ ਅਪ੍ਰੈਲ 2024 ਤੱਕ ਗਾਜ਼ਾ ਵਿੱਚ ਘੱਟੋ ਘੱਟ 5,479 ਵਿਦਿਆਰਥੀ, 261 ਅਧਿਆਪਕ ਅਤੇ 95 ਯੂਨੀਵਰਸਿਟੀ ਦੇ ਪ੍ਰੋਫੈਸਰ ਇਜ਼ਰਾਈਲੀ ਫੌਜੀ ਕਾਰਵਾਈਆਂ ਵਿੱਚ ਮਾਰੇ ਗਏ ਹਨ। ਇਸ ਦੇ ਨਾਲ ਹੀ ਗਾਜ਼ਾ ਦੇ 24 ਵੱਡੇ ਹਸਪਤਾਲ ਵੀ ਜ਼ਮੀਨੀ ਹੋ ਗਏ ਹਨ।

ਫ਼ੌਜ ਨੇ ਗਾਜ਼ਾ ਦੀਆਂ 12 ਯੂਨੀਵਰਸਿਟੀਆਂ 'ਤੇ ਵੀ ਬੰਬਾਰੀ ਕੀਤੀ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਤਬਾਹ ਕਰ ਦਿੱਤਾ। ਇਸ ਦੇ ਨਾਲ ਹੀ ਫੌਜ ਨੇ ਹਮਲਿਆਂ ਵਿੱਚ ਲਾਇਬ੍ਰੇਰੀਆਂ, ਪ੍ਰਕਾਸ਼ਨ ਘਰ, ਸੱਭਿਆਚਾਰਕ ਕੇਂਦਰ, ਅਜਾਇਬ ਘਰ, ਕਿਤਾਬਾਂ, ਕਬਰਸਤਾਨ ਅਤੇ ਸਮਾਰਕਾਂ ਨੂੰ ਵੀ ਤਬਾਹ ਕਰ ਦਿੱਤਾ ਸੀ। ਫ਼ੌਜ ਨੇ ਗਾਜ਼ਾ ਦੀ ਸਭ ਤੋਂ ਮਹੱਤਵਪੂਰਨ ਅਲ ਅਕਸਾ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਬਚੇ ਹਿੱਸਿਆਂ ਨੂੰ ਵੀ ਅੱਗ ਲਗਾ ਦਿੱਤੀ ਅਤੇ ਬਲਦੀਆਂ ਕਿਤਾਬਾਂ ਦੇ ਸਾਹਮਣੇ ਬੈਠ ਕੇ ਫੋਟੋਆਂ ਖਿੱਚੀਆਂ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਇਜ਼ਰਾਈਲੀ ਫੌਜ ਨੇ ਅਜਿਹੇ ਅਦਾਰਿਆਂ 'ਤੇ ਹਮਲਾ ਕੀਤਾ ਹੈ। 1948 ਵਿੱਚ ਫਲਸਤੀਨੀ ਵਿਦਿਅਕ ਅਦਾਰਿਆਂ 'ਤੇ ਵੀ ਹਮਲਾ ਕੀਤਾ ਗਿਆ ਸੀ।

ਇਜ਼ਰਾਈਲੀ ਫੌਜ ਨੇ ਫਲਸਤੀਨ ਦੇ ਨੁਸੈਰਤ ਤੋਂ 4 ਇਜ਼ਰਾਈਲੀ ਬੰਧਕਾਂ ਨੂੰ ਛੁਡਾਉਣ ਲਈ 'ਸਮਰ ਸੀਡਜ਼' ਨਾਮ ਦਾ ਇੱਕ ਗੁੰਝਲਦਾਰ ਅਤੇ ਖਤਰਨਾਕ ਆਪ੍ਰੇਸ਼ਨ ਕੀਤਾ। ਫ਼ੌਜ ਨੇ ਬੰਧਕਾਂ ਨੂੰ ਛੁਡਾਉਣ ਲਈ ਅਡਵਾਂਸ ਮਾਡਲ ਹਥਿਆਰ ਅਤੇ ਆਪਰੇਸ਼ਨ ਲਈ ਵਿਸ਼ੇਸ਼ ਸਿਖਲਾਈ ਲਈ। ਇਸ ਮਿਸ਼ਨ ਵਿੱਚ ਇੱਕ ਵਿਸ਼ੇਸ਼ ਹੈਲੀਕਾਪਟਰ ਦੀ ਵੀ ਵਰਤੋਂ ਕੀਤੀ ਗਈ। ਫ਼ੌਜ ਮੁਤਾਬਕ ਸੰਘਣੀ ਆਬਾਦੀ ਦੇ ਵਿਚਕਾਰ ਬੰਧਕਾਂ ਨੂੰ ਰੱਖੇ ਜਾਣ ਕਾਰਨ ਇਹ ਮਿਸ਼ਨ ਬੇਹੱਦ ਚੁਣੌਤੀਪੂਰਨ ਸੀ। ਇਸ ਤੋਂ ਇਲਾਵਾ ਹਮਾਸ ਲਗਾਤਾਰ ਬੰਧਕਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾ ਰਿਹਾ ਸੀ, ਜਿਸ ਨਾਲ ਮਿਸ਼ਨ ਨੂੰ ਬਹੁਤ ਮੁਸ਼ਕਿਲ ਬਣਾ ਰਿਹਾ ਸੀ। ਹਵਾਈ ਸੈਨਾ ਅਤੇ 946 ਨੇ ਖੁਫੀਆ ਜਾਣਕਾਰੀ ਇਕੱਠੀ ਕੀਤੇ ਬਿਨਾਂ ਉਨ੍ਹਾਂ ਨੂੰ ਬਚਾਉਣ ਲਈ ਮਿਲ ਕੇ ਕੰਮ ਕੀਤਾ।

## ਜੂਨ '84 ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਨੋਵੇਲਾਰਾ ਵਿਖੇ ਮਹਾਨ ਗੁਰਮਤਿ ਸਮਾਗਮ



ਰੋਮ/ਏ.ਟੀ.ਨਿਊਜ਼: ਗੁਰੂ ਨਾਨਕ ਦੀ ਸਿੱਖੀ ਨੂੰ ਇਟਲੀ ਵਿੱਚ ਘਰ-ਘਰ ਪਹੁੰਚਾਉਣ ਵਾਲੇ ਪ੍ਰਥਮ ਗੁਰਦੁਆਰਾ ਸਾਹਿਬ ਸਿੰਘ ਸਭਾ ਨੋਵੇਲਾਰਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਵਿੱਚ ਵਾਪਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸ਼ੁੱਕਰਵਾਰ ਤੋਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਗਏ ਸਨ। ਜਿਨ੍ਹਾਂ ਦੇ ਭੋਗ ਐਤਵਾਰ ਸਵੇਰ ਵੇਲੇ ਪਾਏ ਗਏ। ਭੋਗ ਤੋਂ ਉਪਰੰਤ ਸਵੇਰ ਦੇ ਦੀਵਾਨਾਂ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਦੇ ਬੱਚਿਆਂ ਵੱਲੋਂ ਕੀਰਤਨ ਦੀ ਹਾਜ਼ਰੀ ਨਾਲ ਕੀਤੀ ਗਈ। ਉਪਰੰਤ ਵੱਖ-ਵੱਖ ਬੁਲਾਰਿਆਂ ਵੱਲੋਂ ਜੂਨ 1984 ਵਿੱਚ ਵਾਪਰੇ ਘੱਲੂਘਾਰੇ ਦੇ ਅਤੇ ਸਿੱਖ ਰਾਜ ਦੇ ਸੰਕਲਪ ਬਾਰੇ ਪਹੁੰਚੀਆਂ ਸੰਗਤਾਂ ਨਾਲ ਵਿਚਾਰ ਵਟਾਂਦਰੇ ਕੀਤੇ ਗਏ। ਪੰਜਾਬ ਦੀ ਧਰਤੀ ਤੋਂ ਪਹੁੰਚੇ ਪੰਥ ਅਤੇ ਸੰਸਾਰ ਪ੍ਰਸਿੱਧ ਢਾਡੀ ਜਥਾ ਗਿਆਨੀ ਕਸ਼ਮੀਰ ਸਿੰਘ ਕਾਦਰ ਵੱਲੋਂ ਘੱਲੂਘਾਰੇ ਦੇ ਸਬੰਧ ਵਿੱਚ ਕਵੀਸ਼ਰੀ ਵਾਰਾਂ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਨੇ ਪ੍ਰਸੰਗ ਸੁਣਾਉਂਦਿਆਂ ਜੂਨ 1984 ਦੇ ਹਕੂਮਤ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤੇ ਗਏ ਹਮਲੇ ਦੇ ਸੀਨ ਲੋਕਾਂ ਦੀਆਂ ਅੱਖਾਂ ਸਾਹਮਣਿਓਂ ਹੂ-ਬ-ਹੂ ਘੁਮਾ ਦਿੱਤੇ। ਉਥੇ ਹੀ ਜਥੇ ਦੇ ਸਿੰਘਾਂ ਵੱਲੋਂ ਵਾਰਾਂ ਵੀ ਬਹੁਤ ਹੀ ਜੋਸ਼ ਨਾਲ ਸੁਣਾਈਆਂ ਗਈਆਂ। ਦੀਵਾਨ ਹਾਲ ਵਿੱਚ ਜਿੱਥੇ ਵੈਰਾਗ ਦਾ ਮਾਹੌਲ ਸੀ ਉਥੇ ਹੀ ਜੋਸ਼ ਵੀ ਵੇਖਣ ਨੂੰ ਮਿਲਿਆ। ਦੀਵਾਨਾਂ ਦੀ ਸਮਾਪਤੀ ਵੇਲੇ ਢਾਡੀ ਜਥੇ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾਉ ਦੀ ਬਖਸ਼ਿਸ਼ ਕੀਤੀ ਗਈ। ਗਰਮੀ ਦਾ ਮੌਸਮ ਹੋਣ ਕਾਰਨ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ਗਈਆਂ ਸਨ। ਇਸ ਮੌਕੇ 'ਤੇ ਗੁਰੂ ਸਾਹਿਬ ਵੱਲੋਂ ਬਖਸ਼ੇ ਹੋਏ ਭੰਡਾਰਿਆਂ ਵਿੱਚੋਂ ਲੰਗਰ ਅਤੁੱਟ ਵਰਤਾਏ ਗਏ।

# ਖਿਡੌਣੇ ਬਣਾਉਣ ਵਾਲੀ ਦੁਨੀਆਂ ਦੀ ਨੰਬਰ ਵੰਨ ਕੰਪਨੀ ਹੈ ਲੇਗੋ

## ਇੱਕ ਸਮੇਂ ਦੀਵਾਲੀਆ ਹੋਣ ਲੱਗੀ ਸੀ ਕੰਪਨੀ ਲੇਗੋ

ਜਦੋਂ ਵੀ ਖਿਡੌਣਿਆਂ ਦੀ ਗੱਲ ਚੱਲਦੀ ਹੈ ਤਾਂ ਖਿਡੌਣਿਆਂ ਦੀ ਪ੍ਰਸਿੱਧ ਕੰਪਨੀ 'ਲੇਗੋ' ਦਾ ਨਾਮ ਉਭਰ ਕੇ ਸਾਹਮਣੇ ਆ ਜਾਂਦਾ ਹੈ। ਦੁਨੀਆਂ ਭਰ ਦੇ ਬੱਚਿਆਂ ਨੂੰ ਇਸ ਕੰਪਨੀ ਦੇ ਬਣਾਏ ਖਿਡੌਣੇ ਬਹੁਤ ਪਸੰਦ ਹਨ। ਇਸ ਕਰਕੇ ਦੁਨੀਆਂ ਭਰ ਵਿੱਚ ਇਸ ਕੰਪਨੀ ਦੇ ਹੀ ਸਭ ਤੋਂ ਜ਼ਿਆਦਾ ਖਿਡੌਣੇ ਵਿਕਦੇ ਹਨ। ਜਿਸ ਕਾਰਨ ਇਹ ਕੰਪਨੀ ਵੱਡਾ ਮੁਨਾਫ਼ਾ ਕਮਾ ਰਹੀ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਕਿਸੇ ਸਮੇਂ ਖਿਡੌਣਿਆਂ ਦੀ ਪ੍ਰਸਿੱਧ ਕੰਪਨੀ ਲੇਗੋ ਦਿਵਾਲੀਆ ਹੋਣ ਦੇ ਕਿਨਾਰੇ ਵੀ ਪਹੁੰਚ ਗਈ ਸੀ ਪਰ ਇਸ ਕੰਪਨੀ ਨੇ ਆਪਣੇ ਆਪ ਨੂੰ ਸਖ਼ਤ ਮਿਹਨਤ ਨਾਲ ਸੰਭਾਲਿਆ ਅਤੇ ਮੁੜ ਦੁਨੀਆਂ ਵਿੱਚ ਉੱਚਾ ਮੁਕਾਮ ਹਾਸਲ ਕੀਤਾ। ਹੁਣ ਹਾਲ ਇਹ ਹੋ ਗਿਆ ਹੈ ਕਿ ਦੁਨੀਆਂ ਦੇ ਸਭ ਤੋਂ ਪ੍ਰਸਿੱਧ ਖਿਡੌਣੇ ਕਿਹੜੇ ਹਨ ? ਇੰਟਰਨੈਟ 'ਤੇ ਜੇ ਤੁਸੀਂ ਇਹ ਖੋਜੋਗੇ ਤਾਂ ਲੇਗੋ ਬ੍ਰਿਕਸ ਦੇ ਖਿਡੌਣੇ ਟੌਪ ਸਰਚ ਵਿੱਚ ਦਿਖਾਈ ਦੇਣਗੇ। ਪਲਾਸਟਿਕ ਦੇ ਬਲਾਕਸ ਨੂੰ ਜੋੜ ਕੇ ਵੱਖ- ਵੱਖ ਆਕ੍ਰਿਤੀਆਂ ਵਿੱਚ ਢਲ ਜਾਣ ਵਾਲੇ ਇਹ ਖਿਡੌਣੇ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ ਅਤੇ ਇਸ ਲਈ ਲੇਗੋ ਬ੍ਰਿਕਸ ਬਣਾਉਣ ਵਾਲੀ 'ਲੇਗੋ' ਦੁਨੀਆਂ ਦੀ ਨੰਬਰ ਵੰਨ ਖਿਡੌਣਾ ਨਿਰਮਾਤਾ ਕੰਪਨੀ ਬਣੀ ਹੋਈ ਹੈ। ਨਾਟ੍ਰ ਡਾਮ ਚਰਚ ਦੀ ਰੇਪਿਲਕਾ ਨੂੰ ਲੇਗੋ ਬ੍ਰਿਕਸ ਦੇ ਰੂਪ ਵਿੱਚ ਪੇਸ਼ ਕਰਕੇ ਕੰਪਨੀ ਚਰਚਾ ਵਿੱਚ ਬਣੀ ਹੋਈ ਹੈ। ਇਸ ਕੰਪਨੀ ਦੀ ਕੇਸ ਹਿਸਟ੍ਰੀ ਅੱਜ ਗੂਗਲ, ਏਡੀਡਾਸ ਵਰਗੀਆਂ



ਵੱਡੀਆਂ ਕੰਪਨੀਆਂ ਵਿੱਚ ਵੀ ਪੜ੍ਹਾਈ ਜਾਂਦੀ ਹੈ।

28 ਜਨਵਰੀ ਨੂੰ ਅੰਤਰਰਾਸ਼ਟਰੀ ਲੇਗੋ ਦਿਵਸ ਵੀ ਮਨਾਇਆ ਜਾਂਦਾ ਹੈ। 2.5 ਕਰੋੜ ਲੇਗੋ ਬ੍ਰਿਕਸ ਨੂੰ ਮਿਲਾ ਕੇ ਡੈਨਮਾਰਕ ਵਿੱਚ ਲੇਗੋ ਮਿਊਜ਼ੀਅਮ ਬਣਾਇਆ ਗਿਆ ਹੈ। ਡੈਨਮਾਰਕ ਵਿੱਚ ਹੀ ਕੰਪਨੀ ਦਾ ਮੁੱਖ ਦਫ਼ਤਰ ਹੈ। ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਦੇ ਅਨੁਸਾਰ ਲੇਗੋ ਸਭ ਤੋਂ ਵੱਡੀ ਟਾਇਰ ਨਿਰਮਾਤਾ ਕੰਪਨੀ ਵੀ ਹੈ। ਇਹ ਖਿਡੌਣਿਆਂ ਦੇ ਲਈ ਛੋਟੇ ਟਾਇਰ ਬਣਾਉਂਦੀ ਹੈ। ਕ੍ਰਿਸਮਿਸ ਦੌਰਾਨ ਦੁਨੀਆਂ ਭਰ ਦੇ ਹਰ ਸੈਂਕਿਡ 28 ਲੇਗੋ ਸੇਟਸ ਦੀ ਵਿਕਰੀ ਹੁੰਦੀ ਹੈ।

**1932 ਵਿੱਚ ਸ਼ੁਰੂ ਹੋਈ ਸੀ ਕੰਪਨੀ:** ਸਾਲ 1932 ਵਿੱਚ ਡੈਨਮਾਰਕ ਵਿੱਚ ਕਾਰਪੈਂਟਰ ਓਲੇ ਕਿਰਕ ਕ੍ਰਿਸਿਟਯਾਂਸਨ ਨੇ ਲੱਕੜ ਦੇ ਖਿਡੌਣੇ ਵਰਗੇ ਕਾਰ, ਜਹਾਜ਼ ਬਣਾ ਕੇ ਇਸ ਕੰਪਨੀ ਦੀ ਨੀਂਹ ਰੱਖੀ। ਉਥੇ ਤਿੰਨ ਸਾਲ ਬਾਅਦ ਨਾਮ ਬਦਲ ਕੇ 'ਲੇਗੋ' ਕਰ ਦਿੱਤਾ। ਇਹ ਦੋ ਡੇਨਿਸ਼ ਸ਼ਬਦ ਲੇਗ-ਗਾਡਟ ਨੂੰ ਮਿਲਾ ਕੇ ਬਣਿਆ ਹੈ, ਜਿਸ ਦਾ ਅਰਥ ਹੈ 'ਚੰਗੀ ਤਰ੍ਹਾਂ ਖੇਡੋ।'

ਲੇਗੋ ਬ੍ਰਿਕਸ ਦਾ ਮੂਲ ਆਈਡੀਆ ਇੰਗਲੈਂਡ ਦੇ ਹੈਰੀ ਫਿਸ਼ਰ



ਦਾ ਸੀ। ਸਾਲ 1939 ਵਿੱਚ ਇਸ ਦੀ ਖੋਜ ਦੇ ਬਾਅਦ ਫਿਸ਼ਰ ਨੇ ਇਸ ਦਾ ਪੇਟੈਂਟ ਲਿਆ ਅਤੇ ਇਸ ਨੂੰ ਕਿਡੀਕ੍ਰਾਫਟ ਬਲਾਕਸ ਨੂੰ ਵੇਚ ਦਿੱਤਾ। ਸਾਲ 1958 ਵਿੱਚ ਕੁਝ ਬਦਲਾਓ ਦੇ ਬਾਅਦ ਕੰਪਨੀ ਨੇ ਨਵਾਂ ਪੇਟੈਂਟ ਲੈ ਲਿਆ। ਇਸ ਵਿੱਚ ਲੇਗੋ ਬ੍ਰਿਕਸ ਦੇ ਅੰਦਰ ਪਤਲੀ ਟਿਊਬ ਇਜ਼ਾਦ

## 28 ਜਨਵਰੀ ਨੂੰ ਮਨਾਇਆ ਜਾਂਦਾ ਹੈ ਅੰਤਰਰਾਸ਼ਟਰੀ ਲੇਗੋ ਦਿਵਸ

ਕੀਤੀ। ਉਦੋਂ ਤੋਂ ਕੰਪਨੀ ਇਸੇ ਕਨਸੈਪਟ ਦੇ ਆਧਾਰ 'ਤੇ ਆਪਣੇ ਖਿਡੌਣੇ ਬਣਾਉਂਦੀ ਹੈ। ਲੇਗੋ ਦਾ ਮਾਲਿਕਾਨਾ ਹੱਕ ਸ਼ੁਰੂਆਤ ਤੋਂ ਹੀ ਕਿਰਕ ਪਰਿਵਾਰ ਦੇ ਕੋਲ ਹੀ ਰਿਹਾ।

**ਸਿਰਫ਼ ਬ੍ਰਿਕਸ ਅਤੇ ਮਿਨੀਫਿਗਰ ਬਣਾ ਕੇ ਦੁਨੀਆਂ ਵਿੱਚ ਨੰਬਰ ਵੰਨ ਬਣੀ :** ਲੇਗੋ ਜਿਸ ਬ੍ਰਿਕਸ ਕਾਨਸੈਪਟ ਦੇ ਆਧਾਰ 'ਤੇ 50 ਦੇ ਦਹਾਕੇ ਤੋਂ ਖਿਡੌਣੇ ਵੇਚ ਰਹੀ ਸੀ, ਹੁਣ ਵੀ ਉਸੇ ਵਪਾਰਕ ਮਾਡਲ ਤੋਂ ਪੈਸੇ ਕਮਾ ਰਹੀ ਹੈ। ਦੁਨੀਆਂ ਦੀਆਂ ਵੱਡੀਆਂ ਖਿਡੌਣਾ ਕੰਪਨੀਆਂ ਜਿਵੇਂ ਮੈਟਲ ਅਤੇ ਬਾਰਬੀ ਡਾਲ ਬਣਾਉਣ ਵਾਲੀ ਹੈਸਬ੍ਰੋ ਦੇ ਕੋਲ ਹਜ਼ਾਰਾਂ ਤਰ੍ਹਾਂ ਦੇ ਖਿਡੌਣੇ ਅਤੇ ਬ੍ਰਾਂਡ ਹਨ ਪਰ ਲੇਗੋ ਅਜੇ ਵੀ ਸਿਰਫ਼ ਲੇਗੋ ਬ੍ਰਿਕਸ ਅਤੇ ਮਿਨੀਫਿਗਰ ਬਣਾਉਂਦੀ ਹੈ। ਲੇਗੋ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਮੁਨਾਫ਼ਾ ਕਮਾਉਣ ਵਾਲੀ ਖਿਡੌਣਾ ਨਿਰਮਾਤਾ ਕੰਪਨੀ ਹੈ। ਸਸਤਾ ਪਲਾਸਟਿਕ ਖਰੀਦ ਕੇ ਉਸ ਨੂੰ ਮਹਿੰਗੇ ਖਿਡੌਣਿਆਂ ਵਿੱਚ ਤਬਦੀਲ ਕਰ ਦਿੰਦੀ ਹੈ। ਇਸ ਕੰਪਨੀ ਦੀ ਕਮਾਈ ਮੈਟਲ ਅਤੇ ਹੈਸਬ੍ਰੋ ਤੋਂ 50 ਫੀਸਦੀ ਤੱਕ ਜ਼ਿਆਦਾ ਹੈ। ਲੇਗੋ ਹੁਣ ਫੀਚਰ ਫ਼ਿਲਮ ਬਣਾ ਰਹੀ ਹੈ, ਟੀ.ਵੀ. ਸ਼ੋਅ ਕਰ ਰਹੀ ਹੈ। ਨਵੇਂ ਨਵੇਂ ਪਾਤਰ ਬਣਾ ਰਹੀ ਹੈ ਅਤੇ ਉਹਨਾਂ ਦਾ ਆਈ.ਪੀ. ਅਧਿਕਾਰ ਵੀ ਹਾਸਲ ਕਰ ਰਹੀ ਹੈ।

ਸਾਲ 2014 ਵਿੱਚ ਆਈ 'ਦ



ਲੇਗੋ' ਮੂਵੀ ਤੋਂ ਕੰਪਨੀ ਦੇ ਮੁਨਾਫੇ ਅਤੇ ਬ੍ਰਾਂਡ ਵੈਲਿਊ ਵਿੱਚ ਵਾਧਾ ਹੋਇਆ। ਕੰਪਨੀ ਖਿਡੌਣਿਆਂ ਦੇ ਇਲਾਵਾ ਸਿੱਖਿਆ ਸਬੰਧੀ ਸਮਾਨ ਵੀ ਬਣਾਉਂਦੀ ਹੈ।

**ਸੋਨੀ-ਐਡੀਡਾਸ ਵਰਗੀਆਂ ਕੰਪਨੀਆਂ ਵਿੱਚ ਪੜਾਇਆ ਜਾਂਦਾ ਹੈ ਇਤਿਹਾਸ:** ਸਾਲ 2003 ਤੱਕ ਆਉਂਦੇ ਆਉਂਦੇ ਕੰਪਨੀ ਦਿਵਾਲੀਆ ਹੋਣ ਦੇ ਕਿਨਾਰੇ ਪਹੁੰਚ ਗਈ ਸੀ। 800 ਮਿਲੀਅਨ ਡਾਲਰ ਦਾ ਕਰਜ਼ ਹੋ ਗਿਆ। ਕੰਪਨੀ ਨੇ ਹੜਬੜੀ ਵਿੱਚ ਖਿਡੌਣਿਆਂ ਤੋਂ ਧਿਆਨ ਹਟਾ ਕੇ ਹੋਰ ਖੇਤਰਾਂ ਵਿੱਚ ਵਿਸਤਾਰ ਕੀਤਾ। ਲੜਕੀਆਂ ਲਈ ਜਵੈਲਰੀ, ਕੱਪੜਿਆਂ ਦਾ ਬ੍ਰਾਂਡ, ਥੀਮ ਪਾਰਕ, ਵੀਡੀਓ ਗੇਮ ਵੀ ਬਣਾਏ ਅਤੇ ਟੌਆਏ ਮੇਕਰ ਲਾਈਫ਼ਸਟਾਈਲ ਕੰਪਨੀ ਬਣ ਗਈ।

ਫਿਰ ਕੰਪਨੀ ਵਿੱਚ ਐਂਟਰੀ ਹੋਈ ਨਵੇਂ ਸੀ.ਈ.ਓ. ਵਿਗ ਨੁਦਸਤੋਰਪ ਦੀ, ਉਹਨਾਂ ਨੇ ਮੂਲ ਵਪਾਰ 'ਤੇ ਵਾਪਸੀ ਕੀਤੀ। ਲੇਗੋ ਦੀ ਵਾਪਸੀ, ਕਾਰਪੋਰੇਟਸ ਇਤਿਹਾਸ ਦੀ ਸਭ ਤੋਂ ਸ਼ਾਨਦਾਰ ਵਾਪਸੀ ਕਹੀ ਜਾਂਦੀ ਹੈ। ਸੋਨੀ, ਐਡੀਡਾਸ, ਬੋਇੰਗ ਵਰਗੀਆਂ ਕੰਪਨੀਆਂ ਵਿੱਚ ਲੇਗੋ ਦੀ ਕਹਾਣੀ ਪੜ੍ਹਨ ਦੀ ਸਲਾਹ ਦਿੱਤੀ ਜਾਣ ਲੱਗੀ। ਗੂਗਲ ਵਿੱਚ ਇਨੋਵੇਸ਼ਨ ਦੇ ਲਈ ਕਰਮਚਾਰੀਆਂ ਨੂੰ ਲੇਗੋ ਬ੍ਰਿਕਸ ਦਾ ਇਸਤੇਮਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਲੇਗੋ ਨੂੰ ਖਿਡੌਣਿਆਂ ਵਿੱਚ 'ਐਪਲ' ਤੱਕ ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਸ ਦਾ ਜਬਰਦਸਤ ਮੁਨਾਫ਼ਾ ਹੈ। ਸਾਫਟਵੇਅਰ ਕੰਪਨੀਆਂ ਦੀ ਤਰ੍ਹਾਂ ਇਸ ਪ੍ਰਾਫਿਟ ਮਾਰਜਨ ਬਹੁਤ ਜ਼ਿਆਦਾ ਹੈ।

3644 ਪੇਟੈਂਟਸ ਅਤੇ ਕਾਪੀ ਰਾਈਟ ਹਨ ਲੇਗੋ ਦੇ ਕੋਲ, ਜਿਨ੍ਹਾਂ ਵਿਚੋਂ 69 ਫ਼ੀਸਦੀ ਅਜੇ ਵੀ ਸਰਗਰਮ ਹਨ। 75 ਫ਼ੀਸਦੀ ਸ਼ੇਅਰ ਕਿਰਕ ਪਰਿਵਾਰ ਦੇ ਕੋਲ ਹਨ। 25 ਫ਼ੀਸਦੀ ਸ਼ੇਅਰ ਲੇਗੋ ਫਾਉਂਡੇਸ਼ਨ ਦੇ ਕੋਲ ਹਨ। ਇੱਕ ਹਜ਼ਾਰ ਨਵੇਂ ਕੈਰੇਟਰ ਸਾਲ 2023 ਵਿੱਚ ਲੇਗੋ ਨੇ ਬਾਜ਼ਾਰ ਵਿੱਚ ਪੇਸ਼ ਕੀਤੇ ਹਨ। ਪਿਛਲੇ ਸਾਲ 80 ਹਜ਼ਾਰ ਕਰੋੜ ਰੁਪਏ ਦੀ ਸੇਲ ਰਹੀ, ਮੁਨਾਫ਼ੇ ਵਿੱਚ ਵੀ ਵਾਧਾ ਹੋਇਆ।

ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਇਸ ਕੰਪਨੀ ਨੇ ਜੋ ਇਤਿਹਾਸ ਸਿਰਜਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਹੀ ਕਾਰਨ ਹੈ ਕਿ ਅੱਜ ਸੋਨੀ, ਐਡੀਡਾਸ ਅਤੇ ਹੋਰ ਕੰਪਨੀਆਂ ਵਿੱਚ ਇਸ ਕੰਪਨੀ ਦੀ ਸ਼ੁਰੂਆਤ, ਦੀਵਾਲੀਆ ਹੋਣ ਦੇ ਨੇੜੇ ਪਹੁੰਚਣ ਅਤੇ ਉਸ ਤੋਂ ਬਾਅਦ ਮੁੜ ਉਭਰਨ ਬਾਰੇ ਪੜਾਇਆ ਜਾਂਦਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਅਕਾਲੀ ਦਲ ’ਚ ਅੰਦਰੂਨੀ ਕਲੇਸ਼ ਵਧਿਆ, ਸੁਖਬੀਰ ਦੀ ਕਾਰਜਸ਼ੈਲੀ ’ਤੇ ਉੱਠੇ ਸਵਾਲ

## ਦਸ ਸੀਟਾਂ ਉੱਪਰ ਜ਼ਮਾਨਤਾਂ ਜ਼ਬਤ ਹੋਣ ਕਾਰਨ ਅਕਾਲੀ ਦਲ ਦਾ ਵਜੂਦ ਖ਼ਤਰੇ ਵਿੱਚ

### ਅਕਾਲੀ ਆਗੂਆਂ ਨੇ ਸੁਖਬੀਰ ਨੂੰ ਹਾਰ ਲਈ ਜ਼ਿੰਮੇਵਾਰ ਠਹਿਰਾਇਆ, ਅਸਤੀਫ਼ੇ ਦੀ ਮੰਗ





ਪੰਜਾਬ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਸਾਫ਼ ਹੋ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਆਪਣਾ ਆਧਾਰ ਗੁਆ ਚੁੱਕਾ ਹੈ। 13 ਸੀਟਾਂ ’ਤੇ ਚੋਣ ਲੜ ਰਹੇ ਅਕਾਲੀ ਦਲ ਦੇ 10 ਉਮੀਦਵਾਰਾਂ ਦੀ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਪੰਜਾਬ ਵਿੱਚ ਅਕਾਲੀ ਦਲ ਸਿਰਫ਼ ਇੱਕ ਸੀਟ ਜਿੱਤ ਸਕਿਆ ਅਤੇ 11 ਸੀਟਾਂ ’ਤੇ ਚੌਥੇ ਸਥਾਨ ’ਤੇ ਰਿਹਾ। ਜਦਕਿ ਸੰਗਰੂਰ ਸੀਟ ’ਤੇ ਅਕਾਲੀ ਦਲ 5ਵੇਂ ਸਥਾਨ ’ਤੇ ਪਹੁੰਚ ਗਿਆ ਹੈ।

ਕਿਸੇ ਸਮੇਂ ਸ਼੍ਰੋਮਣੀ ਅਕਾਲੀ ਦਲ ਇੱਕ ਵੱਡੀ ਖੇਤਰੀ ਸਿਆਸੀ ਤਾਕਤ ਹੋਣ ਦੇ ਨਾਲ-ਨਾਲ ਰਾਸ਼ਟਰੀ ਰਾਜਨੀਤੀ ਵਿੱਚ ਵੀ ਆਪਣਾ ਪ੍ਰਭਾਵ ਰੱਖਦਾ ਸੀ। ਪਰ ਪਾਰਟੀ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦਾ ਪੁੱਤਰ ਪ੍ਰਤੀ ਪਿਆਰ ਸ਼੍ਰੋਮਣੀ ਅਕਾਲੀ ਦਲ ਨੂੰ ਮਹਿੰਗਾ ਸਾਬਤ ਹੋਇਆ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕਈ ਸੀਨੀਅਰ ਆਗੂਆਂ ਨੇ ਉਨ੍ਹਾਂ ਦੀ ਅਣਗਹਿਲੀ ਕਾਰਨ ਪਾਰਟੀ ਤੋਂ ਦੂਰੀ ਬਣਾ ਲਈ, ਜਦਕਿ ਕੁਝ ਆਗੂਆਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ। ਅੱਜ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਆਪਣੇ ਆਪ ਵਿੱਚ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਸੂਝ ’ਤੇ ਸਵਾਲੀਆ ਨਿਸ਼ਾਨ ਹੈ।

ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਭਰ ਵਿੱਚ ਕੱਢੀ ਗਈ ‘ਪੰਜਾਬ ਬਚਾਓ ਯਾਤਰਾ’ ਅਸਲ ਵਿੱਚ ਪਰਿਵਾਰ ਬਚਾਓ ਯਾਤਰਾ ਸਾਬਤ ਹੋਈ ਹੈ। ਸਿਰਫ਼ ਬਠਿੰਡਾ ਸੀਟ ’ਤੇ ਸੁਖਬੀਰ ਬਾਦਲ ਦੀ ਪਤਨੀ ਬੀਬੀ ਹਰਸਿਮਰਤ ਕੌਰ ਸਖ਼ਤ ਮੁਕਾਬਲੇ ਵਿੱਚ ਆਪਣੇ ਨੇੜਲੇ ਵਿਰੋਧੀ ਆਪ ਪਾਰਟੀ ਦੇ ਗੁਰਮੀਤ ਸਿੰਘ ਖੁੱਡੀਆਂ ਤੋਂ 49656 ਵੋਟਾਂ ਨਾਲ ਜਿੱਤ ਹਾਸਲ ਕੀਤੀ। ਲੋਕ ਸਭਾ ਚੋਣਾਂ ਵਿੱਚ ਬੀਬੀ ਹਰਸਿਮਰਤ ਕੌਰ ਦੀ ਇਹ ਚੌਥੀ ਜਿੱਤ ਹੈ। ਸੁਖਬੀਰ ਸਿੰਘ ਬਾਦਲ ਨੇ ਇਸ ਵਾਰ ਲੋਕ ਸਭਾ ਚੋਣ ਨਹੀਂ ਲੜੀ। ਇਸ ਸੀਟ ’ਤੇ ਅਕਾਲੀ ਦਲ ਨੂੰ 32.7% ਵੋਟਾਂ ਮਿਲੀਆਂ ਜਦਕਿ ਆਮ ਆਦਮੀ ਪਾਰਟੀ ਨੂੰ 28.4% ਅਤੇ ਕਾਂਗਰਸ ਨੂੰ 17.5% ਵੋਟਾਂ ਮਿਲੀਆਂ। ਬਾਕੀ ਸਾਰੀਆਂ ਸੀਟਾਂ ’ਤੇ ਅਕਾਲੀ ਦਲ ਨੂੰ ਮਿਲੀਆਂ ਵੋਟਾਂ ਤੋਂ ਸਪੱਸ਼ਟ ਹੈ ਕਿ ਹੁਣ ਪੰਜਾਬ ਦੇ ਇਸ ਦੇ ਰਵਾਇਤੀ ਵੋਟਰ ਵੀ ਬੇਹੱਦ ਨਿਰਾਸ਼ ਹੋ ਕੇ ਅਕਾਲੀ ਦਲ ਤੋਂ ਮੂੰਹ ਮੋੜ ਚੁੱਕੇ ਹਨ।2019 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ 27.45% ਵੋਟਾਂ ਹਾਸਲ ਕੀਤੀਆਂ ਸਨ, ਜੋ ਹੁਣ ਘਟ ਕੇ ਸਿਰਫ਼ 13.24% ਰਹਿ ਗਈਆਂ ਹਨ।

ਦੂਜੇ ਪਾਸੇ ਭਾਜਪਾ ਪੰਜਾਬ ਵਿੱਚ ਬੁਰੀ ਤਰ੍ਹਾਂ ਹਾਰ ਗਈ ਤੇ ਇੱਕ ਵੀ ਉਮੀਦਵਾਰ ਨਹੀਂ ਜਿੱਤ ਸਕਿਆ। ਇਸ ਸਭ ਦੇ ਬਾਵਜੂਦ ਪੰਜਾਬ ਵਿੱਚ ਭਾਜਪਾ ਨੂੰ ਵੱਡਾ ਫਾਇਦਾ ਹੋਇਆ ਹੈ। ਬੀਜੇਪੀ ਲੀਡਰਾਂ ਦਾ ਕਹਿਣਾ ਹੈ ਕਿ ਚੋਣਾਂ ਵਿੱਚ ਬੇਸ਼ੱਕ ਕੋਈ ਸੀਟ ਨਹੀਂ ਮਿਲੀ ਪਰ ਵੋਟ ਪ੍ਰਤੀਸ਼ਤਤਾ ਵਿੱਚ ਵੱਡਾ ਵਾਧਾ ਹੋਇਆ ਹੈ। ਭਾਜਪਾ ਹੁਣ ਪੰਜਾਬ ਵਿੱਚ ਆਪਣੇ ਦਮ ’ਤੇ ਤੀਜੀ ਪਾਰਟੀ ਬਣ ਗਈ ਹੈ। ਪੰਜਾਬ ਵਿੱਚ ਕਾਂਗਰਸ ਨੂੰ 26.30 ਫੀਸਦੀ, ਆਮ ਆਦਮੀ ਪਾਰਟੀ ਨੂੰ 26.02 ਫੀਸਦੀ ਤੇ ਭਾਜਪਾ ਨੂੰ 18.56 ਫੀਸਦੀ ਵੋਟਾਂ ਮਿਲੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਅਜਿਹੀ ਹਾਰ ਪਿੱਛੇ ਮੁੱਖ ਕਾਰਕਾਂ ਵਿੱਚੋਂ ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਕਿਸਾਨ ਅੰਦੋਲਨ ਦੌਰਾਨ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ’ਤੇ ਅਕਾਲੀ ਦਲ ਦੇ ਕੱਟੜ ਸਮਰਥਕ ਰਹੇ ਵੋਟਰਾਂ ਵੱਲੋਂ ਗੰਭੀਰ ਸਵਾਲ ਕੀਤੇ ਸਨ। ਇਸ ਤੋਂ ਪਹਿਲਾਂ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਵੇਲੇ 2014 ਵਿੱਚ ਵਾਪਰੇ ਸ੍ਰੀ ਗੁਰੂ ਗ੍ਰੰਥ ਸਾਹਿਬ (ਬਹਿਬਲ ਕਲਾਂ ਕਾਂਡ) ਦੀ ਬੇਅਦਬੀ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਨੇ ਅਕਾਲੀ ਦਲ ਨੂੰ ਡੂੰਘੀ ਸੱਟ ਮਾਰੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਵਾਲੇ ਤੇ ਅੰਮ੍ਰਿਤ ਵੰਡਣ ਦੀ ਘਟਨਾ ਦੇ ਜ਼ਿੰਮੇਵਾਰ ਡੇਰਾ ਸੌਦਾ ਦੇ ਮੁਖੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਾਫ ਕਰ ਦੇਣ ਦੀ ਘਟਨਾ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਗੋਲੀ ਕਾਂਡ ਕਾਰਨ ਵੀ ਅਕਾਲੀ ਦਲ ਦੇ ਅਕਸ ਨੂੰ ਢਾਹ ਲੱਗੀ ਹੈ। ਸੁਖਬੀਰ ਸਿੰਘ ਬਾਦਲ ਦੀ ਸੱਤਾ ਦੀ ਲਾਲਸਾ ਨੇ ਅਕਾਲੀ ਦਲ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਕਾਫੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਹੈ।

ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਉਮੀਦਵਾਰ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ 62,488 ਵੋਟਾਂ ਲੈ ਕੇ 5ਵੇਂ ਸਥਾਨ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ 91,789 ਵੋਟਾਂ ਨਾਲ ਚੌਥੇ ਸਥਾਨ, ਜਲੰਧਰ ਤੋਂ ਮਹਿੰਦਰ ਸਿੰਘ ਕੇ ਪੀ 67,000 ਵੋਟਾਂ ਲੈਕੇ ਚੌਥੇ ਸਥਾਨ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ 86,416 ਵੋਟਾਂ ਹਾਸਲ ਕਰ ਕੇ ਚੌਥੇ ਸਥਾਨ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ 85,500 ਵੋਟਾਂ ਨਾਲ ਚੌਥੇ ਨੰਬਰ, ਸ਼੍ਰੋਮਣੀ ਅਕਾਲੀ ਦਲ ਦੇ ਲੁਧਿਆਣਾ ਤੋਂ ਉਮੀਦਵਾਰ ਰਣਜੀਤ ਸਿੰਘ ਢਿੱਲੋਂ 90,220 ਵੋਟਾਂ ਨਾਲ ਚੌਥੇ ਸਥਾਨ, ਪਟਿਆਲਾ ਤੋਂ ਐਨ.ਕੇ. ਸ਼ਰਮਾ - 153611 ਵੋਟਾਂ ਨਾਲ ਚੌਥੇ ਸਥਾਨ, ਫ਼ਿਰੋਜ਼ਪੁਰ ਤੋਂ ਚੋਣ ਲੜਨ ਵਾਲੇ ਨਰਦੇਵ ਸਿੰਘ ਬੌਬੀ ਮਾਨ 2,53,645 ਵੋਟਾਂ ਨਾਲ ਚੌਥੇ ਸਥਾਨ ਅਤੇ ਅੰਮ੍ਰਿਤਸਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ 1,62,896 ਵੋਟਾਂ ਨਾਲ ਚੌਥੇ ਸਥਾਨ ’ਤੇ ਰਹੇ। ਅਕਾਲੀ ਦਲ ਦੇ ਉਮੀਦਵਾਰ ਹਰਸਿਮਰਤ ਕੌਰ ਜੋਸ਼ੀ ਤੇ ਬੌਬੀ ਮਾਨ ਹੀ ਆਪਣੀ ਜ਼ਮਾਨਤ ਬਚਾ ਸਕੇ।

ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਅਕਾਲੀ ਦਲ ਵਿੱਚ ਅੰਦਰੂਨੀ ਕਲੇਸ਼ ਵੱਧਦਾ ਜਾ ਰਿਹਾ ਹੈ। ਪਾਰਟੀ ਦੇ ਸੀਨੀਅਰ ਆਗੂ ਮਨਪ੍ਰੀਤ ਇਆਲੀ ਨੇ ਇੱਕ ਵਾਰ ਫਿਰ ਤਿੱਖੇ ਤੇਵਰ ਵਿਖਾਉਂਦਿਆਂ ਲੀਡਰਸ਼ਿਪ ’ਤੇ ਸਵਾਲ ਚੁੱਕੇ ਹਨ, ਉਥੇ ਹੀ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਨਾ ਹੋਣ ਤਕ ਪਾਰਟੀ ਤੋਂ ਕਿਨਾਰਾ ਕਰ ਲਿਆ ਹੈ। ਇਆਲੀ ਨੇ ਕਿਹਾ ਕਿ ਪੰਜਾਬ ਅੰਦਰ ਹਮੇਸ਼ਾ ਪੰਥਕ ਸੋਚ ਮਜ਼ਬੂਤ ਰਹੀ ਹੈ ਅਤੇ ਪਾਰਟੀ ਮੌਜੂਦਾ ਸਮੇਂ ਪੰਜਾਬ ਅੰਦਰ ਚੱਲ ਰਹੀ ਪੰਥਕ ਸੋਚ ਨੂੰ ਵੀ ਪਛਾਣਨ ਵਿੱਚ ਅਸਫਲ ਰਹੀ, ਜਿਸ ਦਾ ਖਮਿਆਜ਼ਾ ਪਾਰਟੀ ਨੂੰ ਭੁਗਤਨਾ ਪਿਆ। ਇਆਲੀ ਨੇ ਕਿਹਾ ਕਿ ਕਿਸਾਨੀ, ਪੰਥ ਅਤੇ ਪੰਜਾਬੀਆਂ ਦਾ ਭਰੋਸਾ ਹਾਸਲ ਕਰਨ ਲਈ ਅੱਜ ਪਾਰਟੀ ਨੂੰ ਵੱਡੇ ਫੈਸਲੇ ਲੈਣ ਦੀ ਲੋੜ ਹੈ ਤਾਂ ਜੋ ਪਾਰਟੀ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤ ਕੀਤਾ ਜਾ ਸਕੇ।

ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੇ ਪ੍ਰਦਰਸ਼ਨ ਨੂੰ ਦੇਖਦੇ ਹੋਏ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਥੇਦਾਰ ਕੁਲਵੰਤ ਸਿੰਘ ਮੰਨਣ ਨੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਇਸ ਮੌਕੇ ’ਤੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਹਾਈਕਮਾਨ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਨਾਲ ਪੰਜਾਬ ਦੀ ਜਨਤਾ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਮੂੰਹ ਮੋੜ ਲਿਆ ਹੈ ਉਸਦੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂਕਿ ਪਾਰਟੀ ਇੱਕ ਵਾਰ ਫੇਰ ਤੋਂ ਆਪਣੀ ਜਗ੍ਹਾ ਬਣਾ ਸਕੇ।

ਸ੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਸੀਂ ਚੋਣਾਂ ਦੌਰਾਨ ਆਪਣੇ ਵਰਕਰਾਂ ਦੀ ਸਖ਼ਤ ਮਿਹਨਤ ਦੇ ਬਾਵਜੂਦ ਕੌਮੀ ਪੱਧਰ ਦੀ ਰਾਜਨੀਤੀ ਲਈ ਆਪਣਾ ਰੋਡ ਮੈਪ ਪੇਸ਼ ਕਰਨ ਵਿੱਚ ਅਸਫ਼ਲ ਰਹੇ। ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਨੂੰ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਬੇਲੋੜੀ ਬਿਆਨਬਾਜ਼ੀ ਤੋਂ ਬਚਣਾ ਚਾਹੀਦਾ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਵੱਖ ਵੱਖ ਚੋਣਾਂ ਵਿੱਚ ਅਕਾਲੀ ਦਲ ਦੀ ਚਾਰ ਵਾਰ ਹੋਈ ਹਾਰ ਪਿੱਛੋਂ ਹੁਣ ਲੋਕ ਸਭਾ ਚੋਣਾਂ ਵਿੱਚ ਜੋ ਹਾਰ ਹੋਈ ਹੈ ਉਹ ਸਭ ਤੋਂ ਵੱਧ ਨਮੋਸ਼ੀ ਵਾਲੀ ਹੈ । ਮਾਨ ਨੇ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਜਿਸ ਹਾਲਾਤ ਵਿਚੋਂ ਲੰਘ ਰਿਹਾ ਹੈ ਉਸ ਨੂੰ ਵੇਖ ਕੇ ਪਾਰਟੀ ਹਾਈ ਕਮਾਨ ਨੂੰ ਕੋਰ ਕਮੇਟੀ ਦੀ ਤੁਰੰਤ ਮੀਟਿੰਗ ਬੁਲਾ ਕੇ ਇਸ ਸਥਿਤੀ ’ਤੇ ਮੰਥਨ ਕਰਨਾ ਚਾਹੀਦਾ ਹੈ ।

ਅਕਾਲੀ ਦਲ ਦੀ ਸਾਬਕਾ ਲੋਕ ਸਭਾ ਮੈਂਬਰ ਪਰਮਜੀਤ ਕੌਰ ਗੁਲਸ਼ਨ ਨੇ ਗੰਭੀਰਤਾ ਨਾਲ ਲੈਂਦਿਆਂ ਸੁਖਬੀਰ ਸਿੰਘ ਬਾਦਲ ਨੂੰ ਇਖ਼ਲਾਕੀ ਆਧਾਰ ’ਤੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦੀ ਸਲਾਹ ਦਿੱਤੀ ਹੈ ।

ਅਕਾਲੀ ਦਲ ਦੀ ਸੀਨੀਅਰ ਆਗੂ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਲੋਕ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਦੀ ਹੋਈ ਕਰਾਰੀ ਹਾਰ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਕਿ ਸੁਖਬੀਰ ਸਿੰਘ ਬਾਦਲ ਆਪਣੇ ਸਹੀ ਸਲਾਹਕਾਰਾਂ ਦੀ ਪਛਾਣ ਕਰਨ। ਜਦੋਂ ਪੰਜਾਬ ਵਿੱਚ ਚੋਣ ਪ੍ਰਚਾਰ ਸਿਖਰ ’ਤੇ ਸੀ ਤਾਂ ਸੁਖਬੀਰ ਸਿੰਘ ਬਾਦਲ ਨੂੰ ਕਿਹੜੇ ਆਗੂ ਨੇ ਇਹ ਸਲਾਹ ਦਿੱਤੀ ਕਿ ਅਕਾਲੀ ਆਗੂ ਆਦੇਸ਼ਪ੍ਰਤਾਪ ਸਿੰਘ ਕੈਰੋ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ, ਇਸ ਸਲਾਹ ਨੇ ਵੀ ਪਾਰਟੀ ਦਾ ਨੁਕਸਾਨ ਕੀਤਾ। ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸੇ ਤਰ੍ਹਾਂ ਜਦੋਂ ਸੀਨੀਅਰ ਆਗੂ ਮੁੜ ਪਾਰਟੀ ਦੀ ਮਜ਼ਬੂਤੀ ਲਈ ਪਾਰਟੀ ਦੀ ਮੁੱਖ ਧਾਰਾ ਵਿੱਚ ਆ ਰਹੇ ਸਨ ਤਾਂ ਉਸ ਵੇਲੇ ਢੀਂਡਸਾ ਵਰਗੇ ਸੀਨੀਅਰ ਤੇ ਸਿਆਣੇ ਆਗੂ ਨੂੰ ਟਿਕਟ ਨਾ ਦੇਣ ਦੀ ਸਲਾਹ ਨੇ ਵੀ ਪਾਰਟੀ ਅੰਦਰ ਨਿਰਾਸ਼ਾ ਪੈਦਾ ਕੀਤੀ ਹੈ।ਪੰਥਕ ਆਗ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਜੇਕਰ ਅਕਾਲੀ ਦਲ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਨਾਕਾਮਯਾਬ ਰਿਹਾ ਤਾਂ ਖਾਲੀ ਥਾਂ ਕੋਈ ਹੋਰ ਭਰੇਗਾ। ਫਰੀਦਕੋਟ ਅਤੇ ਖਡੂਰ ਸਾਹਿਬ ਵਿੱਚ ਦੇਖਿਆ ਗਿਆ ਹੈ, ਜਿੱਥੇ ਸਰਬਜੀਤ ਸਿੰਘ ਖਾਲਸਾ ਅਤੇ ਅੰਮ੍ਰਿਤਪਾਲ ਸਿੰਘ ਸਿੱਖਾਂ ਦੇ ਨੁਮਾਇੰਦਿਆਂ ਵਜੋਂ ਚੋਣ ਜਿੱਤੇ ਹਨ। ਆਉਣ ਵਾਲੇ ਸਮੇਂ ਵਿੱਚ ਪੰਥਕ ਰਾਜਨੀਤੀ ਵਿੱਚ (**ਬਾਕੀ ਸਫ਼ਾ** 30 ’ਤੇ)

# ਭਾਈ ਅੰਮ੍ਰਿਤਪਾਲ ਸਿੰਘ ਤੇ ਭਾਈ ਖ਼ਾਲਸਾ ਦੀ ਜਿੱਤ ਨੇ ਪੰਜਾਬ ’ਚ ਪੰਥਕ ਸਿਆਸਤ ਦੀ ਪੁਨਰ ਸਿਰਜਣਾ ਦੀ ਨੀਂਹ ਰੱਖੀ

### ☛ ਅਕਾਲੀ ਦਲ ਤੇ ਪੰਥਕ ਧੜਿਆਂ ਵਿੱਚ ਏਕਤਾ ਦੀ ਲੋੜ ☛ ਕੀ ਸੁਖਬੀਰ ਬਾਦਲ ਕਰਨਗੇ ਪਹਿਲ ਕਦਮੀ ?



ਲੋਕ ਸਭਾ ਚੋਣਾਂ ਦੌਰਾਨ ਪੰਜਾਬ ’ਚ ਸਾਹਮਣੇ ਆਏ ਨਤੀਜਿਆਂ ਖ਼ਾਸਕਰ ਖਡੂਰ ਸਾਹਿਬ ਅਤੇ ਫਰੀਦਕੋਟ ਹਲਕੇ ਨੇ ਪੰਜਾਬ ਦੀ ਸਿਆਸਤ ਦਾ ਨਜ਼ਰੀਆ ਮੁੜ ਬਦਲ ਦਿੱਤਾ ਹੈ। ਇਨ੍ਹਾਂ ਹਲਕਿਆਂ ਤੋਂ ਆਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਖ਼ਾਲਸਾ ਦੀ ਹੋਈ ਜਿੱਤ ਨਾਲ ਪੰਜਾਬ ਵਿੱਚ ਪੰਥਕ ਸਿਆਸਤ ਦੀ ਪੁਨਰ -ਸੁਰਜੀਤੀ ਦੀ ਨੀਂਹ ਰੱਖੀ ਗਈ ਹੈ ਤੇ ਲੋਕ ਸਭਾ ਚੋਣਾਂ ਬਾਅਦ ਪੰਜਾਬ ਵਿੱਚ ਖਾਲੀ ਹੋਈਆਂ ਪੰਜ ਵਿਧਾਨ ਸਭਾ ਸੀਟਾਂ ’ਤੇ ਹੋਣ ਵਾਲੀਆਂ ਉੱਪ-ਚੋਣਾਂ ਲਈ ਪੰਥਕ ਧਿਰਾਂ ਨੇ ਹੁਣ ਤੋਂ ਵਿਉਂਤਬੰਦੀ ਵਿੱਢ ਦਿੱਤੀ ਹੈ । ਜੇਕਰ ਇਨ੍ਹਾਂ ਚੋਣਾਂ ਦੌਰਾਨ ਪੰਜਾਬ ਨੂੰ ਪੰਥਕ ਸਿਆਸਤ ਵੱਲ ਮੁੱਖ ਤੌਰ ’ਤੇ ਮੋੜਾ ਦੇਣ ਵਾਲੇ ਦੋ ਆਜ਼ਾਦ ਸਿੱਖ ਉਮੀਦਵਾਰਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਝੰਡੇ ਹੇਠਾਂ ਚੋਣਾਂ ਲੜਨ ਵਾਲੇ ਉਮੀਦਵਾਰਾਂ ਦੇ ਵੋਟ ਬੈਂਕ ’ਤੇ ਨਜ਼ਰ ਮਾਰੀ ਜਾਵੇ ਤਾਂ ਜ਼ਿਆਦਾਤਰ ਸਿੱਖ ਵੋਟਾਂ ਦੀ ਹੀ ਵੰਡ ਹੋਈ ਹੈ, ਜਿਸ ਕਾਰਨ ਖੇਤਰੀ ਪਾਰਟੀ ਦੀ ਹਾਲਤ ਪਾਣੀ ਤੋਂ ਪਤਲੀ ਹੋਈ ਹੈ । 20-22 ਕੁ ਸਾਲ ਪਿੱਛੇ ਨਜ਼ਰ ਮਾਰੀ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਤੋਂ ਲਾਂਭੇ ਕੀਤੇ ਜਾਣ ਬਾਅਦ ਗੁਰਚਰਨ ਸਿੰਘ ਟੌਹੜਾ ਨੇ 30 ਮਈ 1999 ਨੂੰ ‘ਸਰਬਹਿੰਦ ਸ਼੍ਰੋਮਣੀ ਅਕਾਲੀ ਦਲ’ ਦਾ ਗਠਨ ਕੀਤਾ ਸੀ ਤੇ ਪੰਥਕ ਧਿਰਾਂ ਨਾਲ ਮਿਲ ਕੇ 1999 ਦੀਆਂ ਲੋਕ ਸਭਾ ਚੋਣਾਂ ਲੜਦਿਆਂ 4.15 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ, ਜਿਸ ਕਾਰਨ ਅਕਾਲੀ ਦਲ ਨੂੰ ਜਿੱਤ ਨਸੀਬ ਨਹੀਂ ਹੋਈ, ਫੇਰ ਉਨ੍ਹਾਂ ਸਿਮਰਨਜੀਤ ਸਿੰਘ ਮਾਨ ਤੇ ਹੋਰਨਾਂ ਸਿੱਖ ਧਿਰਾਂ ਨਾਲ ਮਿਲ ਕੇ ‘ਪੰਥਕ ਮੋਰਚਾ’ ਦੇ ਝੰਡੇ ਹੇਠਾਂ 2002 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਤੇ ਸਿੱਖ ਵੋਟ ਵੰਡੀ ਜਾਣ ਕਰਕੇ ਅਕਾਲੀ ਦਲ ਦੇ ਹੱਥੋਂ ਸੂਬੇ ਦੀ ਸੱਤਾ ਖੁੰਝ ਗਈ। ਇੱਥੇ ਇਹ ਵੀ ਜ਼ਿਕਰ ਕਰਨਾ ਕੁੱਥਾ ਨਹੀਂ ਹੋਵੇਗਾ ਕਿ ਸੂਬੇ ਦੀ ਸਿਆਸਤ ’ਚ ਆਏ ਪੰਥਕ ਮੋੜ ਕਾਰਨ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਮੁੜ ‘ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ’ ਵਰਗਾ ਕੋਈ ‘ਪੰਥਕ ਮੋਰਚਾ’ ਹੋਂਦ ਵਿੱਚ ਆ ਸਕਦਾ, ਜੋ ਪੰਜਾਬ ਦੀ ਖੇਤਰੀ ਤੇ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ ਤੋਂ ਹੋਰ ਦੂਰ ਧੱਕ ਸਕਦਾ। ਹੁਣ ਸਿਆਸੀ ਸਫ਼ਾਂ ’ਚ ਇੱਕੋ ਸਵਾਲ ਗੂੰਜ ਰਿਹਾ, ਕਿ ਸੂਬੇ ਦੀ ਖੇਤਰੀ ਤੇ ਪੰਥਕ ਪਾਰਟੀ ਦੀ ਮੁੜ ਸੁਰਜੀਤੀ ਲਈ ਸੁਖਬੀਰ ਸਿੰਘ ਬਾਦਲ ਪੰਥ ਤੇ ਪੰਜਾਬ ਦੇ ਖ਼ੁਦਮੁਖਤਿਆਰੀ ਏਜੰਡੇ ਤੇ ‘ਪੰਥਕ ਏਕਤਾ’ ਦਾ ‘ਮੁੱਢ’ ਬੰਨ੍ਹਣ ਲਈ ਪਹਿਲਕਦਮੀ ਕਰਨਗੇ ਜਾਂ ਨਹੀਂ ।

## ਦਰਪਣ ਝੂਠ ਨਹੀਂ ਬੋਲਦਾ

# ਮੋਦੀ ਦੀ ਭਗਵੀਂ ਰਾਜਨੀਤੀ ਦੇ ਅੱਥਰੇ ਘੋੜੇ ਨੂੰ ਜੱਟ ਪੱਟੀ ਨੇ ਨੱਪਿਆ

## ਪਲਟੀਬਾਜ਼ ਨਿਤਿਸ਼ ਤੇ ਚੰਦਰਬਾਬੂ ਨਾਇਡੂ ਭਾਜਪਾ ਰਾਜਨੀਤੀ ਲਈ ਚੈਲਿੰਜ ਬਣੇ

ਨਰਿੰਦਰ ਮੋਦੀ ਦੀ ਸਰਕਾਰ ਤੀਜੀ ਵਾਰ ਵੀ ਬਣ ਗਈ ਹੈ ਤੇ ਭਾਵੇਂ ਉਹ ਕੁੱਝ ਵੀ ਪਏ ਆਖਣ, ਅੰਦਰੋਂ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਵਾਰ ਉਨ੍ਹਾਂ ਦੇ ਸਿਰ 'ਤੇ ਸੱਤਾ ਦਾ ਤਾਜ ਨਿਤੀਸ਼ ਕੁਮਾਰ ਤੇ ਚੰਦਰ ਬਾਬੂ ਨਾਇਡੂ ਬਾਹਰੋਂ ਆ ਕੇ ਨਾ ਸਜਾਉਂਦੇ ਤਾਂ ਉਹ ਤਾਂ ਚੋਣ-ਦੰਗਲ ਲਗਭਗ ਹਾਰ ਹੀ ਗਏ ਸਨ। ਨਿਤੀਸ਼ ਕੁਮਾਰ ਜੋ ਸਿਆਸੀ ਪਲਟੀਬਾਜ਼ੀ ਦੇ ਮਾਹਿਰ ਮੰਨੇ ਜਾਂਦੇ ਹਨ, ਦੂਜੀ ਧਿਰ ਵਲੋਂ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਪੇਸ਼ਕਸ਼ ਠੁਕਰਾ ਕੇ ਮੋਦੀ ਪਿੱਛੇ ਖੜੇ ਹੋਣ ਦਾ ਫ਼ੈਸਲਾ ਉਨ੍ਹਾਂ ਸ਼ਾਇਦ ਇਹ ਸੋਚ ਕੇ ਕੀਤਾ ਕਿ 'ਇੰਡੀਆ' ਵਾਲੇ ਪਾਸੇ ਤਾਂ 6 'ਪ੍ਰਧਾਨ ਮੰਤਰੀ' ਬੈਠੇ ਮਿਲਣਗੇ ਜਿਨ੍ਹਾਂ ਸਾਰਿਆਂ ਨੂੰ ਖ਼ੁਸ਼ ਰਖਣਾ ਬਹੁਤ ਔਖਾ ਹੋਵੇਗਾ ਜਦਕਿ ਬੀਜੇਪੀ ਵਾਲੇ ਕਮਜ਼ੋਰ ਪੈ ਚੁੱਕੇ ਇੱਕ ਪ੍ਰਧਾਨ ਮੰਤਰੀ ਨੂੰ ਕਾਬੂ ਹੇਠ ਰਖਣਾ ਹੁਣ ਬਹੁਤ ਸੌਖਾ ਹੈ।

ਉਹ ਬਾਦਲਕਿਆਂ ਨਾਲੋਂ ਕਿਤੇ ਜ਼ਿਆਦਾ ਸਮਝਦਾਰ ਹਨ ਜੋ ਆਪਣੇ ਲਈ ਕੁੱਝ ਲੈਣ ਦੀ ਮੰਗ ਕਰਨ ਦੀ ਬਜਾਏ, ਆਪਣੇ ਲੋਕਾਂ ਤੇ ਆਪਣੇ ਰਾਜ ਲਈ ਲੈਣਾ ਜ਼ਿਆਦਾ ਲਾਹੇਵੰਦ ਸਮਝਦੇ ਹਨ ਕਿਉਂਕਿ ਇਹ ਦੋਵੇਂ ਸਿਆਸਤ ਵਿੱਚ ਲੋਕਾਂ ਦੇ ਨਾਇਕ ਬਣਕੇ ਰਹਿਣਾ ਚਾਹੁੰਦੇ ਹਨ।

ਮੋਦੀ ਸਰਕਾਰ ਬਣ ਗਈ ਹੈ। ਬੰਦ ਕਮਰਿਆਂ ਵਿੱਚ ਲੈਣ ਦੇਣ ਦੀਆਂ ਗੱਲਾਂ ਦਾ ਭਾਰੀ ਅਸਰ ਦਿਸ ਰਿਹਾ ਸੀ। 72 ਮੰਤਰੀ, ਰਾਜ ਮੰਤਰੀ ਬਣਾਉਣ ਦੇ ਬਾਵਜੂਦ ਅਜੇ ਭਾਈਵਾਲੀ ਦੀ ਖੇਡ ਖ਼ਤਮ ਨਹੀਂ ਹੋਈ। ਅਜੇ ਚੰਦਰ ਬਾਬੂ ਨਾਇਡੂ ਤੇ ਨਿਤੀਸ਼ ਕੁਮਾਰ ਨੇ ਕੁੱਝ ਖ਼ਾਸ ਵੱਡੇ ਮੰਤਰਾਲੇ ਨਹੀਂ ਮੰਗੇ ਪਰ ਉਹ ਆਪਣੇ ਸੂਬਿਆਂ ਵਾਸਤੇ ਕੁੱਝ ਖ਼ਾਸ ਰਕਮਾਂ ਤੇ ਸਹੂਲਤਾਂ ਜ਼ਰੂਰ ਮੰਗ ਰਹੇ ਹਨ ਕਿਉਂਕਿ ਉਨ੍ਹਾਂ ਦੀ ਤਾਕਤ ਐਨਸੀਪੀ ਦੇ ਅਜੀਤ ਪਵਾਰ ਵਰਗੀ ਨਹੀਂ ਕਿ ਉਨ੍ਹਾਂ ਨੂੰ ਭਾਜਪਾ ਗੁਠੇ ਲਾ ਦੇਵੇ।

ਭਾਈਵਾਲੀ ਸਰਕਾਰ ਬਣਨ ਜਾਂ ਨਾ ਬਣਨ ਵਿੱਚ ਸਿਰਫ਼ 30 ਸੀਟਾਂ ਦੀ ਖੇਡ ਬੜੇ ਵੱਡੇ

### ਕੀ ਸੰਘ ਪਰਿਵਾਰ ਦੀ ਨਰਾਜ਼ਗੀ ਭਾਜਪਾ ਦਾ ਬੇੜਾ ਡੋਬੇਗੀ ?



ਸੰਦੇਸ਼ ਦੇਂਦੀ ਹੈ ਤੇ ਮੋਦੀ ਸਰਕਾਰ ਨੂੰ ਆਪਣੇ ਇਨ੍ਹਾਂ ਭਾਈਵਾਲਾਂ ਨੂੰ ਖ਼ੁਸ਼ ਰਖਣਾ ਪਵੇਗਾ, ਸਗੋਂ ਨਾਲ ਹੀ ਜਨਤਾ ਦੇ ਸੁਨੇਹੇ ਨੂੰ ਵੀ ਸਮਝਣਾ ਪਵੇਗਾ ਕਿ ਭਾਜਪਾ ਦੀ ਆਰਥਿਕ ਨੀਤੀ ਤੇ ਰਾਜਨੀਤਕ ਨੈਰੇਟਿਵ ਨੂੰ ਗ਼ਰੀਬਾਂ, ਕਿਸਾਨਾਂ, ਘੱਟਗਿਣਤੀਆਂ ਤੇ ਦਲਿਤਾ ਨੇ ਕਿਉਂ ਨਕਾਰਿਆ ? ਧਰਮ ਦੀ ਸਿਆਸਤ ਦੀ ਹਾਰ ਤਾਂ ਰਾਮ ਮੰਦਰ ਅਥਵਾ ਅਯੋਧਿਆ ਤੋਂ ਹੀ ਹੋ ਗਈ ਜਿਥੇ ਭਾਜਪਾ ਹਾਰ ਗਈ। ਚੇਤੇ ਰਹੇ ਕਿ ਜਾਟ ਪੱਟੀ ਬਹੁਤ ਵੱਡੀ ਅਤੇ ਪ੍ਰਭਾਵਸ਼ਾਲੀ ਹੈ ਪੱਛਮੀ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਪੰਜਾਬ ਮਿਲਾ ਕੇ 60 ਤੋਂ ਜ਼ਿਆਦਾ ਸੀਟਾਂ ਤੱਕ ਉਸ ਦਾ ਅਸਰ ਫੈਲਿਆ ਹੋਇਆ ਹੈ। ਕੋਵਿਡ ਦੇ ਸੰਕਟ ਦਾ ਫਾਇਦਾ ਚੁੱਕ ਕੇ ਤਕਰੀਬਨ ਖ਼ੁਫ਼ੀਆ ਤੌਰ 'ਤੇ ਬਣਾਏ ਗਏ ਤਿੰਨ ਖੇਤੀ ਕਾਨੂੰਨ ਅਤੇ ਉਨ੍ਹਾਂ ਦੇ ਖ਼ਿਲਾਫ਼ ਹੋਏ ਬਹੁਤ ਲੰਬੇ ਇਤਿਹਾਸਕ ਕਿਸਾਨ ਅੰਦੋਲਨ ਦੇ ਸਮੁੱਚੇ ਪ੍ਰਭਾਵ ਕਾਰਨ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਇਸ ਪੱਟੀ ਵਿੱਚ ਮੂੰਹ ਦੀ ਖਾਣੀ ਪਈ ਹੈ। ਹਿੰਦੂਤਵੀ ਨੈਰੇਟਿਵ ਠੁਸ ਹੋ ਗਿਆ।

ਬੜੇ ਫ਼ਖ਼ਰ ਨਾਲ ਕਿਹਾ ਜਾਂਦਾ ਸੀ ਕਿ ਕੇਂਦਰ ਸਰਕਾਰ ਹਰ ਮਹੀਨੇ 80 ਕਰੋੜ ਗ਼ਰੀਬਾਂ ਨੂੰ ਮੁਫ਼ਤ ਰਾਸ਼ਨ ਦੇਂਦੀ ਹੈ ਤੇ ਹੋਰ ਵੀ ਕਈ ਮੁਫ਼ਤ ਸਹੂਲਤਾਂ ਦਿੰਦੀ ਹੈ। ਪਰ ਲੋਕ ਤਾਂ ਭੀਖ ਨਹੀਂ ਪੱਕੀ ਨੌਕਰੀ ਮੰਗਦੇ ਹਨ। ਜਿਹੜੀ ਸ਼ਹਿਰੀ ਵੋਟ ਮਿਲੀ ਹੈ, ਉਹ ਇਸ ਕਰ ਕੇ ਮਿਲੀ ਹੈ ਕਿਉਂਕਿ ਅਮੀਰ ਜਾਂ ਮੱਧ ਵਰਗ ਕੋਲ ਲੋੜੀਂਦੀ ਆਮਦਨ ਹੈ ਤੇ ਉਹ ਧਾਰਮਕ ਕੱਟੜਪੁਣੇ ਦਾ ਅਸਰ ਜਲਦੀ ਕਬੂਲ ਕਰ ਲੈਂਦਾ ਹੈ ਪਰ ਗ਼ਰੀਬ, ਜਿਸ ਨੂੰ ਭਵਿੱਖ ਵਿੱਚ ਅਪਣੇ ਲਈ ਕੋਈ ਆਸ ਵਿਖਾਈ ਨਹੀਂ ਦਿੰਦੀ, ਉਹ ਸਿਆਸਤਦਾਨਾਂ ਵਿਚੋਂ ਰੱਬ ਨਹੀਂ ਵੇਖ ਸਕਦਾ। ਅਗਨੀਵੀਰ ਦੇ ਨਾਂ ਦੇ ਕੇ, ਠੇਕੇ ਦੇ ਫ਼ੌਜੀ ਨਾਲ ਸਰਕਾਰ ਦੇ ਪੈਸੇ ਦੀ ਬੱਚਤ ਹੁੰਦੀ ਹੈ ਪਰ ਦੇਸ਼ ਅੰਦਰ ਰੋਸ ਵੱਧ ਰਿਹਾ ਹੈ। ਸਰਕਾਰੀ ਨੌਕਰੀਆਂ ਤਾਂ ਭਰਨੀਆਂ ਹੀ ਪੈਣਗੀਆਂ। ਸਰਕਾਰ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਪ੍ਰਚਾਰ ਨਾਲ ਹੱਡੀਂ ਹੰਢਾਈਆਂ ਮੁਸੀਬਤਾਂ ਭੁਲਾਈਆਂ ਨਹੀਂ ਜਾ ਸਕਦੀਆਂ। ਜੇ ਪੇਟ ਖ਼ਾਲੀ ਹੈ ਤਾਂ ਸਿਲੰਡਰ ਦੀ ਕੀਮਤ, ਤੇਲ, ਦੁੱਧ, ਦਾਲ ਦੀ ਕੀਮਤ ਜ਼ਰੂਰ ਚੁਭੇਗੀ ਤੇ ਸਿਰਫ਼ ਗ਼ਰੀਬਾਂ ਨੂੰ ਹੀ ਨਹੀਂ ਬਲਕਿ ਪੈਸੇ ਵਾਲੇ ਨੂੰ ਵੀ ਚੁਭੇਗੀ।

### ਕੀ ਮੋਦੀ ਸਰਕਾਰ ਪਿੰਡ ਚਿੱਠੀ ਸਿੰਘਪੁਰਾ ਕਤਲੇਆਮ ਦੇ ਸਿੱਖ ਪੀੜ੍ਹਤਾਂ ਨਾਲ ਇਨਸਾਫ਼ ਕਰੇਗੀ ?

ਜੰਮੂ-ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਦੇ ਪਿੰਡ ਚਿੱਠੀ ਸਿੰਘਪੁਰਾ ਅੰਦਰ 24 ਵਰ੍ਹੇ 20 ਮਾਰਚ ਦੀ ਸ਼ਾਮ ਨੂੰ ਬੰਦੂਕਧਾਰੀ ਨਕਾਬਪੋਸ਼ਾਂ ਵਲੋਂ ਪਿੰਡ ਵਾਸੀਆਂ ਨੂੰ ਕਤਾਰ ਵਿੱਚ ਖੜ੍ਹਾ ਕਰਕੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਸਣੇ ਲਗਭਗ 35 ਸਿੱਖਾਂ ਦੀ ਮੌਤ ਹੋ ਗਈ ਸੀ । ਇਹ ਕਤਲੇਆਮ ਉਸ ਸਮੇਂ ਹੋਇਆ ਜਿਸ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਭਾਰਤ ਦੌਰੇ 'ਤੇ ਸਨ। ਅਮਰੀਕੀ ਏਜੰਸੀਆਂ ਦੀ ਡੂੰਘੀ ਛਾਣਬੀਨ ਉਪਰੰਤ ਇਸ ਦਰਦਨਾਕ ਘਟਨਾ ਦਾ ਜ਼ਿਕਰ ਕਲਿੰਟਨ ਪ੍ਰਸ਼ਾਸਨ ਦੇ ਉਸ ਵੇਲੇ ਦੀ ਵਿਦੇਸ਼ ਮੰਤਰੀ ਮੈਡੇਲਿਨ ਅਲਬ੍ਰਾਈਟ ਨੇ ਆਪਣੀ ਬਹੁ-ਚਰਚਿਤ ਕਿਤਾਬ 'ਦਾ ਮਾਇਟੀ ਐਂਡ ਦਾ ਆਲਮਾਇਟੀ' ਦੇ ਮੁੱਖ-ਬੰਧ ਵਿੱਚ ਇਨ੍ਹਾਂ ਸ਼ਬਦਾਂ ਨਾਲ ਕੀਤਾ ਹੈ:

ਸਾਲ 2000 ਵਿੱਚ ਮੇਰੇ ਭਾਰਤ ਦੇ ਦੌਰੇ ਵੇਲੇ ਕੁਝ ਹਿੰਦੂ ਉਗਰਵਾਦੀਆਂ ਨੇ ਆਪਣੇ ਕਹਿਰ ਦਾ ਇਜ਼ਹਾਰ ਕਰਨ ਦਾ ਫ਼ੈਸਲਾ ਕੀਤਾ ਅਤੇ 38 ਨਿਰਦੋਸ਼ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ। ਜੇ ਮੈਂ ਉਹ ਦੌਰਾ ਨਾ ਕੀਤਾ ਹੁੰਦਾ ਤਾਂ ਸੰਭਵ ਹੈ ਕਿ ਜ਼ੁਲਮ ਦਾ ਸ਼ਿਕਾਰ ਹੋਏ ਉਹ ਵਿਅਕਤੀ ਅਜੇ ਵੀ ਜਿਊਂਦੇ ਹੁੰਦੇ। ਇਸ ਦਰਦਨਾਕ ਘਟਨਾ ਦੀ ਤਹਿਕੀਕਾਤ ਕਰਨ ਲਈ ਪੰਜਾਬ ਵਿੱਚੋਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਨਾਵਾਂ ਦੀ ਛਾਣਬੀਨ ਕਰਨ ਵਾਲੀ ਇੱਕ ਕਮੇਟੀ ਕਸ਼ਮੀਰ ਦੇ ਪਿੰਡ ਚਿੱਠੀ ਸਿੰਘਪੁਰਾ ਵਿੱਚ ਗਈ। ਪਿੰਡ ਵਾਸੀਆਂ ਨਾਲ ਬਹੁਤ ਡੂੰਘਾਈ ਵਿੱਚ ਜਾ ਕੇ ਟੀਮ ਇਸ ਨਤੀਜੇ 'ਤੇ ਪੁੱਜੀ ਕਿ ਇਹ ਸਾਰਾ ਘਟਨਾਕ੍ਰਮ ਭਾਰਤੀ ਸਰਕਾਰ ਦੀਆਂ ਏਜੰਸੀਆਂ ਵੱਲੋਂ ਕਰਵਾਇਆ ਗਿਆ ਸੀ।

ਜਦੋਂ ਇਸ ਘਟਨਾ ਦਾ ਬਹੁਤ ਰੌਲਾ ਪਿਆ ਤਾਂ ਸਰਕਾਰ ਨੇ ਚਾਰ ਨਿਰਦੋਸ਼ ਮੁਸਲਮਾਨਾਂ ਨੂੰ ਇਹ ਕਹਿ ਕਿ ਮਰਵਾ ਦਿੱਤਾ ਸੀ ਕਿ ਉਹ ਇਸ ਘਟਨਾ ਦੇ ਦੋਸ਼ੀ ਹਨ। ਕਸ਼ਮੀਰੀ ਮੁਸਲਮਾਨਾਂ ਨੇ ਸਪਸ਼ਟ ਕੀਤਾ ਸੀ ਕਿ ਕਿਸੇ ਵੀ ਮੁਸਲਮਾਨ ਜਥੇਬੰਦੀ ਦਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ। ਇਸ ਉਪਰੰਤ ਮਾਰੇ ਗਏ ਨਿਰਦੋਸ਼ ਮੁਸਲਮਾਨਾਂ ਦੀਆਂ ਹੱਡੀਆਂ ਦਾ ਡੀ.ਐਨ.ਏ. ਕਰਵਾਉਣ 'ਤੇ ਇਹ ਪਾਇਆ ਗਿਆ ਕਿ ਉਹ ਮੁਸਲਮਾਨ ਵੀ ਨਿਰਦੋਸ਼ ਮਾਰ ਦਿੱਤੇ ਗਏ ਸਨ। ਮਗਰੋਂ ਕੁਝ ਪੁਲਿਸ ਵਾਲਿਆਂ ਨੂੰ ਦੋਸ਼ੀ ਠਹਿਰਾ ਕੇ ਮੁਅੱਤਲ ਕਰ ਦਿੱਤਾ ਗਿਆ ਅਤੇ ਇਹ ਸਾਰਾ ਮਾਮਲਾ ਠੱਪ ਦਿੱਤਾ ਗਿਆ। ਇਨ੍ਹਾਂ ਨਿਰਦੋਸ਼ ਤੇ ਬੇਗੁਨਾਹ ਇਨਸਾਨਾਂ ਦੀਆਂ ਰੂਹਾਂ ਆਸ ਲਾਈ ਬੈਠੀਆਂ ਹਨ ਕਿ ਕਦੇ ਉਨ੍ਹਾਂ ਨੂੰ ਵੀ ਇਸ ਨਿਜ਼ਾਮ ਵਿੱਚ ਇਨਸਾਫ਼ ਮਿਲੇਗਾ ? ਇਸ ਭਿਆਨਕ ਘਟਨਾ ਦੀ ਸਾਰੀ ਰਿਪੋਰਟ ਇੰਦਰਜੀਤ ਸਿੰਘ ਜੇਜੀ ਕੋਲ ਮੌਜੂਦ ਹੈ ਅਤੇ ਇਸ ਦੇ ਕੁਝ ਅੰਸ਼ ਕਈ ਪੰਜਾਬੀ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਛਪ ਚੁੱਕੇ ਹਨ।

(ਬਾਕੀ ਸਫ਼ਾ 30 'ਤੇ)

## ਭਾਰਤ-ਅਮਰੀਕਾ ਸਬੰਧ ਖਰਾਬ ਦੌਰ ਵੱਲ ਵਧੇ

### ਚੀਨ ਦੇ ਸਾਂਝੇ ਖ਼ਤਰੇ ਦੇ ਬਾਵਜੂਦ ਦੋਵਾਂ ਦੇਸ਼ਾਂ 'ਚ ਅਣਬਣ ਦਾ ਮਾਹੌਲ



ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿੱਚ ਹਾਲ ਹੀ ਦੇ ਦਿਨਾਂ ਵਿੱਚ ਕੁਝ ਮੁੱਦਿਆਂ ਨੂੰ ਲੈ ਕੇ ਤਣਾਅ ਬਣਿਆ ਹੋਇਆ ਹੈ। ਖ਼ਾਲਿਸਤਾਨੀ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਅਮਰੀਕਾ ਦਾ ਦੋਸ਼ ਖਾਸ ਕਰਕੇ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਾਲੇ ਵਿਵਾਦ ਦਾ ਵਿਸ਼ਾ ਬਣ ਗਿਆ ਹੈ। ਇਸ ਕਾਰਨ ਦੋਵਾਂ ਦੇਸ਼ਾਂ ਦੀਆਂ ਖੁਫ਼ੀਆ ਏਜੰਸੀਆਂ ਇੱਕ-ਦੂਜੇ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇਕਰ ਇਸ ਮੁੱਦੇ ਨੂੰ ਸਮਝਦਾਰੀ ਨਾਲ ਨਜਿੱਠਿਆ ਨਹੀਂ ਗਿਆ ਤਾਂ ਦੁਵੱਲੇ ਸਬੰਧਾਂ ਵਿੱਚ ਹੋਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਹਾਲਾਂਕਿ, ਇਹ ਇਕੱਲਾ ਮੁੱਦਾ ਨਹੀਂ ਹੈ, ਜਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਭਾਰਤ-ਅਮਰੀਕਾ ਸਬੰਧਾਂ ਵਿੱਚ ਸਮੱਸਿਆਵਾਂ ਦਾ ਕਾਰਨ ਨਹੀਂ ਹੈ, ਸਗੋਂ ਸਿਰਫ ਇੱਕ ਸੰਕੇਤ ਹੈ। ਜੇਕਰ ਭਾਰਤ ਅਤੇ ਅਮਰੀਕਾ ਵਿਚਾਲੇ ਸਭ ਕੁਝ ਠੀਕ ਹੁੰਦਾ ਤਾਂ ਪੰਨੂ ਦੇ ਕਤਲ ਦੀ ਕੋਸ਼ਿਸ਼ ਦੇ ਮਾਮਲੇ ਨੂੰ ਚੁੱਪਚਾਪ ਅਤੇ ਜਲਦੀ ਨਜਿੱਠਿਆ ਜਾ ਸਕਦਾ ਸੀ।

ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਅਤੇ ਅਮਰੀਕਾ ਦੀ ਰਣਨੀਤਕ ਨੇੜਤਾ ਚੀਨ ਦੇ ਖਤਰੇ ਕਾਰਨ ਹੈ ਪਰ ਦੋਵਾਂ ਦੇਸ਼ਾਂ ਵਿਚਾਲੇ ਕਈ ਮੁੱਦੇ ਹਨ। ਰੂਸ ਦੇ ਅਮਰੀਕਾ ਨਾਲ ਖਰਾਬ ਸਬੰਧ ਬਾਰੇ ਸਭ ਜਾਣਦੇ ਹਨ। ਅਮਰੀਕਾ ਦਾ ਰੂਸ ਵਲ ਖਾਸ ਧਿਆਨ ਹੈ ਪਰ ਇਹ ਭਾਰਤ ਨਾਲ ਉਸ ਦੇ ਸਬੰਧਾਂ ਵਿੱਚ ਮੁਸ਼ਕਿਲ ਬਣਦਾ ਹੈ, ਕਿਉਂਕਿ ਰੂਸ ਭਾਰਤ ਦਾ ਮੁੱਖ ਫੌਜੀ ਸਪਲਾਇਰ ਹੈ। ਅਮਰੀਕਾ ਅਤੇ ਰੂਸ ਵਿਚਾਲੇ ਟਕਰਾਅ ਭਾਰਤ ਨੂੰ ਫ਼ੌਜੀ ਸਪਲਾਈ ਦੇਣ ਦੀ ਰੂਸ ਦੀ ਸਮਰੱਥਾ ਨੂੰ ਕਮਜ਼ੋਰ ਕਰਦਾ ਹੈ। ਜੇਕਰ ਭਾਰਤ ਰੂਸੀ ਸਪਲਾਇਰਾਂ ਤੋਂ ਮਹੱਤਵਪੂਰਨ ਫ਼ੌਜੀ ਖਰੀਦਦਾਰੀ ਕਰਦਾ ਹੈ ਤਾਂ ਅਮਰੀਕਾ ਨਵੀਂ ਦਿੱਲੀ ਨੂੰ ਆਰਥਿਕ ਪਾਬੰਦੀਆਂ ਦੀ ਧਮਕੀ ਵੀ ਦਿੰਦਾ ਹੈ। ਯੂਕਰੇਨ ਜੰਗ ਕਾਰਨ ਰੂਸ ਨੂੰ ਫ਼ੌਜੀ ਅਤੇ ਕੂਟਨੀਤਕ ਸਮਰਥਨ ਲਈ ਚੀਨ 'ਤੇ ਆਪਣੀ ਨਿਰਭਰਤਾ ਵਧਾਉਣੀ ਪਈ ਹੈ। ਨਤੀਜੇ ਵਜੋਂ ਰੂਸ ਵਲੋਂ ਭਾਰਤ-ਚੀਨ ਸੰਘਰਸ਼ ਦੀ ਸਥਿਤੀ ਵਿੱਚ ਭਾਰਤ ਨਾਲ ਰੱਖਿਆ ਸਮਝੌਤੇ ਜਾਰੀ ਰਖਣੇ ਸੌਖੇ ਨਹੀਂ ਹਨ। ਇਸ ਕਰਕੇ ਭਾਰਤ ਨੂੰ ਅਮਰੀਕਾ ਵਲ ਦੇਖਣਾ ਪੈ ਰਿਹਾ ਹੈ। ਰੂਸ ਤੇ ਅਮਰੀਕਾ ਨਾਲ ਭਾਰਤ ਵਲੋਂ ਇਕਠਿਆਂ ਨਿਭਾਉਣਾ ਸੌਖਾ ਨਹੀਂ।

## ਇਸ ਦਾ ਜਵਾਬ ਕੌਣ ਦੇਵੇਗਾ ?

# ਪੰਜਾਬ ਜਾਂ ਸਿੱਖ ਅੱਤਵਾਦੀ ਕਿਵੇਂ ਹੈ ?

ਜਿਸ ਪੰਜਾਬ ਦੇ ਸਿੱਖ ਨਾਇਕਾਂ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਨੇ ਪਾਕਿਸਤਾਨ ਦੀਆਂ ਪੂਛਾਂ ਚੁਕਾਕੇ ਅੱਧਾ ਪੰਜਾਬ ਪਾਕਿਸਤਾਨ ਦੇ ਕਬਜ਼ੇ ਤੋਂ ਬਚਾ ਲਿਆ, ਉਹ ਨਵੀ ਲੋਕ ਸਭਾ ਮੈਂਬਰ ਕੰਗਨਾ ਰਣੌਤ ਅਨੁਸਾਰ ਕਿਵੇਂ ਅੱਤਵਾਦੀ ਹੈ ?

ਸਭ ਤੋਂ ਮਹੱਤਵਪੂਰਨ ਪੱਖ ਪਾਕਿਸਤਾਨ ਯੁੱਧ ਦਾ ਇਹ ਸੀ ਕਿ ਜਦ ਪਾਕਿਸਤਾਨੀ ਪੈਟਨ ਟੈਂਕਾਂ ਦੀ ਡਿਵੀਜਨ ਖੇਮਕਰਨ ਖੇਤਰ ਵੱਲ ਵਧਣ ਲੱਗੀ ਤਾਂ ਖਤਰਾ ਹੋ ਗਿਆ ਕਿ ਭਾਰਤੀ ਸੈਂਚੂਰੀਅਨ ਟੈਂਕਾਂ ਨੇ ਇਨ੍ਹਾਂ ਦਾ ਸਾਹਮਣਾ ਨਹੀਂ ਕਰ ਸਕਣਾ ਸੀ ਤੇ ਲੜਾਈ ਹਾਰ ਜਾਣੀ ਸੀ। ਇਸ ਡਰ ਦੇ ਮੱਦੇ-ਨਜ਼ਰ ਸੈਨਾ ਮੁਖੀ ਜਨਰਲ ਜੇ ਐਨ ਚੌਧਰੀ ਨੇ ਜਨਰਲ ਹਰਬਖਸ਼ ਸਿੰਘ ਨੂੰ ਹੁਕਮ ਦਿਤਾ ਕਿ ਉਹ ਆਪਣੀ ਸੈਨਾ ਬਿਆਸ ਦਰਿਆ ਤੋਂ ਪਿੱਛੇ ਹਟਾ ਲਵੇ। ਇਸ ਦਾ ਮਤਲਬ ਖੇਮਕਰਨ, ਤਰਨਤਾਰਨ, ਗੋਇੰਦਵਾਲ, ਅੰਮ੍ਰਿਤਸਰ ਅਤੇ ਗੁਰਦਾਸਪੁਰ ਆਦਿ ਇਲਾਕੇ ਪਾਕਿਸਤਾਨ ਨੂੰ ਬਿਨਾਂ ਲੜਿਆਂ ਹੀ ਦਿਤੇ ਜਾਣੇ ਸਨ।

ਆਪਣੀ ਕਿਤਾਬ 'ਇਨ ਦਿ ਲਾਈਨ ਆਫ਼ ਡਿਊਟੀ: ਏ ਸੋਲਜਰ ਰਿਮੈਂਬਰਸ' ਵਿੱਚ, ਜਨਰਲ ਹਰਬਖ਼ਸ਼ ਸਿੰਘ ਨੇ ਲਿਖਿਆ ਹੈ: '9 ਸਤੰਬਰ ਦੀ ਦੇਰ ਰਾਤ ਨੂੰ, ਫ਼ੌਜ ਦੇ ਸਟਾਫ ਦੇ ਮੁਖੀ ਨੇ ਮੈਨੂੰ ਫੋਨ ਕੀਤਾ। ਉਸਦੀ ਸਲਾਹ ਸੀ ਕਿ ਪਾਕਿਸਤਾਨੀ ਟੈਂਕਾ ਦੀ ਵਧਦੀ ਡਿਵੀਜਨ ਤੋਂ ਸਾਰੀ ਫ਼ੌਜ ਨੂੰ ਬਚਾਉਣ ਲਈ ਮੈਨੂੰ ਆਪਣੀ ਫ਼ੌਜ ਨੂੰ ਬਿਆਸ ਦਰਿਆ ਦੀ



ਲਾਈਨ ਵੱਲ ਵਾਪਸ ਲੈ ਜਾਣਾ ਚਾਹੀਦਾ ਹੈ। ਬਿਆਸ ਤੋਂ ਪਿੱਛੇ ਲੈ ਜਾਣ ਦਾ ਮਤਲਬ ਇਹ ਹੋਵੇਗਾ ਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਸਮੇਤ ਪੰਜਾਬ ਦੇ ਪ੍ਰਮੁੱਖ ਖੇਤਰ ਦੀ ਕੁਰਬਾਨੀ ਦਿੱਤੀ ਜਾਣੀ ਸੀ ਜੋ 1962 ਵਿੱਚ ਚੀਨ ਦੇ ਹੱਥੋਂ ਹੋਈ ਹਾਰ ਨਾਲੋਂ ਕਿਤੇ ਭੈੜੀ ਹਾਰ ਹੋਵੇਗੀ।' ਇਸ ਦੀ ਪੁਸ਼ਟੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੀਤੀ ਹੈ ਜੋ ਉਸ ਵੇਲੇ ਜਨਰਲ ਹਰਬਖਸ਼ ਸਿੰਘ ਦੇ ਏ ਡੀ ਸੀ ਸਨ ਤੇ ਜਿਨ੍ਹਾਂ ਨੂੰ ਫ਼ੌਜ ਮੁਖੀ ਦਾ ਫ਼ੋਨ ਆਇਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ ਹੈ: 'ਸਵੇਰੇ 2.30 ਵਜੇ ਆਰਮੀ ਚੀਫ਼ ਜਨਰਲ ਜੇ ਐਨ ਚੌਧਰੀ ਨੇ ਜਨਰਲ ਨੂੰ ਬੁਲਾਇਆ ਅਤੇ ਗੱਲ ਕੀਤੀ ਅਤੇ ਵੱਡੇ ਖਤਰੇ ਬਾਰੇ ਗਰਮ ਚਰਚਾ ਦੇ ਬਾਅਦ, ਸੈਨਾ ਮੁਖੀ ਨੇ ਫ਼ੌਜ ਦੇ ਕਮਾਂਡਰ ਨੂੰ ਹੁਕਮ ਦਿੱਤੇ ਕਿ ਉਹ 11 ਕੋਰ ਨੂੰ ਬਿਆਸ ਦਰਿਆ ਤੋਂ ਪਿੱਛੇ ਲੈ ਜਾਣ। ਜਨਰਲ ਹਰਬਖਸ਼ ਸਿੰਘ ਨੇ ਇਸ ਹੁਕਮ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ।'

ਆਪਣੇ ਸੈਨਾ ਮੁਖੀ ਦੇ ਮੌਖਿਕ ਆਦੇਸ਼ ਨੂੰ ਮੰਨਣ ਤੋਂ ਇਨਕਾਰੀ ਹੋਣਾ ਬਹੁਤ ਵੱਡਾ ਅਪਰਾਧ ਮੰਨਿਆਂ ਜਾਂਦਾ ਹੈ ਪਰ ਜਰਨੈਲ ਹਰਬਖਸ਼ ਸਿੰਘ ਨੇ ਆਪਣੇ ਤੋਂ ਪਹਿਲਾਂ ਆਪਣੇ ਮੂਲਕ ਨੂੰ ਤਰਜੀਹ ਦਿੱਤੀ। ਆਪਣੀ ਪਹੁੰਚ ਵਿੱਚ ਦਲੇਰ ਜਾਣੇ ਜਾਂਦੇ ਇਸ ਜਰਨੈਲ ਨੇ ਸਾਰੇ ਖਤਰਿਆਂ ਨੂੰ ਭਾਂਪ ਕੇ ਜੋਖਮ ਲੈਣ ਵਿੱਚ ਸੰਕੋਚ ਨਹੀਂ ਕੀਤਾ। ਨਤੀਜਾ ਭਾਰਤ ਦੇ ਪੱਖ ਵਿੱਚ ਸੀ। ਪਾਕਿਸਤਾਨ ਵੱਲੋਂ ਅਸਲ ਉੱਤਰ ਦੀ ਲੜਾਈ ਵਿੱਚ, ਪਾਕਿਸਤਾਨੀ ਬਖਤਰਬੰਦ ਡਿਵੀਜ਼ਨ ਦੇ ਮਸ਼ਹੂਰ ਐਮ-47 ਪੈਟਨ ਟੈਂਕਾਂ ਨੂੰ ਮੁੱਠੀ ਭਰ ਪੈਦਲ ਫੌਜੀਆਂ ਅਤੇ ਸੈਂਚੁਰੀਅਨ ਟੈਂਕਾਂ ਨਾਲ ਲੈਸ ਇੱਕਲੀ ਭਾਰਤੀ ਰੈਜੀਮੈਂਟ ਨੇ ਅਜਿਹਾ ਸਤਿਆਨਾਸ ਕੀਤਾ ਕਿ ਚਾਰੇ ਪਾਸੇ ਟੁਟੇ ਸੜੇ ਟੈਂਕ ਹੀ ਨਜ਼ਰ ਆਉਣ ਲੱਗੇ। ਅਮਰੀਕਨ ਪੈਟਨ ਟੈਂਕਾਂ ਦੀ ਅਜਿਹੀ ਕਬਰਗਾਹ ਬਣਾਈ ਜੋ ਅੱਜ ਤਕ ਖੇਮਕਰਨ ਸੈਕਟਰ ਵਿੱਚ ਵੇਖੀ ਜਾ ਸਕਦੀ ਹੈ।

(ਬਾਕੀ ਸਫ਼ਾ 30 'ਤੇ)

## ਮਾਮਲਾ ਤਰਨ ਤਾਰਨ ਵਿਖੇ ਹੋਏ ਝੂਠੇ ਪੁਲਿਸ ਮੁਕਾਬਲੇ ਦਾ

# ਸੇਵਾ-ਮੁਕਤ ਡੀ.ਆਈ.ਜੀ. ਨੂੰ 7 ਸਾਲ ਤੇ ਸੇਵਾ-ਮੁਕਤ ਡੀ.ਐਸ.ਪੀ. ਨੂੰ ਉਮਰ ਕੈਦ

## ਝੂਠੇ ਮੁਕਾਬਲੇ 'ਚ ਮਾਰ ਕੇ ਅਣਪਛਾਤੀਆਂ ਲਾਸ਼ਾਂ ਕਰਾਰ ਦੇ ਕੇ ਪੁਲਿਸ ਵੱਲੋਂ ਅੰਤਿਮ ਸਸਕਾਰ ਕੀਤਾ ਗਿਆ ਸੀ

## ਪਿਤਾ ਚਮਨ ਲਾਲ ਨੇ ਨੰਗੇ ਪੈਰੀਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦਿਵਾਉਣ ਲਈ ਕੀਤਾ ਸੰਘਰਸ਼

### ਪੁਲਿਸ ਅਧਿਕਾਰੀਆਂ ਨੂੰ ਮਿਲੀ ਸਜ਼ਾ ਤੋਂ ਪਰਿਵਾਰ ਸੰਤੁਸ਼ਟ ਨਹੀਂ, ਹਾਈਕੋਰਟ ਜਾਵੇਗਾ



ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ : ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਕਰੀਬ 3 ਦਹਾਕੇ ਪੁਰਾਣੇ ਤਰਨ ਤਾਰਨ ਵਿਖੇ ਹੋਏ ਝੂਠੇ ਪੁਲਿਸ ਮੁਕਾਬਲੇ ਦੇ ਮਾਮਲੇ ਵਿੱਚ ਬੀਤੇ ਦਿਨੀਂ ਆਪਣਾ ਫ਼ੈਸਲਾ ਸੁਣਾਉਂਦਿਆਂ ਸੇਵਾ-ਮੁਕਤ ਡੀ.ਆਈ.ਜੀ. ਦਿਲਬਾਗ ਸਿੰਘ ਨੂੰ 7 ਸਾਲ ਦੀ ਕੈਦ ਅਤੇ ਸੇਵਾ-ਮੁਕਤ ਡੀ.ਐਸ.ਪੀ. ਗੁਰਬਚਨ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੋਵਾਂ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਹਿਰਾਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਹੈ। ਇਸ ਕੇਸ ਦੀ ਪੈਰਵਾਈ ਕਰ ਰਹੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਪੁਸ਼ਪਿੰਦਰ ਸਿੰਘ ਨੱਤ ਅਤੇ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਅਦਾਲਤ ਨੇ ਇੱਕ ਦਿਨ ਪਹਿਲਾਂ ਹੀ ਦੋਵਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਸੇਵਾ-ਮੁਕਤ ਡੀ.ਐਸ.ਪੀ. ਗੁਰਬਚਨ ਸਿੰਘ ਨੂੰ ਧਾਰਾ 302 (ਕਤਲ), 364 (ਅਗਵਾ), (201) ਸਬੂਤਾਂ ਨੂੰ ਨਸ਼ਟ ਕਰਨ ਅਤੇ 218 (ਕਿਸੇ ਵਿਅਕਤੀ ਨੂੰ ਸਜ਼ਾ ਜਾਂ ਜਾਇਦਾਦ ਜ਼ਬਤ ਕਰਨ ਦੇ ਇਰਾਦੇ ਨਾਲ ਝੂਠੀ ਰਿਪੋਰਟ ਰਿਕਾਰਡ ਬਣਾਉਣਾ) ਦੇ ਤਹਿਤ ਉਮਰ ਕੈਦ ਦੀ ਸਜ਼ਾ ਅਤੇ 3.25 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ, ਜਦਕਿ ਸੇਵਾ-ਮੁਕਤ ਡੀ.ਆਈ.ਜੀ. ਦਿਲਬਾਗ ਸਿੰਘ ਨੂੰ ਧਾਰਾ 364 ਤਹਿਤ 7 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ ਅਤੇ ਜੁਰਮਾਨਾ ਅਦਾ ਨਾ ਕਰਨ 'ਤੇ 9 ਮਹੀਨੇ ਦੀ ਹੋਰ ਕੈਦ ਕੱਟਣੀ ਪਵੇਗੀ। ਇਸੇ ਦੌਰਾਨ ਵਕੀਲਾਂ ਸਮੇਤ ਮ੍ਰਿਤਕ ਦੇ ਭਰਾ ਬੌਬੀ ਨੇ ਦੱਸਿਆ ਕਿ 22 ਜੂਨ, 1993 ਨੂੰ ਤਰਨ ਤਾਰਨ ਪੁਲਿਸ ਨੇ ਜੰਡਾਲਾ ਰੋਡ ਤਰਨ ਤਾਰਨ ਤੋਂ ਹਿੰਦੂ ਪਰਿਵਾਰ ਨਾਲ ਸੰਬੰਧਿਤ ਚਮਨ ਲਾਲ ਅਤੇ ਉਸ ਦੇ ਤਿੰਨ ਪੁੱਤਰਾਂ ਗੁਲਸ਼ਨ ਕੁਮਾਰ, ਪ੍ਰਵੀਨ ਕੁਮਾਰ ਅਤੇ ਬੌਬੀ ਨੂੰ ਘਰੋਂ ਚੁੱਕ ਕੇ ਥਾਣਾ ਸਿਟੀ ਤਰਨ ਤਾਰਨ ਵਿਖੇ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਸੀ ਅਤੇ ਤਿੰਨ ਦਿਨਾਂ ਬਾਅਦ 26 ਜੂਨ ਨੂੰ ਚਮਨ ਲਾਲ ਅਤੇ ਉਸ ਦੇ ਦੋ ਪੁੱਤਰਾਂ ਪ੍ਰਵੀਨ ਕੁਮਾਰ ਤੇ ਬੌਬੀ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ, ਪਰ ਗੁਲਸ਼ਨ ਕੁਮਾਰ ਨੂੰ ਹਿਰਾਸਤ ਵਿੱਚ ਹੀ ਰੱਖਿਆ ਗਿਆ।

ਪਰਿਵਾਰ ਮੁਤਾਬਿਕ ਇੱਕ ਮਹੀਨਾ ਹਿਰਾਸਤ ਵਿਚ ਰੱਖਣ ਉਪਰੰਤ ਪੁਲਿਸ ਨੇ ਝੂਠੇ ਪੁਲਿਸ ਮੁਕਾਬਲੇ ਰਾਹੀਂ ਗੁਲਸ਼ਨ ਕੁਮਾਰ ਤੋਂ ਇਲਾਵਾ ਕਰਨੈਲ ਸਿੰਘ, ਜਰਨੈਲ ਸਿੰਘ (ਦੋਵੇਂ ਭਰਾ) ਵਾਸੀ ਜ਼ੀਰਾ ਅਤੇ ਹਰਜਿੰਦਰ ਸਿੰਘ ਵਾਸੀ ਮੁਰਾਦਪੁਰਾ ਨੂੰ ਪਲਾਸੌਰ ਪਿੰਡ ਨੂੰ 21 ਜੁਲਾਈ ਦੌਰਾਨ ਮਾਰ ਦਿੱਤਾ। ਉਸ ਦਿਨ ਵੀ ਚਮਨ ਲਾਲ ਆਪਣੇ ਲੜਕੇ ਲਈ ਰੋਟੀ ਲੈ ਕੇ ਗਿਆ ਸੀ, ਜਿਥੇ ਇੱਕ ਸਿਪਾਹੀ ਨੇ ਉਸ ਨੂੰ ਗੁਲਸ਼ਨ ਕੁਮਾਰ ਦੇ ਮੁਕਾਬਲੇ ਦੌਰਾਨ ਮਾਰੇ ਜਾਣ ਦੀ ਖ਼ਬਰ ਦੇ ਦਿੱਤੀ। ਉਨ੍ਹਾਂ ਦੀਆਂ ਲਾਸ਼ਾਂ ਨੂੰ ਪਰਿਵਾਰਾਂ ਨੂੰ ਸੌਂਪੇ ਬਿਨਾਂ ਹੀ ਅਣਪਛਾਤੀਆਂ ਕਰਾਰ ਦੇ ਕੇ ਅੰਤਿਮ ਸਸਕਾਰ ਵੀ ਕਰ ਦਿੱਤਾ।

ਫਿਰ ਚਮਨ ਲਾਲ ਨੇ ਉਸ ਨਾਲ ਹੋਏ ਅਨਿਆਂ ਵਿਰੁੱਧ 1996 'ਚ ਕਾਨੂੰਨੀ ਲੜਾਈ ਸ਼ੁਰੂ ਕੀਤੀ। ਚਮਨ ਲਾਲ ਦੀ ਸ਼ਿਕਾਇਤ 'ਤੇ ਸੀ.ਬੀ.ਆਈ. ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਗਈ ਸੀ ਅਤੇ ਉਸ ਸਮੇਂ ਦੇ ਐੱਸ.ਐੱਚ.ਓ. ਗੁਰਬਚਨ ਸਿੰਘ, ਡੀ.ਐੱਸ.ਪੀ. ਦਿਲਬਾਗ ਸਿੰਘ, ਏ.ਐੱਸ.ਆਈ. ਅਰਜਨ ਸਿੰਘ, ਏ.ਐਸ.ਆਈ. ਦਵਿੰਦਰ ਸਿੰਘ ਅਤੇ ਏ.ਐਸ.ਆਈ ਬਲਬੀਰ ਸਿੰਘ ਖ਼ਿਲਾਫ਼ ਕੇਸ ਦਰਜ ਕਰਕੇ ਦੋਸ਼ ਪੱਤਰ ਦਾਖ਼ਲ ਕੀਤਾ। ਇਹ ਮਾਮਲਾ ਵੱਡਾ ਸਮਾਂ ਪੁਲਿਸ ਅਧਿਕਾਰੀਆਂ ਵਲੋਂ ਪਾਈਆਂ ਰਿੱਟਾਂ ਕਾਰਨ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਬਕਾਇਆ ਰਿਹਾ। 90 ਸਾਲ ਤੋਂ ਵੱਧ ਦੀ ਉਮਰ ਤੱਕ ਕਾਨੂੰਨੀ ਲੜਾਈ ਲੜਦੇ ਰਹੇ ਚਮਨ ਲਾਲ ਦੇ 28 ਜੂਨ 2016 ਨੂੰ ਜਹਾਨੋਂ ਤੁਰ ਜਾਣ ਪਿੱਛੋਂ ਇਨਸਾਫ ਮਿਲਿਆ।

ਬੀਤੇ ਦਿਨੀਂ ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਇਸ ਫਰਜ਼ੀ ਪੁਲਿਸ ਮੁਕਾਬਲੇ ਵਿੱਚ ਪੰਜਾਬ ਪੁਲਿਸ ਦੇ ਸੇਵਾ-ਮੁਕਤ ਡੀ.ਆਈ.ਜੀ. ਦਿਲਬਾਗ ਸਿੰਘ ਅਤੇ ਸੇਵਾ-ਮੁਕਤ ਡੀ.ਐੱਸ.ਪੀ. ਗੁਰਚਰਨ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ, ਜਦਕਿ ਇਸ ਕੇਸ ਵਿੱਚ ਨਾਮਜ਼ਦ ਤਿੰਨ ਪੁਲਿਸ ਮੁਲਾਜ਼ਮਾਂ ਅਰਜੁਨ ਸਿੰਘ, ਦਵਿੰਦਰ ਸਿੰਘ ਅਤੇ ਬਲਬੀਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਦੱਸ ਦਈਏ ਕਿ ਪਰਮਜੀਤ ਕੌਰ ਖਾਲੜਾ ਵੱਲੋਂ 2097 ਲਾਵਾਰਿਸ ਲਾਸ਼ਾਂ ਨੂੰ ਸਾੜੇ ਜਾਣ ਸਬੰਧੀ ਪਾਈ ਗਈ ਰਿੱਟ ਦੀ ਵੀ ਸੀ.ਬੀ.ਆਈ. ਵੱਲੋਂ ਦਰਜ ਕੀਤੇ ਕੇਸ ਦੇ ਨਾਲ ਹੀ ਅਦਾਲਤ ਵਿੱਚ ਸੁਣਵਾਈ ਹੋਈ।

**ਗੁਲਸ਼ਨ ਕੁਮਾਰ ਨੇ ਲੰਬਾ ਸਮਾਂ ਸੰਘਰਸ਼ ਲੜਿਆ**

ਤਰਨਤਾਰਨ ਵਿੱਚ ਸਬਜ਼ੀ ਦੀ ਰਿਹੜੀ ਲਗਾਉਣ ਵਾਲੇ ਨੌਜਵਾਨ ਗੁਲਸ਼ਨ ਕੁਮਾਰ ਨੂੰ ਅਗਵਾ ਕਰਕੇ ਫਰਜੀ ਮੁਕਾਬਲੇ ਵਿੱਚ ਕਤਲ ਕਰਨ ਦੇ ਦੋਸ਼ ਹੇਠ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਤਾਂ ਮਿਲ ਗਈ। ਪਰ 90 ਸਾਲ ਦੀ ਵੱਧ ਉਮਰ ਵਿੱਚ ਬੁੱਢੀਆਂ ਹੱਡੀਆਂ ਨੂੰ ਧੂਹ ਧੂਹ ਕੇ ਇਨਸਾਫ ਮੰਗਦੇ ਰਹੇ ਉਸਦੇ ਪਿਤਾ ਚਮਨ ਲਾਲ ਦੀ ਇਨਸਾਫ ਮਿਲਣ ਤੋਂ ਪਹਿਲਾਂ ਹੀ ਮੌਤ ਹੋ ਗਈ। ਚਮਨ ਲਾਲ ਉਹ ਇਨਸਾਨ ਸੀ ਜਿਸ ਨੇ 47 ਵੰਡ ਵੇਲੇ 30 ਸਾਕ ਸਬੰਧੀਆਂ ਨੂੰ ਗਵਾਉਣ ਦਾ ਦੁੱਖ ਪਿੰਡੇ 'ਤੇ ਝੱਲਿਆ ਅਤੇ ਫਿਰ ਕਾਲੇ ਦੌਰ ਦੌਰਾਨ ਪੁੱਤ ਦੀ ਫਰਜ਼ੀ ਪੁਲਿਸ ਮੁਕਾਬਲੇ ਵਿੱਚ ਮੌਤ ਦਾ ਦਰਦ ਵੀ ਸਹਿਣਾ ਪਿਆ।

ਗੁਲਸ਼ਨ ਕੁਮਾਰ ਦੇ ਪਿਤਾ ਚਮਨ ਲਾਲ ਨੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਸਜ਼ਾ ਦਿਵਾਉਣ ਲਈ ਗੁਲਸ਼ਨ ਕੁਮਾਰ ਦੀ ਸਹੁੰ ਖਾ ਕੇ ਇਹ ਲੜਾਈ ਸ਼ੁਰੂ ਕੀਤੀ ਸੀ ਕਿ ਉਹ ਉਸ ਸਮੇਂ ਤੱਕ ਪੈਰੀਂ ਜੁੱਤੀ ਨਹੀਂ ਪਾਵੇਗਾ, ਜਦ ਤੱਕ ਉਹ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਨਹੀਂ ਦਿਵਾਏਗਾ, ਪਰ ਪੁਲਿਸ ਅਧਿਕਾਰੀਆਂ ਵਲੋਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਪਾਈਆਂ ਰਿੱਟਾਂ ਕਾਰਨ ਇਹ ਕੇਸ ਉੱਚ ਅਦਾਲਤਾਂ ਵਿੱਚ ਲੰਬਿਤ ਰਿਹਾ ਅਤੇ ਚਮਨ ਲਾਲ ਦੀ ਗਵਾਹੀ ਦਿੱਤੇ ਬਿਨਾਂ ਹੀ 2016 ਵਿੱਚ ਮੌਤ ਹੋ ਗਈ ਸੀ।

ਪਰਿਵਾਰਕ ਮੈਂਬਰ ਬੌਬੀ ਕੁਮਾਰ ਅਨੁਸਾਰ ਉਸ ਦੇ ਪਿਤਾ ਨੂੰ ਕਈ ਪੁਲਿਸ ਅਧਿਕਾਰੀਆਂ ਵੱਲੋਂ ਇਸ ਕੇਸ ਨੂੰ ਵਾਪਸ ਲੈਣ ਲਈ ਲੱਖਾਂ ਰੁਪਏ ਦੇ ਲਾਲਚ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਗਈ, ਪਰ ਉਸ ਨੇ ਪੁੱਤਰ ਲਈ ਇਨਸਾਫ਼ ਨੂੰ ਪਹਿਲ ਦਿੱਤੀ ਅਤੇ ਸਾਰੀਆਂ ਪੇਸ਼ਕਸ਼ਾਂ ਠੁਕਰਾ ਦਿੱਤੀਆਂ। ਪੁਲਿਸ ਵਲੋਂ ਇਸ ਗ਼ਰੀਬ ਪਰਿਵਾਰ ਨੂੰ ਧਮਕੀਆਂ ਵੀ ਦਿੱਤੀਆਂ, ਪਰ ਬਿਨਾਂ ਪ੍ਰਵਾਹ ਕੀਤੇ ਉਨ੍ਹਾਂ ਨੇ ਇਹ ਕੇਸ ਲੜਿਆ, ਇਸ ਕੇਸ ਦੇ ਦੂਸਰੇ ਗਵਾਹ ਉਸ ਦੇ ਲੜਕੇ ਪ੍ਰਵੀਨ ਕੁਮਾਰ ਵਲੋਂ ਗਵਾਹੀ ਤਾਂ ਦੇ ਦਿੱਤੀ ਗਈ, ਪਰ ਉਸ ਦੀ ਵੀ 2023 ਵਿੱਚ ਮੌਤ ਹੋ ਗਈ। ਹੁਣ ਇਹ ਕੇਸ ਉਨ੍ਹਾਂ ਦਾ ਤੀਸਰਾ ਲੜਕਾ ਬੌਬੀ ਕੁਮਾਰ ਦੇਖ ਰਿਹਾ ਹੈ।

ਬੌਬੀ ਕੁਮਾਰ, ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਬੀਬੀ ਪਰਮਜੀਤ ਕੌਰ ਖਾਲੜਾ, ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਸੀ.ਬੀ.ਆਈ. ਦੇ ਅਫ਼ਸਰਾਂ ਅਤੇ ਅਦਾਲਤ ਦਾ ਧੰਨਵਾਦ ਕੀਤਾ ਕਿ ਆਖ਼ਰ ਪਰਿਵਾਰ ਨੂੰ ਲੰਮੀ ਲੜਾਈ ਲੜਨ ਤੋਂ ਬਾਅਦ 32 ਸਾਲ ਬਾਅਦ ਇਨਸਾਫ਼ ਮਿਲਿਆ। ਪਰਿਵਾਰ ਨੇ ਡੀ.ਆਈ.ਜੀ. ਦਿਲਬਾਗ ਸਿੰਘ ਨੂੰ ਸਜ਼ਾ ਘੱਟ ਹੋਣ 'ਤੇ ਹਾਈ ਕੋਰਟ ਵਿੱਚ ਜਾਣ ਬਾਰੇ ਵੀ ਕਿਹਾ ਹੈ।

## ਰਵਨੀਤ ਬਿੱਟੂ ਨੇ ਰੇਲਵੇ 'ਚ ਕੇਂਦਰੀ ਰਾਜ ਮੰਤਰੀ ਦਾ ਅਹੁਦਾ ਸੰਭਾਲਿਆ, ਕਿਹਾ- 'ਪੰਜਾਬੀਆਂ ਨੂੰ ਦਿੱਤੇ ਜਾਣਗੇ ਵੱਧ ਮੌਕੇ'



ਲੁਧਿਆਣਾ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਵੀਂ ਕੈਬਨਿਟ ਵਿੱਚ ਰਾਜ ਮੰਤਰੀ ਚੁਣੇ ਗਏ ਰਵਨੀਤ ਸਿੰਘ ਬਿੱਟੂ ਨੇ ਰੇਲ ਭਵਨ ਨਵੀਂ ਦਿੱਲੀ ਵਿਖੇ ਅਹੁਦਾ ਸੰਭਾਲ ਲਿਆ ਹੈ। ਇਸ ਦੌਰਾਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਰਹੇ। ਇਸ ਮੌਕੇ ਉਨ੍ਹਾਂ ਨੇ ਵਿਭਾਗ ਦੇ ਮੁਲਾਜ਼ਮਾਂ ਨਾਲ ਵੀ ਮੁਲਾਕਾਤ ਕੀਤੀ। ਬਿੱਟੂ ਨੇ ਕਿਹਾ ਕਿ ਉਹ ਰੇਲਵੇ ਨੂੰ ਅੱਗੇ ਵਧਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਰਵਨੀਤ ਬਿੱਟੂ ਨੇ ਕਿਹਾ ਕਿ ਰੇਲ ਮੰਤਰਾਲੇ ਵਿੱਚ ਇਹ ਜ਼ਿੰਮੇਵਾਰੀ ਬਹੁਤ ਵੱਡੀ ਹੈ। ਰੇਲਵੇ ਵਿੱਚ ਭਰਤੀ ਵੀ ਜ਼ਿਆਦਾ ਹੁੰਦੀ ਹੈ ਤੇ ਜ਼ਿਆਦਾ ਤੋਂ ਜ਼ਿਆਦਾ ਪੰਜਾਬੀਆਂ ਨੂੰ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਰੇਲਵੇ ਰਾਹੀਂ ਆਉਣ-ਜਾਣ ਵਾਲੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਾਂਗੇ। ਰਵਨੀਤ ਸਿੰਘ ਬਿੱਟੂ ਨੇ ਜਯਾ ਵਰਮਾ ਸਿਨਹਾ ਚੇਅਰਮੈਨ ਅਤੇ ਸੀਈਓ ਰੇਲਵੇ ਬੋਰਡ, ਏਕੇ ਖੰਡੇਲਵਾਲ ਮੈਂਬਰ ਬੁਨਿਆਦੀ ਢਾਂਚਾ, ਰੂਪਾ ਸ਼੍ਰੀਨਿਵਾਸਨ ਮੈਂਬਰ ਵਿੱਤ, ਸਤੀਸ਼ ਕੁਮਾਰ ਮੈਬਰਵਰਟੈਕਸ਼ਨ ਤੇ ਰੋਲਿੰਗ ਸਟਾਕ, ਏਕੇ ਯਾਦਵ ਡੀਜੀ ਆਰਪੀਐਫ ਦੀ ਮੌਜੂਦਗੀ 'ਚ ਆਪਣਾ ਅਹੁਦਾ ਸੰਭਾਲ ਲਿਆ। ਇਸ ਸਮੇਂ ਰਾਜ ਮੰਤਰੀ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

ਰਵਨੀਤ ਬਿੱਟੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਗੱਲ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਕਿ ਅਸੀਂ ਕਪੂਰਥਲਾ ਰੇਲ ਕੋਚ ਫੈਕਟਰੀ ਨੂੰ ਕਿਵੇਂ ਬਿਹਤਰ ਬਣਾ ਸਕਦੇ ਹਾਂ, ਜਿੱਥੇ ਬਿਹਤਰੀਨ ਕੋਚ, ਵੰਦੇ ਭਾਰਤ ਕੋਚ ਬਣਦੇ ਹਨ। ਉਨ੍ਹਾਂ ਕਿਹਾ ਕਿ ਉਹ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੋਢੇ ਨਾਲ ਮੋਢਾ ਜੋੜ ਕੇ ਰੇਲ ਸੇਵਾਵਾਂ ਨੂੰ ਬਿਹਤਰ ਬਣਾਉਣ ਦਾ ਕੰਮ ਕਰਨਗੇ। ਰੇਲ ਸੇਵਾ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜਿਆ ਹੋਇਆ ਕੰਮ ਹੈ।

## ਚੋਣ ਕਮਿਸ਼ਨ ਨੇ 7 ਸੂਬਿਆਂ ਦੀਆਂ 13 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਕੀਤਾ ਐਲਾਨ




ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੇ ਚੋਣ ਕਮਿਸ਼ਨ ਨੇ ਬਿਹਾਰ, ਪੱਛਮੀ ਬੰਗਾਲ, ਤਾਮਿਲਨਾਡੂ, ਮੱਧ ਪ੍ਰਦੇਸ਼, ਉੱਤਰਾਖੰਡ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ 13 ਵਿਧਾਨ ਸਭਾ ਹਲਕਿਆਂ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਲਈ ਉਪ ਚੋਣਾਂ ਯਾਨੀ ਕਿ ਜ਼ਿਮਨੀ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਹੈ। 10 ਜੁਲਾਈ ਨੂੰ ਵੋਟਾਂ ਪੈਣਗੀਆਂ ਅਤੇ 13 ਜੁਲਾਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਭਾਰਤੀ ਚੋਣ ਕਮਿਸ਼ਨ ਨੇ ਚੋਣਾਂ ਨੂੰ ਲੈ ਕੇ ਇੱਕ ਐਲਾਨ ਕੀਤਾ ਹੈ।

10 ਜੁਲਾਈ ਨੂੰ ਬਿਹਾਰ ਦੀ 1, ਬੰਗਾਲ ਦੀ 4, ਤਾਮਿਲਨਾਡੂ ਦੀ 1, ਮੱਧ ਪ੍ਰਦੇਸ਼ ਦੀ 1, ਉੱਤਰਾਖੰਡ ਦੀ 2, ਪੰਜਾਬ ਦੀ 1 ਅਤੇ ਹਿਮਾਚਲ ਦੀ 3 ਸੀਟ 'ਤੇ ਵੋਟਿੰਗ ਹੋਵੇਗੀ। ਚੋਣ ਕਮਿਸ਼ਨ ਮੁਤਾਬਕ ਇਨ੍ਹਾਂ ਸੀਟਾਂ 'ਤੇ ਨੋਟੀਫਿਕੇਸ਼ਨ 14 ਜੂਨ ਨੂੰ ਜਾਰੀ ਕੀਤਾ ਜਾਵੇਗਾ।

ਨਾਮਜ਼ਦਗੀ ਦੀ ਆਖਰੀ ਤਾਰੀਖ਼ 21 ਜੂਨ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 24 ਜੂਨ ਨੂੰ ਹੋਵੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਤਾਰੀਖ਼ 26 ਜੂਨ ਰੱਖੀ ਗਈ ਹੈ।

### ਜਲੰਧਰ 'ਚ 10 ਜੁਲਾਈ ਨੂੰ ਹੋਵੇਗੀ ਜ਼ਿਮਨੀ ਚੋਣ

ਜਲੰਧਰ/ਏ.ਟੀ.ਨਿਊਜ਼ : ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਖਾਲ੍ਹੀ ਹੋਈ ਜਲੰਧਰ ਵੈਸਟ ਹਲਕੇ ਦੀ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਦਾ ਐਲਾਨ ਹੋ ਗਿਆ ਹੈ। ਚੋਣ ਕਮਿਸ਼ਨ ਦੇ ਐਲਾਨ ਮੁਤਾਬਕ 10 ਜੁਲਾਈ ਨੂੰ ਜਲੰਧਰ ਵੈਸਟ ਸੀਟ 'ਤੇ ਜ਼ਿਮਨੀ ਚੋਣ ਹੋਵੇਗੀ ਅਤੇ 13 ਜੁਲਾਈ ਨੂੰ ਨਤੀਜਿਆਂ ਦਾ ਐਲਾਨ ਕਰ ਦਿੱਤਾ ਜਾਵੇਗਾ। ਜਲੰਧਰ ਦੇ ਵੈਸਟ ਹਲਕੇ ਦੀ ਸੀਟ ਤੋਂ ਬਾਅਦ ਹਿਮਾਚਲ ਦੀਆਂ 3 ਵਿਧਾਨ ਸਭਾ ਸੀਟਾਂ ਸਣੇ ਦੇਸ਼ ਭਰ ਵਿੱਚ 13 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਦਾ ਐਲਾਨ ਕੀਤਾ ਗਿਆ ਹੈ।

## 24 ਜੂਨ ਤੋਂ ਸ਼ੁਰੂ ਹੋ ਰਿਹੈ ਸੰਸਦ ਸੈਸ਼ਨ

### ਨਵੇਂ ਸਾਂਸਦ ਚੁੱਕਣਗੇ ਸਹੁੰ, ਸਪੀਕਰ ਦੀ ਵੀ ਹੋਵੇਗੀ ਚੋਣ

ਨਵੀਂ ਦਿੱਲੀ/ਏ.ਟੀ.ਨਿਊਜ਼ : ਸੰਸਦੀ ਕਾਰਜ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕਿ 18ਵੀਂ ਲੋਕ ਸਭਾ ਦਾ ਪਹਿਲਾ ਸੈਸ਼ਨ 24 ਜੂਨ ਤੋਂ ਸ਼ੁਰੂ ਹੋਵੇਗਾ, ਜਿਸ 'ਚ ਨਵੇਂ ਚੁਣੇ ਸੰਸਦ ਮੈਂਬਰਾਂ ਨੂੰ ਸਹੁੰ ਚੁਕਾਈ ਜਾਵੇਗੀ। ਸੈਸ਼ਨ ਦੇ ਪਹਿਲੇ ਤਿੰਨ ਦਿਨ 'ਚ ਨਵੇਂ ਚੁਣੇ ਮੈਂਬਰ ਸਹੁੰ ਚੁੱਕਣਗੇ ਅਤੇ ਸਦਨ ਦੇ ਸਪੀਕਰ ਦੀ ਚੋਣ ਕੀਤੀ ਜਾਵੇਗੀ। ਸੈਸ਼ਨ ਤਿੰਨ ਜੁਲਾਈ ਨੂੰ ਸੰਪੰਨ ਹੋਵੇਗਾ। ਰਾਸ਼ਟਰਪਤੀ ਦ੍ਰੋਪਦੀ ਮੁਰਮੂ 27 ਜੂਨ ਨੂੰ ਲੋਕ ਸਭਾ ਅਤੇ ਰਾਜ ਸਭਾ ਦੀ ਸੰਯੁਕਤ ਬੈਠਕ ਨੂੰ ਸੰਬੋਧਨ ਕਰੇਗੀ ਅਤੇ ਅਗਲੇ 5 ਸਾਲ ਲਈ ਨਵੀਂ ਸਰਕਾਰ ਦੇ ਕੰਮਕਾਜ ਦੀ ਰੂਪਰੇਖਾ ਪੇਸ਼ ਕਰੇਗੀ। ਰਿਜਿਜੂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ, "18ਵੀਂ ਲੋਕ ਸਭਾ ਦਾ ਪਹਿਲਾ ਸੈਸ਼ਨ 24 ਜੂਨ 2024 ਤੋਂ ਤਿੰਨ ਜੁਲਾਈ 2024 ਤੱਕ ਨਵੇਂ ਚੁਣੇ ਮੈਂਬਰਾਂ ਨੂੰ ਸਹੁੰ, ਸਪੀਕਰ ਦੀ ਚੋਣ, ਰਾਸ਼ਟਰਪਤੀ ਦੇ ਭਾਸ਼ਣ ਅਤੇ ਉਸ 'ਤੇ ਚਰਚਾ ਲਈ ਬੁਲਾਇਆ ਜਾ ਰਿਹਾ ਹੈ।"

# ਜੂਨ '84 ਘੱਲੂਘਾਰੇ ਦੀ ਵਰ੍ਹੇਗੰਢ ਮੌਕੇ ਅਕਾਲ ਤਖ਼ਤ ਤੋਂ ਜਾਰੀ ਹੋਇਆ ਖ਼ਾਲਸਾ ਰਾਜ ਦਾ ਸੰਦੇਸ਼

## ਲੱਗੇ ਖ਼ਾਲਿਸਤਾਨ ਪੱਖੀ ਨਾਅਰੇ, ਸ਼ਹੀਦਾਂ ਨੂੰ ਕੀਤਾ ਯਾਦ

## ਮਾਨ ਦੀ ਥਾਂ ਭਾਈ ਸਰਬਜੀਤ ਸਿੰਘ ਖ਼ਾਲਸਾ ਬਣਿਆ ਸਿੱਖ ਨੌਜਵਾਨਾਂ ਦਾ ਲੀਡਰ





ਅੰਮ੍ਰਿਤਸਰ/ਏ.ਟੀ.ਨਿਊਜ਼ : ਜੂਨ 1984 ਘੱਲੂਘਾਰਾ ਦੀ 40ਵੀਂ ਯਾਦ ਇਥੇ ਅਕਾਲ ਤਖਤ ਵਿਖੇ ਖ਼ਾਲਿਸਤਾਨ ਪੱਖੀ ਨਾਅਰਿਆਂ ਨਾਲ ਮਨਾਈ ਗਈ ਤੇ ਸ਼ਰਧਾਂਜਲੀ ਸਮਾਗਮ ਸ਼ਾਂਤਮਈ ਢੰਗ ਨਾਲ ਸਮਾਪਤ ਹੋਇਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਿੱਖ ਨੌਜਵਾਨਾਂ ਨੇ ਖ਼ਾਲਿਸਤਾਨ ਜ਼ਿੰਦਾਬਾਦ, ਸੰਤ ਭਿੰਡਰਾਂਵਾਲੇ ਜ਼ਿੰਦਾਬਾਦ ਦੇ ਨਾਅਰੇ ਲਾਏ। ਉਨ੍ਹਾਂ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਸਬੰਧੀ ਪੋਸਟਰ ਵੀ ਚੁੱਕੇ ਹੋਏ ਸਨ।

ਦਰਬਾਰ ਸਾਹਿਬ ਉੱਤੇ ਭਾਰਤੀ ਫ਼ੌਜ ਵੱਲੋਂ ਕੀਤੇ ਹਮਲੇ ਦੀ 40ਵੀਂ ਵਰ੍ਹੇਗੰਢ ਮੌਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਦਿੱਤਾ ਖ਼ਾਲਸਾ ਰਾਜ ਹਲੇਮੀ ਰਾਜ ਦਾ ਸੰਦੇਸ਼ ਪਹਿਲੇ ਜਥੇਦਾਰਾਂ ਵੱਲੋਂ ਇਸ ਮੌਕੇ 'ਤੇ ਦਿੱਤੇ ਗਏ ਸੰਦੇਸ਼ਾਂ ਨਾਲੋਂ ਨਿਵੇਕਲਾ ਸੀ ਅਤੇ ਕਿਸੇ ਹੱਦ ਤੱਕ ਇਤਿਹਾਸਕ ਜਜ਼ਬਿਆਂ ਅਤੇ ਸਿਧਾਂਤਾਂ ਨੂੰ ਵੀ ਮੁਖਾਤਬ ਸੀ। ਦੂਜੀ ਮਹੱਤਵਪੂਰਨ ਗੱਲ ਇਹ ਸੀ ਕਿ ਇਸੇ ਹਲੇਮੀ ਰਾਜ ਦੇ ਆਧਾਰ 'ਤੇ ਖ਼ਾਲਸਾ ਪੰਥ ਨੂੰ ਆਪਣਾ ਕੌਮੀ ਏਜੰਡਾ ਤਹਿ ਕਰਨ ਦੀ ਵੀ ਹਦਾਇਤ ਕੀਤੀ ਗਈ ਹੈ। ਪਹਿਲਾਂ ਕਦੇ ਕਿਸੇ ਜਥੇਦਾਰ ਨੇ ਇਹੋ ਜਿਹੀ ਬੁਨਿਆਦੀ ਤੇ ਸਿਧਾਂਤਕ ਗੱਲ ਕਰਨ ਦਾ ਹੌਸਲਾ ਨਹੀਂ ਸੀ ਵਿਖਾਇਆ। ਤੀਜੀ ਮਹੱਤਵਪੂਰਨ ਗੱਲ ਵਿੱਚ ਜਿੱਥੇ ਜੁਝਾਰੂ ਲਹਿਰ ਦੇ ਜਥੇਦਾਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ, ਜਨਰਲ ਸ਼ੁਬੇਗ ਸਿੰਘ, ਬਾਬਾ ਠਾਰ੍ਹਾ ਸਿੰਘ ਸਮੇਤ ਸਮੂਹ ਸ਼ਹੀਦਾਂ ਨੂੰ ਨਮਨ ਕੀਤਾ ਗਿਆ ਹੈ ਉਥੇ ਮਨੁੱਖੀ ਅਧਿਕਾਰਾਂ ਦੇ ਮਹਾਨ ਰਾਖੇ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ ਹੈ। ਜਥੇਦਾਰ ਨੇ ਕਿਹਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਅਤੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ 40 ਸਾਲਾਂ ਬਾਅਦ ਵੀ ਸਜ਼ਾਵਾਂ ਨਾ ਦੇਣਾ ਭਾਰਤੀ ਹਕੂਮਤ ਦਾ ਸਿੱਖਾਂ ਨਾਲ ਅਨਿਆਂ ਭਰਿਆ ਵਤੀਰਾ ਹੈ। ਸਿੱਖ ਇਤਿਹਾਸ ਦਾ ਹਵਾਲਾ ਦਿੰਦਿਆਂ ਜਥੇਦਾਰ ਨੇ ਕਿਹਾ ਕਿ ਕਰੜੇ ਸੰਘਰਸ਼ ਮਗਰੋਂ ਸਿੱਖਾਂ ਨੂੰ ਪੰਜਾਬੀ ਸੂਬਾ ਤਾਂ ਮਿਲਿਆ, ਪਰ ਪੰਜਾਬ ਨੂੰ ਦਰਿਆਈ ਪਾਣੀਆਂ, ਰਾਜਧਾਨੀ ਚੰਡੀਗੜ੍ਹ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਵਿਰਵਾ ਰੱਖਿਆ ਗਿਆ। ਪੰਜਾਬ ਦੇ ਇਨ੍ਹਾਂ ਮਸਲਿਆਂ ਅਤੇ ਸੂਬਾਈ ਖ਼ੁਦਮੁਖ਼ਤਿਆਰੀ ਵਾਲੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ ਸਿੱਖਾਂ ਨੂੰ ਧਰਮ ਯੁੱਧ ਮੋਰਚਾ ਲਗਾਉਣ ਲਈ ਮਜਬੂਰ ਹੋਣਾ ਪਿਆ ਸੀ।ਇਸ ਸੰਦੇਸ਼ ਦੀ ਸ਼ਬਦਾਵਲੀ ਤੋਂ ਇਹ ਇਸ਼ਾਰੇ ਵੀ ਮਿਲਦੇ ਹਨ ਕਿ ਅਕਾਲ ਤਖਤ ਸਹਿਜੇ ਸਹਿਜੇ ਉਸ ਮੰਜ਼ਿਲ ਵੱਲ ਵਧ ਰਿਹਾ ਹੈ ਜਿਸ ਦਾ ਮਨੋਰਥ, ਨਿਸ਼ਾਨਾ ਅਤੇ ਰੀਝ ਪ੍ਰਭੂ ਸੰਪਨ ਰਾਜ ਦੀ ਸਥਾਪਨਾ ਕਰਨੀ ਹੈ ਅਤੇ ਜਿਸ ਰਾਜ ਦਾ ਪਵਿੱਤਰ ਜਜ਼ਬਾ ਖਾਲਸਾ ਪੰਥ ਦੇ ਮਨ ਮਸਤਕ ਵਿੱਚ ਤਾਣੇ ਪੇਟੇ ਵਾਂਗ ਸਮਾਇਆ ਹੋਇਆ ਹੈ। ਖ਼ਾਲਸਾ ਪੰਥ ਦੇ ਰਾਜਨੀਤਿਕ ਅਤੇ ਧਾਰਮਿਕ ਮਾਮਲਿਆਂ ਉੱਤੇ ਡੂੰਘੀ ਨਜ਼ਰ ਰੱਖਣ ਵਾਲੇ ਗੰਭੀਰ ਹਲਕਿਆਂ ਦਾ ਕਹਿਣਾ ਹੈ ਕਿ ਇਹ ਦੋਵੇਂ ਅਹਿਮ ਗੱਲਾਂ ਸ਼ਾਇਦ ਇਸ ਕਰਕੇ ਵੀ ਸੰਦੇਸ਼ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ ਤਾਂ ਜੋ ਨੌਜਵਾਨਾਂ ਨੂੰ ਸੰਤੁਸ਼ਟ ਕੀਤਾ ਜਾਵੇ ਜਿਨਾਂ ਦੇ ਅੰਦਰ ਆਜ਼ਾਦੀ ਦੇ ਜਜ਼ਬੇ ਭਰਪੂਰ ਅੰਗੜਾਈਆਂ ਲੈ ਰਹੇ ਹਨ। ਸਮਾਗਮ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤੀ ਸੰਸਦ ਵਿੱਚ ਕਿਸੇ ਵੀ ਸਰਕਾਰ ਨੇ ਘੱਲੂਘਾਰੇ ਦੀ ਮੁਆਫ਼ੀ ਤਾਂ ਕੀ ਮੰਗਣੀ ਸੀ, ਸਗੋਂ ਕੌਮੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਤੋਂ ਬਾਅਦ ਮੌਜੂਦਾ ਸਰਕਾਰਾਂ ਵਲੋਂ ਵੀ ਸਿੱਖ ਸ਼ਕਤੀ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ, ਜੋ ਕੌਮ ਵਲੋਂ ਕਾਮਯਾਬ ਨਹੀਂ ਹੋਣ ਦਿੱਤੀਆਂ ਜਾਣਗੀਆਂ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਵਾਲੇ ਘੱਲੂਘਾਰਾ ਸਮਾਗਮ ਵਿਚ ਜਿਥੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਆਪਣਾ ਜਾਹੋ ਜਲਾਲ ਦਿਖਾਇਆ ਜਾਂਦਾ ਸੀ, ਇਸ ਵਾਰ ਇਹ ਜਾਹੋ ਜਲਾਲ ਫਰੀਦਕੋਟ ਤੋਂ ਨਵ-ਨਿਯੁਕਤ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਦੇ ਆਉਣ 'ਤੇ ਨਜ਼ਰ ਆਇਆ। ਜਿਉਂ ਹੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋ ਕੇ ਸੰਗਤਾਂ ਵਿੱਚ ਸਰਬਜੀਤ ਸਿੰਘ ਖ਼ਾਲਸਾ ਪਹੁੰਚੇ ਉਥੇ ਨੌਜਵਾਨਾਂ ਨੇ ਖ਼ਾਲਿਸਤਾਨ ਜਿੰਦਾਬਾਦ ਦੇ ਅਸਮਾਨ ਗੁੰਜਾਊ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਦਰਮਿਆਨ ਨੌਜਵਾਨਾਂ ਨੇ ਹੱਥਾਂ ਵਿੱਚ ਫੜੇ ਪੋਸਟਰ ਅਤੇ ਨੰਗੀਆਂ ਕ੍ਰਿਪਾਨਾਂ ਵੀ ਅਸਮਾਨ ਵਿੱਚ ਲਹਿਰਾਈਆਂ। ਇਸ ਤਰ੍ਹਾਂ ਦਾ ਮਾਹੌਲ ਹਰੇਕ 6 ਜੂਨ ਨੂੰ ਸਿਮਰਨਜੀਤ ਸਿੰਘ ਮਾਨ ਦੀ ਆਮਦ 'ਤੇ ਹੁੰਦਾ ਸੀ, ਜੋ ਵੀਰਵਾਰ ਨੂੰ ਘੱਲੂਘਾਰਾ ਸਮਾਗਮ ਸਮੇਂ ਸਰਬਜੀਤ ਸਿੰਘ ਖਾਲਸਾ ਦੀ ਆਮਦ 'ਤੇ ਦੇਖਣ ਨੂੰ ਮਿਲਿਆ। ਇੰਝ ਲੱਗ ਰਿਹਾ ਸੀ, ਕਿ ਸਿੱਖ ਜੁਝਾਰੂ ਨੌਜਵਾਨਾਂ ਨੂੰ ਆਪਣਾ ਆਗੂ ਮਿਲ ਗਿਆ ਹੋਵੇ। ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਸੰਸਦ ਵਿੱਚ ਸਖ਼ਤ ਕਾਨੂੰਨ ਬਣਾਉਣ ਦੀ ਵਕਾਲਤ ਕੀਤੀ ਜਾਵੇਗੀ। ਸਰਬਜੀਤ ਸਿੰਘ ਨੇ ਮੰਗ ਕੀਤੀ ਕਿ ਦੇਸ਼ ਦੇ ਕਾਨੂੰਨ ਵਿੱਚ ਸੋਧ ਕਰਕੇ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 302 ਲਗਾਈ ਜਾਵੇ। ਦੋਸ਼ੀਆਂ ਖਿਲਾਫ ਮੌਤ ਦੀ ਸਜਾ ਦੀ ਵਿਵਸਥਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਧਾਰਾ 295-ਏ ਦੇ ਤਹਿਤ ਕੇਸ ਦਰਜ ਕੀਤਾ ਜਾਂਦਾ ਹੈ, ਧਾਰਾ 295-ਏ ਤਹਿਤ ਸਜ਼ਾ ਨਾਕਾਫ਼ੀ ਹੈ। ਸਰਬਜੀਤ ਸਿੰਘ ਨੇ ਕਿਹਾ ਕਿ ਆਉਣ ਵਾਲੇ ਸੰਸਦ ਸੈਸ਼ਨ ਵਿਚ ਇਸ ਸਬੰਧੀ ਆਪਣੀ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਜ਼ਾ ਭੁਗਤਣ ਦੇ ਬਾਵਜੂਦ 20-20, 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਸਿੱਖਾਂ ਦੀ ਤੁਰੰਤ ਰਿਹਾਈ ਦਾ ਐਲਾਨ ਕਰੇ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਸ ਮਾਮਲੇ ਵਿੱਚ ਦੋਹਰੇ ਮਾਪਦੰਡ ਨਹੀਂ ਅਪਣਾਉਣੇ ਚਾਹੀਦੇ। ਐਨ.ਐਸ.ਏ. ਤਹਿਤ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਮੌਜੂਦਾ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਐਮ.ਪੀ. ਬਣਨ 'ਤੇ ਵਧਾਈ ਦਿੰਦਿਆ ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੂੰ ਹੁਣ ਰਿਕਾਰਡ ਵੋਟਾਂ ਦੇ ਫਰਕ ਨਾਲ ਜਿੱਤੇ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਅੰਮ੍ਰਿਤਪਾਲ ਸਿੰਘ ਦੇ ਨਾਲ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਹੋਰ ਸਿੱਖ ਨੌਜਵਾਨਾਂ ਨੂੰ ਵੀ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਹ ਸਿੱਖ ਕੌਮ ਦੀ ਆਵਾਜ਼ ਬਣ ਕੇ ਬੰਦੀ ਸਿੱਖਾਂ ਦੀ ਰਿਹਾਈ ਅਤੇ ਹੋਰ ਪੰਥਕ ਮੁੱਦਿਆਂ ਨੂੰ ਲੈ ਕੇ ਪਾਰਲੀਮੈਂਟ ਵਿੱਚ ਆਪਣੀ

(ਬਾਕੀ ਸਫ਼ਾ 30 'ਤੇ)

# ਉੱਤਰਾਖੰਡ : ਗੁਰਦੁਆਰਾ ਰੀਠਾ ਸਾਹਿਬ ਜਾ ਰਹੇ ਸਿੱਖ ਸ਼ਰਧਾਲੂਆਂ ਨਾਲ ਕੁੱਟਮਾਰ

ਉੱਤਰਾਖੰਡ/ਏ.ਟੀ.ਨਿਊਜ਼ : ਸਿਤਾਰਗੰਜ ਤੋਂ ਰੀਠਾ ਸਾਹਿਬ ਜਾ ਰਹੇ ਸਿੱਖ ਸ਼ਰਧਾਲੂਆਂ ਨਾਲ ਕੁੱਝ ਲੋਕਾਂ ਨੇ ਕੁੱਟਮਾਰ ਕੀਤੀ। ਨਾਲ ਹੀ ਉਨ੍ਹਾਂ 'ਤੇ ਇਹ ਦੋਸ਼ ਹੈ ਕਿ ਉਨ੍ਹਾਂ ਨੇ ਸਕੂਲ ਤੋਂ ਟਰਿੱਪ 'ਤੇ ਜਾ ਰਹੀ ਇੱਕ ਬਸ 'ਤੇ ਪੱਥਰਬਾਜ਼ੀ ਕੀਤੀ। ਐਤਵਾਰ ਨੂੰ ਸਿਤਾਰਗੰਜ ਦੇ ਲੋਕਾਂ ਨੇ ਚੰਪਾਵਤ ਕੋਤਵਾਲੀ 'ਚ ਕੇਸ ਦਰਜ ਕਰਵਾਇਆ ਹੈ। ਉਨ੍ਹਾਂ ਨੇ ਦੋ ਨਾਮਜ਼ਦ ਅਤੇ ਹੋਰ 7-8 ਅਣਪਛਾਤੇ ਲੋਕਾਂ ਵਿਰੁਧ ਕੇਸ ਦਰਜ ਕਰਵਾਇਆ ਹੈ। ਮਾਮਲਾ ਸਨਿਚਰਵਾਰ ਸ਼ਾਮ ਦਾ ਹੈ।

ਐਤਵਾਰ ਨੂੰ ਸਿਤਾਰਗੰਜ ਤੋਂ ਕੁੱਝ ਸਿੱਖ ਚੰਪਾਵਤ ਥਾਣੇ ਪੁੱਜੇ। ਉਨ੍ਹਾਂ ਨੇ ਥਾਣੇਦਾਰ ਯੋਗੇਸ਼ ਉਪਾਧਿਆਏ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਭੁਪਿੰਦਰ ਸਿੰਘ ਪੁੱਤਰ ਸਤਵਿੰਦਰ ਸਿੰਘ ਵਾਸੀ ਆਦਰਸ਼ ਕਾਲੋਨੀ ਸਿਤਾਰਗੰਜ ਨੇ ਦੋ ਲੋਕਾਂ ਵਿਰੁੱਧ ਨਾਮਜ਼ਦ ਤਹਿਰੀਰ ਦਿਤੀ। ਤਹਿਰੀਰ 'ਚ ਕਿਹਾ ਗਿਆ ਹੈ ਕਿ ਉਹ ਬੀਤੀ 8 ਜੂਨ ਨੂੰ ਬੱਚਿਆਂ ਦਾ ਟੂਰ ਲੈ ਕੇ ਸਿਤਾਰਗੰਜ ਤੋਂ ਰੀਠਾ ਸਾਹਿਬ ਦਰਸ਼ਨ ਲਈ ਜਾ ਰਹੇ ਸਨ। ਉਨ੍ਹਾਂ ਦੇ ਕਾਫ਼ਲੇ 'ਚ ਸਕੂਲ ਦੇ ਬੱਚਿਆਂ ਦੀ ਬੱਸ, ਇੱਕ ਕਾਰ ਅਤੇ ਇੱਕ ਬਾਈਕ ਸ਼ਾਮਲ ਸੀ। ਇਸ ਦੌਰਾਨ ਲਧੌਲੀ ਪਿੰਡ ਦੇ ਨੇੜੇ 8-10 ਲੋਕਾਂ ਨੇ ਧਾਰਦਾਰ ਹਥਿਆਰ ਅਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਹਮਲੇ 'ਚ ਲੋਕਾਂ ਨੇ ਜੰਗਲ 'ਚ ਜਾ ਕੇ ਜਾਨ ਬਚਾਈ। ਬਾਅਦ 'ਚ ਸਾਰੇ ਲੋਕ ਕਿਸੇ ਤਰ੍ਹਾਂ ਰੀਠਾ ਸਾਹਿਬ ਗੁਰਦੁਆਰੇ ਪੁੱਜੇ।



ਭੁਪਿੰਦਰ ਸਿੰਘ ਪੁੱਤਰ ਸਤਵਿੰਦਰ ਸਿੰਘ, ਅਰਸ਼ਦੀਪ ਪੁੱਤਰ ਸੁੱਖਚਰਨ ਸਿੰਘ ਵਾਸੀ ਸਿਤਾਰਗੰਜ ਨੂੰ ਗੰਭੀਰ ਸੱਟਾ ਲਗੀਆਂ।

ਐਤਵਾਰ ਨੂੰ ਪੀੜਤ ਦੀ ਤਹਿਰੀਰ 'ਤੇ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ। ਥਾਣੇਦਾਰ ਯੋਗੇਸ਼ ਉਪਾਧਿਆਏ ਨੇ ਕਿਹਾ ਕਿ ਮੁਲਜ਼ਮ ਸੰਜੇ ਸਿੰਘ ਫ਼ਰਤਿਆਲ ਉਰਫ਼ ਅਲਬੇਲਾ, ਦੀਪਕ ਅਤੇ ਉਸ ਦੇ ਨਾਲ 7-8 ਹੋਰ ਅਣਪਛਾਤਿਆਂ ਵਿਰੁੱਧ ਧਾਰਾ 147, 148, 307 ਅਤੇ 295 ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ।

## ਸਿੱਖ ਸ਼ਰਧਾਲੂਆਂ ਨਾਲ ਕੁੱਟਮਾਰ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਦੀ ਮੰਗ

ਸਿਤਾਰਗੰਜ/ਏ.ਟੀ.ਨਿਊਜ਼ : ਰੀਠਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕਰ ਕੇ ਪਰਤ ਰਹੇ ਲੋਕਾਂ ਨਾਲ ਬੀਤੇ ਦਿਨੀਂ ਲਧੌਲੀ 'ਚ ਕੁੱਟਮਾਰ ਅਤੇ ਪੱਥਰਬਾਜ਼ੀ ਕਰਨ ਵਾਲੇ ਮੁਲਜ਼ਮਾਂ 'ਤੇ ਸਖ਼ਤ ਕਾਰਵਾਈ ਦੀ ਮੰਗ ਉੱਠੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਨਾਨਕਮੱਤਾ ਸਾਹਿਬ ਦੇ ਮੈਂਬਰਾਂ ਨੇ ਏ.ਡੀ.ਐਮ. ਨਾਲ ਮੁਲਾਕਾਤ ਕਰ ਕੇ ਮੰਗ ਪੱਤਰ ਸੌਂਪਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਨਾਨਕਮੱਤਾ ਸਾਹਿਬ ਦੇ ਮੈਂਬਰਾਂ ਨੇ ਏ.ਡੀ.ਐਮ. ਹੇਮੰਤ ਕੁਮਾਰ ਵਰਮਾ ਨਾਲ ਮੁਲਾਕਾਤ ਕੀਤੀ। ਸ੍ਰੀ ਗੁਰਦੁਆਰਾ ਨਾਨਕਮੱਤਾ ਸਾਹਿਬ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਸਿਤਾਰਗੰਜ ਦੀ ਬਲਾਕ ਮੁਖੀ ਕਮਲਜੀਤ ਕੌਰ ਦੇ ਪਤੀ ਪਲਵਿੰਦਰ ਸਿੰਘ ਔਲਖ ਨੇ ਕਿਹਾ ਕਿ ਸਨਿਚਵਾਰ ਨੂੰ ਰੀਠਾ ਸਾਹਿਬ ਗੁਰਦੁਆਰੇ ਤੋਂ ਪਰਤਣ ਸਮੇਂ ਲਘੌਲੀ ਪਿੰਡ ਦੇ ਕੋਲ ਕੁੱਝ ਬਾਰਾਤੀਆਂ ਨੇ ਸੰਗਤ ਦੇ ਲੋਕਾਂ ਨਾਲ ਕੁੱਟਮਾਰ ਕੀਤੀ। ਇਸ 'ਚ ਬਾਇਕ ਸਵਾਰ ਦੋ ਤੀਰਥ ਯਾਤਰੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਉਹਨਾਂ ਕਿਹਾ ਕਿ ਮੁਲਜ਼ਮਾਂ ਵਿਰੁੱਧ ਨਾਮਜ਼ਦ ਤਹਿਰੀਰ ਐਤਵਾਰ ਨੂੰ ਚੰਪਾਵਤ ਕੋਤਵਾਲੀ 'ਚ ਦਿਤੀ ਗਈ।

# ਪੰਜਾਬ 'ਚ ਰਵਾਇਤੀ ਪਾਰਟੀਆਂ ਦਾ ਦੌਰ ਖ਼ਤਮ, ਪੰਥਕ ਉਮੀਦਵਾਰਾਂ ਦਾ ਦੌਰ ਆਇਆ : ਦਾਦੂਵਾਲ

## ਕਿਹਾ, ਕੰਗਨਾ ਅਪਣੀ ਜ਼ੁਬਾਨ ਨੂੰ ਕਾਬੂ 'ਚ ਰੱਖੇ, .ਗਲਤ ਬੋਲੇਗੀ ਤਾਂ ਪ੍ਰਤੀਕਿਰਿਆ ਹੋਵੇਗੀ

ਕਰਨਾਲ/ਏ.ਟੀ.ਨਿਊਜ਼: ਸਿੱਖ ਪੰਥ ਦੇ ਪ੍ਰਸਿੱਧ ਪ੍ਰਚਾਰਕ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਦਾ ਮੋਹ ਰਵਾਇਤੀ ਪਾਰਟੀਆਂ ਤੋਂ ਭੰਗ ਹੁੰਦਾ ਜਾ ਰਿਹਾ ਹੈ। ਇਸ ਦੀ ਇੱਕ ਮਿਸਾਲ ਪੰਜਾਬ ਲੋਕ ਸਭਾ ਚੋਣਾਂ ਵਿੱਚ ਪੰਥਕ ਉਮੀਦਵਾਰਾਂ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਦੀ ਰਿਕਾਰਡ ਵੋਟਾਂ ਨਾਲ ਹੋਈ ਜਿੱਤ ਹੈ। ਉਹ ਕਰਨਾਲ ਦੇ ਡੇਰਾ ਕਾਰਸੇਵਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਜ਼ਿਮਨੀ ਚੋਣਾਂ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਪੰਥਕ ਉਮੀਦਵਾਰ ਮੈਦਾਨ ਵਿੱਚ ਉਤਾਰੇ ਜਾਣਗੇ। ਉਨ੍ਹਾਂ ਕਿਹਾ ਕਿ ਜਲਦੀ ਹੀ ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਪੰਥ ਦਾ ਵੱਡਾ ਇਕੱਠ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦਿਤਾ ਜਾਵੇਗਾ। ਇਸ ਵਿੱਚ ਸਿੱਖ ਪੰਥ ਦੀਆਂ ਅਪਣੀਆਂ ਮੰਗਾਂ ਸਬੰਧੀ ਇਕ ਚਾਰਟਰ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਜਲਦੀ ਰਿਹਾਅ ਕਰੇ ਹੁਣ ਉਹ ਲੋਕ ਸਭਾ ਦੇ ਮੈਂਬਰ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ। ਇਸ ਲਈ ਵੋਟਰ ਸੂਚੀ ਵਿੱਚ ਸੁਧਾਰ ਕੀਤੇ ਜਾਣ ਅਤੇ ਹਰਿਆਣਾ ਦੇ ਜਿਨ੍ਹਾਂ ਸਿੱਖਾਂ ਦੀਆਂ ਵੋਟਾਂ ਬਣਨ ਤੋਂ ਰਹਿ ਗਈਆਂ ਹਨ



(ਬਾਕੀ ਸਫ਼ਾ 30 'ਤੇ)

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਹਰਿਮੰਦਰ ਸਾਹਿਬ 'ਚ ਸੰਗਤਾਂ ਹੋਈਆਂ ਨਤਮਸਤਕ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਥੇ ਸਥਿਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਿਰਮਲਜੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਭਾਈ ਸੁਖਦੇਵ ਸਿੰਘ ਵੱਲੋਂ ਕੀਤੀ ਗਈ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਆਈਆਂ ਸੰਗਤਾਂ ਨੂੰ ਭਾਈ ਨਿਰਮਲ ਸਿੰਘ ਨੇ ਸਰਵਣ ਕਰਵਾਇਆ।ਇਸ ਧਾਰਮਿਕ ਸਮਾਗਮ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਐਨੋਕੋਟ ਵੱਲੋਂ ਆਈਆਂ ਸੰਗਤਾਂ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਹੱਕ, ਸੱਚ ਦੀ ਖ਼ਾਤਰ ਆਪਣੀ ਸ਼ਹਾਦਤ ਦਿੱਤੀ ਅਤੇ ਜਬਰ ਦਾ ਮੁਕਾਬਲਾ ਕਰਨ ਵਾਸਤੇ ਮਾਨਵਤਾ ਨੂੰ ਭੈਅ ਮੁਕਤ ਕੀਤਾ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਵੀ ਕੀਤੀ। ਇਸ ਮੌਕੇ ਮੈਨੇਜਰ ਸ. ਹਰਪ੍ਰੀਤ ਸਿੰਘ, ਮੀਤ ਮੈਨੇਜਰ ਸ. ਜਸਬੀਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

12 ਜੂਨ ਤੋਂ 18 ਜੂਨ, 2024

## ਵਿਸ਼ਵ ਸ਼ਾਂਤੀ ਲਈ ਯਤਨ ਹੋਣ ਤੇਜ਼

ਇਸ ਸਮੇਂ ਪੂਰੀ ਦੁਨੀਆਂ ਤੀਜੀ ਵਿਸ਼ਵ ਜੰਗ ਦੇ ਚੌਰਾਹੇ 'ਤੇ ਖੜੀ ਹੈ। ਇਸ ਤਰ੍ਹਾਂ ਲੱਗ ਰਿਹਾ ਹੈ, ਕਿ ਜਿਵੇਂ ਦੁਨੀਆਂ ਦੇ ਵੱਖ- ਵੱਖ ਹਿੱਸਿਆਂ ਵਿੱਚ ਤੀਜੀ ਵਿਸ਼ਵ ਜੰਗ ਕਿਸ਼ਤਾਂ ਵਿੱਚ ਲੜੀ ਜਾ ਰਹੀ ਹੋਵੇ। ਇੱਕ ਪਾਸੇ ਰੂਸ-ਯੂਕ੍ਰੇਨ ਜੰਗ ਨੂੰ ਸ਼ੁਰੂ ਹੋਇਆ ਬਹੁਤ ਸਮਾਂ ਹੋ ਗਿਆ ਹੈ, ਦੂਜੇ ਪਾਸੇ ਇਜ਼ਰਾਈਲ ਹਮਾਸ ਜੰਗ ਜਾਰੀ ਹੈ। ਇਸ ਤੋਂ ਇਲਾਵਾ ਦੁਨੀਆਂ ਦੇ ਅਨੇਕਾਂ ਹੋਰ ਇਲਾਕਿਆਂ ਵਿੱਚ ਵੀ ਸੰਘਰਸ਼ ਜਾਰੀ ਹਨ। ਕਈ ਦੇਸ਼ਾਂ ਵਿੱਚ ਤਾਂ ਅੰਦਰੂਨੀ ਜੰਗ ਹੋ ਰਹੀ ਹੈ, ਜਿਸ ਨੂੰ ਘਰੇਲੂ ਜੰਗ ਵੀ ਕਿਹਾ ਜਾਂਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਵਿਸ਼ਵ ਵਿੱਚ ਕਿਸੇ ਵੀ ਇਲਾਕੇ ਵਿੱਚ ਸ਼ਾਂਤੀ ਨਹੀਂ ਹੈ।

ਪਹਿਲੀ ਵਿਸ਼ਵ ਜੰਗ 1914 ਤੋਂ 1918 ਤੱਕ ਚਾਰ ਸਾਲਾਂ ਲਈ ਯੂਰਪ ਦੇ ਪੱਛਮੀ ਅਤੇ ਪੂਰਬੀ ਮੋਰਚਿਆਂ 'ਤੇ ਲੜੀ ਗਈ। ਇਸ ਜੰਗ ਵਿੱਚ ਇੱਕ ਪਾਸੇ ਜਰਮਨੀ, ਆਸਟ੍ਰੀਆ-ਹੰਗਰੀ ਅਤੇ ਓਟੋਮੈਨ ਸਾਮਰਾਜ ਸਨ, ਜਦੋਂਕਿ ਦੂਜੇ ਪਾਸੇ ਗ੍ਰੇਟ ਬ੍ਰਿਟੇਨ, ਸੰਯੁਕਤ ਰਾਜ ਅਮਰੀਕਾ, ਫਰਾਂਸ, ਰੂਸ, ਇਟਲੀ ਅਤੇ ਜਾਪਾਨ ਸਨ। ਇਸ ਜੰਗ ਵਿੱਚ ਨਵੀਂ ਫ਼ੌਜੀ ਤਕਨੀਕ ਨੇ ਬੇਮਿਸਾਲ ਕਤਲੇਆਮ ਕੀਤਾ ਅਤੇ ਵੱਡੀ ਪੱਧਰ 'ਤੇ ਮਨੁੱਖਤਾ ਦਾ ਘਾਣ ਹੋਇਆ। ਜਦੋਂ ਇਹ ਜੰਗ ਖਤਮ ਹੋਈ ਅਤੇ ਮਿੱਤਰ ਦੇਸ਼ਾਂ ਨੇ ਜਿੱਤ ਦਾ ਦਾਅਵਾ ਕੀਤਾ ਤਾਂ ਉਸ ਸਮੇਂ ਤੱਕ ਜੰਗ ਲੜ ਰਹੀਆਂ ਦੋਵਾਂ ਧਿਰਾਂ ਦੇ 16 ਮਿਲੀਅਨ ਤੋਂ ਵੱਧ ਲੋਕ ( ਸੈਨਿਕ ਅਤੇ ਨਾਗਰਿਕ ਦੋਵੇਂ ) ਮਾਰੇ ਗਏ ਸਨ।

ਦੂਜੀ ਵਿਸ਼ਵ ਜੰਗ (1939-45) ਮਨੁੱਖੀ ਇਤਿਹਾਸ ਦਾ ਸਭ ਤੋਂ ਖ਼ੂਨੀ ਸੰਘਰਸ਼ ਸੀ। ਇਸ ਨੇ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਦੋ ਵਿਰੋਧੀ ਫ਼ੌਜੀ ਗਠਜੋੜਾਂ ਵਿੱਚ ਵੰਡ ਦਿੱਤਾ। ਇਸ ਜੰਗ ਵਿੱਚ ਇੱਕ ਪਾਸੇ ਬ੍ਰਿਟੇਨ ਅਤੇ ਇਸਦੇ ਸਾਮਰਾਜ, ਸੰਯੁਕਤ ਰਾਜ ਅਮਰੀਕਾ, ਸੋਵੀਅਤ ਯੂਨੀਅਨ ਅਤੇ ਫਰਾਂਸ ਸਨ, ਜਦੋਂਕਿ ਦੂਜੇ ਪਾਸੇ ਜਰਮਨੀ, ਇਟਲੀ ਅਤੇ ਜਾਪਾਨ ਸਨ। ਦੂਜੀ ਵਿਸ਼ਵ ਜੰਗ ਇਤਿਹਾਸ ਦਾ ਸਭ ਤੋਂ ਖਤਰਨਾਕ ਸੰਘਰਸ਼ ਸੀ, ਜਿਸ ਦੇ ਨਤੀਜੇ ਵਜੋਂ 70 ਤੋਂ 85 ਮਿਲੀਅਨ ਮੌਤਾਂ ਹੋਈਆਂ, ਜਿਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਆਮ ਨਾਗਰਿਕ ਸਨ।

ਦੂਜੇ ਵਿਸ਼ਵ ਯੁੱਧ ਦੇ ਕਾਰਨਾਂ ਵਿੱਚ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅਣਸੁਲਝੇ ਤਣਾਅ, ਯੂਰਪ ਵਿੱਚ ਫਾਸ਼ੀਵਾਦ ਦਾ ਉਭਾਰ ਅਤੇ ਜਾਪਾਨੀ ਫ਼ੌਜੀਵਾਦ ਅਤੇ ਇਸ ਤੋਂ ਪਹਿਲਾਂ ਮੰਚੂਰੀਆ ਉੱਤੇ ਜਾਪਾਨੀ ਹਮਲੇ, ਦੂਜਾ ਇਟਾਲੋ-ਇਥੋਪੀਅਨ ਯੁੱਧ, ਸਪੈਨਿਸ਼ ਘਰੇਲੂ ਯੁੱਧ ਅਤੇ ਮੁੜ ਹਥਿਆਰਬੰਦ ਹੋਣਾ ਸ਼ਾਮਲ ਸਨ।

ਸਾਡੇ ਕਹਿਣ ਦਾ ਭਾਵ ਇਹ ਹੈ ਕਿ ਦੋਵੇਂ ਵਿਸ਼ਵ ਜੰਗਾਂ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਆਮ ਲੋਕਾਂ ਦਾ ਹੋਇਆ। ਇਸ ਤੋਂ ਇਲਾਵਾ ਇਹਨਾਂ ਜੰਗਾਂ ਵਿੱਚ ਕੀਤੀ ਗਈ ਬਾਰੂਦ ਅਤੇ ਹਥਿਆਰਾਂ ਦੀ ਵਰਤੋਂ ਨੇ ਵਾਤਾਵਰਣ ਅਤੇ ਕੁਦਰਤ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ। ਇਸ ਸਮੇਂ ਰੂਸ ਅਤੇ ਯੂਕ੍ਰੇਨ ਦੇ ਨਾਲ-ਨਾਲ ਇਜ਼ਰਾਇਲ ਅਤੇ ਫਲਸਤੀਨ ਅਤੇ ਹੋਰ ਇਲਾਕਿਆਂ ਵਿੱਚ ਚੱਲ ਰਹੇ ਸੰਘਰਸ਼ਾਂ ਵਿੱਚ ਖੁੱਲ ਕੇ ਬਾਰੂਦ ਅਤੇ ਹਥਿਆਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਮੌਜੂਦਾ ਵਾਤਾਵਰਣ ਅਤੇ ਕੁਦਰਤ ਨੂੰ ਬਹੁਤ ਨੁਕਸਾਨ ਪਹੁੰਚ ਚੁੱਕਿਆ ਹੈ। ਇਸ ਤੋਂ ਇਲਾਵਾ ਜੰਗ ਪ੍ਰਭਾਵਿਤ ਇਹਨਾਂ ਇਲਾਕਿਆਂ ਦੀ ਕੁਦਰਤੀ ਸੁੰਦਰਤਾ ਵੀ ਤਬਾਹ ਹੋ ਰਹੀ ਹੈ। ਇਹਨਾਂ ਜੰਗਾਂ ਵਿੱਚ ਦੋਵੇਂ ਦੇਸ਼ਾਂ ਦੇ ਆਮ ਲੋਕ ਵੱਡੀ ਗਿਣਤੀ ਵਿੱਚ ਮਾਰੇ ਜਾ ਰਹੇ ਹਨ। ਰੂਸ ਨੇ ਤਾਂ ਇਸ ਜੰਗ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਵੀ ਧਮਕੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਯੂਕ੍ਰੇਨ ਸੋਵੀਅਤ ਸੰਘ ਸਮੇਂ ਸੋਵੀਅਤ ਯੂਨੀਅਨ ਦਾ ਹੀ ਹਿੱਸਾ ਸੀ ਪਰ ਸੋਵੀਅਤ ਯੂਨੀਅਨ ਦੀ ਵੰਡ ਤੋਂ ਬਾਅਦ ਯੂਕ੍ਰੇਨ ਵੱਖਰਾ ਦੇਸ਼ ਬਣ ਗਿਆ ਅਤੇ ਉਸ ਤੋਂ ਬਾਅਦ ਇਸ ਦੀ ਨੇੜਤਾ ਅਮਰੀਕਾ ਨਾਲ ਹੋ ਗਈ। ਅਮਰੀਕਾ ਨੇ ਵੀ ਰੂਸ ਨੂੰ ਘੇਰਨ ਲਈ ਯੂਕ੍ਰੇਨ ਦਾ ਸਹਾਰਾ ਲਿਆ, ਜਿਸ ਕਰਕੇ ਰੂਸ ਵੀ ਪੂਰੀ ਤਿਆਰੀ ਕਰਨ ਲੱਗਿਆ, ਜਿਸਦੇ ਨਤੀਜੇ ਵਜੋਂ ਇਹ ਜੰਗ ਸ਼ੁਰੂ ਹੋ ਗਈ। ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਦੀ ਹੁਣ ਜੋ ਸਥਿਤੀ ਪੈਦਾ ਹੋਈ ਹੈ, ਉਸ ਵਿੱਚ ਕੋਈ ਵੀ ਜੇਤੂ ਬਣਕੇ ਨਹੀਂ ਉਭਰ ਸਕਦਾ, ਅਸਲ ਵਿੱਚ ਇਸ ਜੰਗ ਵਿੱਚ ਸਾਰੀਆਂ ਧਿਰਾਂ ਹਾਰ ਗਈਆਂ ਹਨ- ਰੂਸ ਵੀ ਹਾਰ ਗਿਆ ਹੈ, ਯੂਕਰੇਨ ਵੀ ਹਾਰ ਗਿਆ ਹੈ ਅਤੇ ਪੱਛਮੀ ਖੇਮਾ ਵੀ ਹਾਰ ਗਿਆ ਹੈ। ਅੱਜ ਯੂਕਰੇਨ ਵਿੱਚ ਹੋ ਰਹੀ ਬੰਬਾਰੀ ਵਿੱਚ ਬੇਕਸੂਰ ਲੋਕ ਆਪਣੇ ਘਰਾਂ ਅਤੇ ਸ਼ਹਿਰਾਂ ਵਿੱਚ ਕੈਦ ਹਨ। ਬੇਸਹਾਰਾ ਔਰਤਾਂ, ਬਜ਼ੁਰਗ ਅਤੇ ਬੱਚੇ ਸ਼ਰਨਾਰਥੀ ਬਣ ਕੇ ਭੱਜ ਰਹੇ ਹਨ। ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਦਾ ਨਤੀਜਾ ਹੁਣ ਤੱਕ ਸਿਫ਼ਰ ਰਿਹਾ ਹੈ, ਇਸ ਦੇ ਬਾਵਜੂਦ ਦੋਵਾਂ ਧਿਰਾਂ ਵਿਚਾਲੇ ਜੰਗ ਜਾਰੀ ਹੈ। ਕੁਝ ਅਜਿਹੇ ਕਾਰਨ ਹੀ ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਜੰਗ ਸ਼ੁਰੂ ਹੋਣ ਦੇ ਹਨ। ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਵਿੱਚ 37 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ। ਇਸ ਜੰਗ ਦੇ ਬਹਾਨੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਕੀਤਾ ਜਾ ਰਿਹਾ ਬੌਧਿਕ ਨਾਸ ਜਾਂ ਵਿਦਿਆ ਘਾਤ ਫਲਸਤੀਨੀ ਨਸਲਕੁਸ਼ੀ ਦਾ ਹੀ ਹਿੱਸਾ ਹੈ। ਹਮਲੇ ਦੀ ਸ਼ੁਰੂਆਤ ਤੋਂ ਲੈਕੇ ਹੁਣ ਤੱਕ ਗਾਜ਼ਾ ਵਿੱਚ 80% ਸਕੂਲ ਤਬਾਹ ਹੋ ਗਏ ਹਨ ਜਾਂ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਇਸ ਯੋਜਨਾਬੱਧ ਤਬਾਹੀ ਨੂੰ ਵਿੱਦਿਅਕ ਤਬਾਹੀ ਕਿਹਾ ਜਾ ਰਿਹਾ ਹੈ। 400 ਤੋਂ ਵੱਧ ਸਕੂਲ ਸਿੱਧੀ ਇਜ਼ਰਾਇਲੀ ਬੰਬਾਰੀ ਦਾ ਸ਼ਿਕਾਰ ਹੋਏ ਹਨ ਤੇ 56 ਸਕੂਲ ਪੂਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤੇ ਗਏ ਹਨ। ਯੂ. ਐੱਨ. ਦੀ ਰਿਪੋਰਟ ਮੁਤਾਬਕ 195 ਇਤਿਹਾਸਕ ਵਿਰਾਸਤੀ ਇਮਾਰਤਾਂ, 229 ਮਸਜਿਦਾਂ, 3 ਚਰਚ, 13 ਲਾਈਬਰੇਰੀਆਂ, ਲੈਬਾਂ, ਮੁਰਦਾਘਾਟ ਤੇ ਕੁਝ ਕੇਂਦਰੀ ਪੁਰਾਲੇਖ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਜਾਂ ਮਲਬੇ ਦੇ ਢੇਰ ਵਿੱਚ ਬਦਲ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਗਾਜ਼ਾ ਦੇ 24 ਵੱਡੇ ਹਸਪਤਾਲ ਵੀ ਤਬਾਹ ਹੋ ਗਏ ਹਨ। ਜੰਗ ਇੱਕ ਕੁਸੈਲੀ ਹਕੀਕਤ ਹੁੰਦੀ ਹੈ, ਜਿਸ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਧਿਰਾਂ ਦਾ ਨੁਕਸਾਨ ਹੁੰਦਾ ਹੈ, ਪਰ ਇਹਨਾਂ ਜੰਗਾਂ ਵਿੱਚ ਸਭ ਤੋਂ ਜ਼ਿਆਦਾ ਆਮ ਲੋਕ ਮਾਰੇ ਜਾਂਦੇ ਹਨ, ਜਿਹਨਾਂ ਦਾ ਕੋਈ ਕਸੂਰ ਵੀ ਨਹੀਂ ਹੁੰਦਾ। ਇਸ ਤਰ੍ਹਾਂ ਵਿਸ਼ਵ ਵਿੱਚ ਪੁਰਾਤਨ ਸਮੇਂ ਤੋਂ ਹੀ ਮਨੁੱਖਤਾ ਦਾ ਘਾਣ ਹੁੰਦਾ ਆਇਆ ਹੈ।

ਚਾਹੀਦਾ ਤਾਂ ਇਹ ਹੈ ਕਿ ਵਿਸ਼ਵ ਸ਼ਾਂਤੀ ਲਈ ਸਾਰੀਆਂ ਧਿਰਾਂ ਸੁਹਿਰਦ ਹੋ ਕੇ ਯਤਨ ਕਰਨ। ਇਹ ਠੀਕ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ ਜੰਗ ਪ੍ਰਭਾਵਿਤ ਖੇਤਰਾਂ ਵਿੱਚ ਸ਼ਾਂਤੀ ਲਈ ਕੁਝ ਯਤਨ ਕੀਤੇ ਜਾ ਰਹੇ ਹਨ ਪਰ ਇਹਨਾਂ ਯਤਨਾਂ ਨੂੰ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ,ਅਜਿਹਾ ਕੋਈ ਵੀ ਮਸਲਾ ਨਹੀਂ ਹੁੰਦਾ ਜੋ ਗੱਲਬਾਤ ਰਾਹੀਂ ਹੱਲ ਨਾ ਹੋ ਸਕੇ। ਇਸ ਕਰਕੇ ਸੰਯੁਕਤ ਰਾਸ਼ਟਰ ਦੀ ਅਗਵਾਈ ਵਿੱਚ ਸਾਰੀਆਂ ਧਿਰਾਂ ਨੂੰ ਆਪਣੇ ਮਸਲੇ ਮਿਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ।

# ਆਰਥਿਕ ਮੁਹਾਜ਼ 'ਤੇ ਤਤਕਾਲੀ ਵੱਡੀਆਂ ਚੁਣੌਤੀਆਂ ਹਨ ਮਹਿੰਗਾਈ ਤੇ ਬੇਰੁਜ਼ਗਾਰੀ

ਡਾ. ਬ੍ਰਜੇਸ਼ ਕੁਮਾਰ ਤਿਵਾੜੀ



ਨਰਿੰਦਰ ਮੋਦੀ ਦੀ ਅਗਵਾਈ ਵਿੱਚ ਨਵੀਂ ਸਰਕਾਰ ਦੇ ਮੋਢਿਆਂ 'ਤੇ ਵਿੱਤੀ ਸਾਲ 2023-24 ਵਿੱਚ ਦਰਜ ਕੀਤੇ ਗਏ 8.2 ਪ੍ਰਤੀਸ਼ਤ ਦੇ ਜੀਡੀਪੀ ਵਾਧੇ ਨੂੰ ਅੱਗੇ ਵਧਾਉਣ ਦੇ ਨਾਲ ਹੀ ਭਾਰਤ ਨੂੰ ਪੰਜ ਟ੍ਰਿਲੀਅਨ (ਲੱਖ ਕਰੋੜ) ਡਾਲਰ ਦਾ ਅਰਥਚਾਰਾ ਅਤੇ 2047 ਤੱਕ ਇੱਕ ਵਿਕਸਤ ਰਾਸ਼ਟਰ ਬਣਾਉਣ ਲਈ ਆਰਥਿਕ ਸੁਧਾਰਾਂ ਨੂੰ ਅੱਗੇ ਵਧਾਉਣ ਦੀ ਅਹਿਮ ਜ਼ਿੰਮੇਵਾਰੀ ਹੋਵੇਗੀ। ਮੋਦੀ ਸਰਕਾਰ ਦੇ 10 ਸਾਲ ਦੇ ਕਾਰਜਕਾਲ ਵਿੱਚ ਭਾਰਤ ਆਲਮੀ ਪੱਧਰ 'ਤੇ 11ਵੀਂ ਤੋਂ ਪੰਜਵੀਂ ਸਭ ਤੋਂ ਵੱਡੀ ਅਰਥ-ਵਿਵਸਥਾ ਬਣਿਆ। ਨਵੀਂ ਸਰਕਾਰ ਦੀ ਨਜ਼ਰ ਭਾਰਤ ਨੂੰ ਦੁਨੀਆਂ ਦੇ ਸਿਖ਼ਰਲੇ ਤਿੰਨ ਅਰਥਚਾਰਿਆਂ ਵਿੱਚ ਲਿਆਉਣ 'ਤੇ ਹੋਵੇਗੀ। ਆਰਥਿਕ ਮੁਹਾਜ਼ 'ਤੇ ਤਤਕਾਲੀ ਚੁਣੌਤੀ ਮਹਿੰਗਾਈ ਤੇ ਬੇਰੁਜ਼ਗਾਰੀ ਹੈ। ਤੇਜ਼ ਆਰਥਿਕ ਵਿਕਾਸ ਦੇ ਬਾਵਜੂਦ ਦਿਹਾਤੀ ਤੇ ਸ਼ਹਿਰੀ ਖੇਤਰਾਂ ਵਿੱਚ ਬੇਰੁਜ਼ਗਾਰੀ ਇੱਕ ਗੰਭੀਰ ਸਮੱਸਿਆ ਬਣੀ ਹੋਈ ਹੈ।

ਭਾਰਤ ਵਿੱਚ 94 ਪ੍ਰਤੀਸ਼ਤ ਕਰਮਚਾਰੀ ਗ਼ੈਰ-ਸੰਗਠਿਤ ਖੇਤਰ ਵਿੱਚ ਕੰਮ ਕਰਦੇ ਹਨ ਅਤੇ ਦੇਸ਼ ਦਾ 35 ਪ੍ਰਤੀਸ਼ਤ ਉਤਪਾਦਨ ਇਸੇ 'ਚ ਹੁੰਦਾ ਹੈ। ਕਈ ਸਾਲਾਂ ਤੋਂ ਗ਼ੈਰ-ਸੰਗਠਿਤ ਖੇਤਰ ਦਾ ਦਾਇਰਾ ਸੌੜਾ ਹੋ ਰਿਹਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਦਾ ਆਗਮਨ ਸੇਵਾ ਖੇਤਰ ਦੇ ਰੁਜ਼ਗਾਰਾਂ ਲਈ ਇੱਕ ਵੱਡੀ ਚੁਣੌਤੀ ਹੈ। ਭਾਰਤ ਦੀ ਜੀਡੀਪੀ ਵਿੱਚ 50 ਪ੍ਰਤੀਸ਼ਤ ਤੋਂ ਵੱਧ ਦਾ ਯੋਗਦਾਨ ਇਸੇ ਖੇਤਰ ਦਾ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਸਿਰਫ਼ ਰਾਜਨੀਤਕ ਵਿਸ਼ੇ ਨਹੀਂ ਹਨ। ਜੇਕਰ ਬੇਰੁਜ਼ਗਾਰੀ ਰਹੇਗੀ ਅਤੇ ਆਮਦਨ ਨਹੀਂ ਵਧੇਗੀ ਤਾਂ ਲੋਕਾਂ ਦੀ ਖ਼ਰੀਦ ਸ਼ਕਤੀ ਪ੍ਰਭਾਵਿਤ ਹੋਵੇਗੀ। ਖਪਤ ਅਤੇ ਨਿਵੇਸ਼ ਦਾ ਪੱਧਰ ਵੀ ਇਸ ਨਾਲ ਜੁੜਿਆ ਹੋਇਆ ਹੈ।




ਇਸ ਲਈ ਸਭ ਤੋਂ ਪਹਿਲਾਂ ਬੇਰੁਜ਼ਗਾਰੀ ਦੀ ਸਮੱਸਿਆ ਦੂਰ ਕਰਨ 'ਤੇ ਧਿਆਨ ਦੇਣਾ ਹੋਵੇਗਾ। ਅੱਜ ਦੇਸ਼ ਦੇ 85 ਪ੍ਰਤੀਸ਼ਤ ਸਟਾਰਟਅੱਪ ਫੇਲ੍ਹ ਹੋ ਰਹੇ ਹਨ। ਇਸ ਲਈ ਸਟਾਰਟਅੱਪ ਇੰਡੀਆ ਯੋਜਨਾ ਨੂੰ ਹੋਰ ਜ਼ਿਆਦਾ ਮਹੱਤਵ ਦੇਣਾ ਹੋਵੇਗਾ। ਅਗਨੀਵੀਰ ਯੋਜਨਾ 'ਤੇ ਨਜ਼ਰਸਾਨੀ ਦੀ ਜ਼ਰੂਰਤ ਦੇ ਨਾਲ ਹੀ ਸਰਕਾਰੀ ਭਰਤੀਆਂ ਵਿੱਚ ਤੇਜ਼ੀ ਲਿਆਉਣੀ ਹੋਵੇਗੀ। ਗ਼ੈਰ-ਸੰਗਠਿਤ ਖੇਤਰ ਨੂੰ ਹਾਸ਼ੀਏ 'ਤੇ ਧੱਕਣ ਵਾਲੀਆਂ ਨੀਤੀਆਂ ਵਿੱਚ ਵੀ ਵੱਡੇ ਪੈਮਾਨੇ 'ਤੇ ਬਦਲਾਅ ਦੀ ਜ਼ਰੂਰਤ ਹੈ। ਅੱਜ ਭਾਰਤ ਵਿੱਚ ਪ੍ਰਤੀ ਵਿਅਕਤੀ ਆਮਦਨ 2601 ਡਾਲਰ ਹੈ ਅਤੇ 197 ਦੇਸ਼ਾਂ ਵਿੱਚ ਪ੍ਰਤੀ ਵਿਅਕਤੀ ਆਮਦਨ ਦੇ ਮਾਮਲਿਆਂ ਵਿੱਚ ਭਾਰਤ 142ਵੇਂ ਪਾਏਦਾਨ 'ਤੇ ਹੈ। ਮਹਿੰਗਾਈ ਵੀ ਦੇਸ਼ ਵਿੱਚ ਇੱਕ ਮਹੱਤਵਪੂਰਨ ਮੁੱਦਾ ਬਣੀ ਹੋਈ ਹੈ। ਬੀਤੇ ਕੁਝ ਸਮੇਂ ਤੋਂ ਰਸੋਈ ਦਾ ਬਜਟ ਬੇਲਗਾਮ ਅਤੇ ਅਸੰਤੁਲਿਤ ਹੋਇਆ ਹੈ। ਆਮ ਲੋਕਾਂ 'ਤੇ ਮਹਿੰਗਾਈ ਦੀ ਮਾਰ ਦੇ ਦੂਰਗਾਮੀ ਅਸਰ ਹੁੰਦੇ ਹਨ। ਯਾਦ ਰਹੇ ਕਿ ਮਹਿੰਗਾ ਭੋਜਨ ਆਬਾਦੀ ਦੀ ਸਿਹਤ ਲਈ ਖ਼ਤਰਾ ਹੁੰਦਾ ਹੈ। ਇਸ ਨੂੰ ਦੇਖਦੇ ਹੋਏ ਅੱਜ ਸਾਨੂੰ ਜੀਡੀਪੀ ਨਾਲੋਂ ਜ਼ਿਆਦਾ ਮਨੁੱਖੀ ਵਿਕਾਸ 'ਤੇ ਫੋਕਸ ਕਰਨਾ ਚਾਹੀਦਾ ਹੈ ਜਿਸ ਵਿੱਚ ਸਿੱਖਿਆ ਅਤੇ ਸਿਹਤ ਸਭ ਤੋਂ ਉੱਪਰ ਹਨ। ਅੱਜ ਦੇਸ਼ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਵਿੱਚ ਚੰਗੀ ਸਿੱਖਿਆ, ਕੌਸ਼ਲ ਵਿਕਾਸ ਅਤੇ ਬਿਹਤਰ ਸਿਹਤ ਸੇਵਾਵਾਂ ਪ੍ਰਮੁੱਖ ਹਨ। ਸਕੂਲੀ ਸਿੱਖਿਆ ਦੀ ਗੁਣਵੱਤਾ ਬਹੁਤ ਚੰਗੀ ਨਹੀਂ ਹੈ।

ਦੂਜੇ ਪਾਸੇ ਉੱਚ ਸਿੱਖਿਆ ਦੇ ਕੇਵਲ ਕੁਝ ਅਦਾਰੇ ਹੀ ਉੱਨਤ ਖੋਜ ਵਿੱਚ ਸ਼ਾਮਲ ਹਨ। ਭਾਰਤ ਵਿੱਚ ਸ਼ੁਰੂ ਤੋਂ ਸਿੱਖਿਆ 'ਤੇ ਤੁਲਨਾਤਮਕ ਤੌਰ 'ਤੇ ਜਨਤਕ ਖ਼ਰਚਾ ਘੱਟ ਰਿਹਾ ਹੈ। ਓਥੇ ਹੀ ਪ੍ਰਮੁੱਖ ਅਰਥਚਾਰਿਆਂ ਦੀ ਤੁਲਨਾ ਵਿੱਚ ਭਾਰਤ ਦਾ ਖੋਜ ਤੇ ਵਿਕਾਸ (ਆਰਐਂਡਡੀ) ਖ਼ਰਚਾ-ਜੀਡੀਪੀ ਅਨੁਪਾਤ ਵਿਚ ਮਹਿਜ਼ 0.7 ਪ੍ਰਤੀਸ਼ਤ ਹੈ। ਇਹ 1.8 ਫ਼ੀਸਦੀ ਦੇ ਵਿਸ਼ਵ ਔਸਤ ਨਾਲੋਂ ਵੀ ਬਹੁਤ ਘੱਟ ਹੈ। ਸਰਕਾਰ ਦੇ ਵੱਖ-ਵੱਖ ਯਤਨਾਂ ਦੇ ਬਾਵਜੂਦ ਅੱਜ ਵੀ ਜੇ ਦੇਸ਼ ਦੇ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੇਣਾ ਪੈ ਰਿਹਾ ਹੈ ਤਾਂ ਨਿਸ਼ਚਤ ਹੀ ਇਹ ਜਨਸੰਖਿਆ ਅਕੁਸ਼ਲ ਹੈ। ਸਕਿੱਲ ਇੰਡੀਆ ਯੋਜਨਾ ਕਈ ਕਾਰਨਾਂ ਕਾਰਨ ਉਮੀਦ ਮੁਤਾਬਕ ਸਫਲਤਾ ਹਾਸਲ ਨਹੀਂ ਕਰ ਸਕੀ ਜਿਸ ਦਾ ਮੁੱਖ ਕਾਰਨ ਸਿਖਲਾਈ ਨਾਲ ਸਬੰਧਤ ਬੁਨਿਆਦੀ ਢਾਂਚੇ ਦੀ ਕਮੀ ਅਤੇ ਨਿੱਜੀ ਖੇਤਰ ਦੀ ਸੀਮਤ ਭਾਗੀਦਾਰੀ ਹੈ।

ਚੇਤੇ ਰਹੇ, ਇੱਕ ਕੁਸ਼ਲ ਅਤੇ ਪੜ੍ਹਿਆ-ਲਿਖਿਆ ਕਿਰਤ ਬਲ ਹੀ ਦੇਸ਼ ਨੂੰ ਉੱਚ ਵਿਕਾਸ ਦਰ ਵੱਲ ਲੈ ਕੇ ਜਾਂਦਾ ਹੈ। ਕੌਸ਼ਲ ਅਤੇ ਸਿੱਖਿਆ ਅਜਿਹਾ ਖੇਤਰ ਹੈ ਜਿੱਥੇ ਨਿਵੇਸ਼ ਦੇ ਕਈ ਪ੍ਰਭਾਵ ਹੁੰਦੇ ਹਨ। ਜਦ ਕਾਰਜ-ਬਲ ਜ਼ਿਆਦਾ ਕੁਸ਼ਲ ਬਣੇਗਾ ਤਦ ਆਰਥਿਕ ਵਿਕਾਸ ਦੀ ਗਤੀ ਨੂੰ ਹੁਲਾਰਾ ਮਿਲੇਗਾ। ਸਮਾਜਿਕ ਬੁਰਾਈਆਂ ਘੱਟ ਹੋਣਗੀਆਂ ਅਤੇ ਮਹਿਲਾਵਾਂ ਵੀ ਸੁਰੱਖਿਅਤ ਹੋਣਗੀਆਂ। ਨਤੀਜੇ ਵਜੋਂ ਦੇਸ਼ ਦਾ ਤੇਜ਼ੀ ਨਾਲ ਵਿਕਾਸ ਹੋਵੇਗਾ। ਭਾਰਤ ਚਾਲੂ ਖਾਤੇ ਦੇ ਘਾਟੇ ਨਾਲ ਵੀ ਲਗਾਤਾਰ ਜੂਝਦਾ ਰਿਹਾ ਹੈ ਜਿਸ ਦਾ ਅਰਥ ਹੈ ਕਿ ਦੇਸ਼ ਦੀ ਦਰਾਮਦ ਇਸ ਦੀ ਬਰਾਮਦ ਨਾਲੋਂ ਜ਼ਿਆਦਾ ਹੈ। ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਹੋਣ ਦੇ ਬਾਵਜੂਦ ਭਾਰਤ ਦੀ ਆਲਮੀ ਬਰਾਮਦ 'ਚ ਬਾਮੁਸ਼ਕਲ 1.6 ਫ਼ੀਸਦੀ ਹਿੱਸੇਦਾਰੀ ਹੈ। 'ਮੇਕ ਇਨ ਇੰਡੀਆ' ਮੁਹਿੰਮ ਦਾ ਇੱਕ ਮੁੱਢਲਾ ਮਕਸਦ 2022 ਤੱਕ ਭਾਰਤ ਦੀ ਜੀਡੀਪੀ ਵਿੱਚ ਮੈਨੂਫੈਕਚਰਿੰਗ ਖੇਤਰ ਦੀ ਹਿੱਸੇਦਾਰੀ 25% ਤੱਕ ਵਧਾਉਣੀ ਸੀ। ਹਾਲਾਂਕਿ ਬੀਤੇ ਨੌਂ ਸਾਲਾਂ ਵਿੱਚ ਇਹ ਪੱਧਰ 14 ਤੋਂ 16 ਫ਼ੀਸਦ ਵਿਚਾਲੇ ਅਟਕਿਆ ਹੋਇਆ ਹੈ। ਅਰਥਚਾਰੇ ਦੇ ਵਧਦੇ ਆਕਾਰ ਵਿਚਾਲੇ ਭਾਰਤ ਲਈ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਦੀ ਵੀ ਵੱਡੀ ਚੁਣੌਤੀ ਹੈ। ਦੇਸ਼ ਵਿੱਚ ਸਿਰਫ਼ ਅਰਬਪਤੀਆਂ ਦੀ ਗਿਣਤੀ ਵਧਣ ਨਾਲ ਕੰਮ ਨਹੀਂ ਬਣੇਗਾ। ਆਲਮੀ ਅਰਥਚਾਰੇ ਵਿੱਚ ਭਾਵੇਂ ਭਾਰਤ ਦਾ ਸਥਾਨ ਪੰਜਵਾਂ ਹੋ ਗਿਆ ਹੋਵੇ ਪਰ ਵਿਕਾਸ ਦਾ ਹਿੱਸਾ ਬਹੁਤਿਆਂ ਤੱਕ ਹਾਲੇ ਪੁੱਜ ਨਹੀਂ ਰਿਹਾ ਹੈ। ਖ਼ੁਰਾਕੀ ਸੁਰੱਖਿਆ ਪ੍ਰਾਪਤ ਕਰਨ, ਆਮਦਨ ਵਧਾਉਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਦਿਹਾਤੀ ਇਲਾਕਿਆਂ ਵਿੱਚ ਵਿਕਾਸ ਖੇਤੀ ਆਧਾਰਤ ਸਨਅਤੀਕਰਨ ਦੁਆਰਾ ਸੰਚਾਲਿਤ ਹੋਣਾ ਚਾਹੀਦਾ ਹੈ। ਸਰਕਾਰ ਦੇ ਨਿਵੇਸ਼ ਉਤਸ਼ਾਹ 'ਤੇ ਨਿੱਜੀ ਖੇਤਰ ਦਾ ਪ੍ਰਤੀਕਰਮ ਹਾਂ-ਪੱਖੀ ਨਹੀਂ ਰਿਹਾ ਹੈ, ਫਿਰ ਵੀ ਬੁਨਿਆਦੀ ਢਾਂਚੇ ਅਤੇ ਸਮਾਜਿਕ ਭਲਾਈ ਨਾਲ ਜੁੜੀਆਂ ਯੋਜਨਾਵਾਂ 'ਤੇ ਸਰਕਾਰੀ ਖ਼ਰਚ ਜਾਰੀ ਰਹਿਣਾ ਚਾਹੀਦਾ ਹੈ।

ਨਵੀਂ ਸਰਕਾਰ ਨੂੰ ਬਾਂਡ ਬਾਜ਼ਾਰ, ਬੀਮਾ ਬਾਜ਼ਾਰ ਅਤੇ ਪੈਨਸ਼ਨ ਬਾਜ਼ਾਰ ਦਾ ਵਿਕਾਸ ਵੀ ਕਰਨਾ ਚਾਹੀਦਾ ਹੈ ਜੋ ਆਧਾਰ ਸੰਰਚਨਾ ਲਈ ਲੰਮੇ ਅਰਸੇ ਲਈ ਵਿੱਤ ਅਤੇ ਬਿਰਧਾਂ ਲਈ ਸਮਾਜਿਕ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ। ਜੀਐੱਸਟੀ ਨੂੰ ਵੀ ਤਰਕਸੰਗਤ ਬਣਾਉਣ ਦੀ ਜ਼ਰੂਰਤ ਹੈ। ਸਰਕਾਰ ਜੇ ਚਾਹੇ ਤਾਂ ਟੈਕਸ ਮਾਲੀਆ ਵਧਾਉਣ ਲਈ ਕਾਰਪੋਰੇਟ ਟੈਕਸ, ਪ੍ਰਾਪਰਟੀ ਟੈਕਸ ਜਿਹੇ ਟੈਕਸਾਂ ਨੂੰ ਵਧਾ ਸਕਦੀ ਹੈ। ਨਾਲ ਹੀ ਵਾਤਾਵਰਨ ਦੀ ਸਾਂਭ-ਸੰਭਾਲ ਬਾਬਤ ਨੀਤੀਆਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਵੀ ਜ਼ਰੂਰੀ ਹੈ। ਅਰਥਚਾਰੇ 'ਤੇ ਵਧਦੇ ਕਰਜ਼ੇ ਦਾ ਕਾਰਗਰ ਹੱਲ ਵੀ ਕੱਢਣਾ ਹੋਵੇਗਾ। ਨਿੱਜੀ ਨਿਵੇਸ਼ ਵਿੱਚ ਸੁਧਾਰ ਅਰਥਚਾਰੇ ਵਿੱਚ ਤਰੱਕੀ ਦਾ ਅਹਿਮ ਕਾਰਕ ਹੋਵੇਗਾ ਅਤੇ ਅਗਲੀ ਸਰਕਾਰ ਨੂੰ ਇਸ 'ਤੇ ਖ਼ਾਸ ਜ਼ੋਰ ਦੇਣਾ ਚਾਹੀਦਾ ਹੈ। ਹੁਣੇ ਜਿਹੇ ਆਰਬੀਆਈ ਨੇ ਕੇਂਦਰ ਸਰਕਾਰ ਨੂੰ 2.11 ਲੱਖ ਕਰੋੜ ਰੁਪਏ ਦੇ ਲਾਭਾਂਸ਼ (ਡਿਵੀਡੈਂਡ) ਭੁਗਤਾਨ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਨੂੰ ਇਸ ਧਨ ਨੂੰ ਸਿੱਖਿਆ ਅਤੇ ਰੁਜ਼ਗਾਰ ਨਿਰਮਾਣ ਵਿੱਚ ਲਗਾਉਣਾ ਚਾਹੀਦਾ ਹੈ ਅਤੇ ਕੋਈ ਵੀ ਰਿਓੜੀਆਂ ਵਾਲੀ ਯੋਜਨਾ ਤੋਂ ਦੂਰ ਰਹਿਣਾ ਚਾਹੀਦਾ ਹੈ।

# ਮੋਦੀ ਅਜਿੱਤ ਹੈ, ਦੀ ਮਿਥ ਖ਼ਤਮ ਹੋ ਗਈ



ਡਾ. ਅਰੁਣ ਮਿੱਤਰਾ

ਜਦੋਂ 1928 ਵਿੱਚ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਦੇ ਦੌਰਾਨ ਲਾਲਾ ਲਾਜਪਤ ਰਾਏ ਉੱਪਰ ਅੰਗਰੇਜ਼ਾਂ ਨੇ ਲਾਠੀਆਂ ਵਰ੍ਹਾਈਆਂ, ਜਿਸਦੇ ਕਾਰਨ ਉਹਨਾਂ ਦੀ ਅੰਤ ਵਿੱਚ ਮਿਰਤੂ ਹੋ ਗਈ, ਤਾਂ ਲਾਲਾ ਲਾਜਪਤ ਰਾਏ ਨੇ ਕਿਹਾ ਸੀ ਕਿ ਅੰਗਰੇਜ਼ਾਂ ਵੱਲੋਂ ਵਰ੍ਹਾਈ ਗਈ ਇੱਕ ਇੱਕ ਲਾਠੀ ਬਰਤਾਨਵੀ ਸਾਮਰਾਜ ਦੇ ਤਾਬੂਤ ਵਿੱਚ ਕਿੱਲ ਦਾ ਕੰਮ ਹੋਵੇਗੀ। ਅੰਦੋਲਨ ਅੱਗੇ ਵਧਿਆ, ਆਜ਼ਾਦੀ ਦਾ ਸੰਘਰਸ਼ ਮਜ਼ਬੂਤ ਹੁੰਦਾ ਗਿਆ, ਅਨੇਕਾਂ ਇਨਕਲਾਬੀਆਂ ਨੇ ਆਪਣੀਆਂ ਜਾਨਾਂ ਦੀਆਂ ਕੁਰਬਾਨੀਆਂ ਦਿੱਤੀਆਂ। ਸ਼ਾਂਤੀਪੂਰਨ ਅੰਦੋਲਨ ਵੀ ਚੱਲੇ, ਕਮਿਊਨਿਸਟਾਂ ਵੱਲੋਂ ਵਿਚਾਰਧਾਰਕ ਅੰਦੋਲਨ ਵੀ ਚਲਾਏ ਗਏ ਅਤੇ ਕਈ ਹੋਰ ਪ੍ਰਗਤੀਸ਼ੀਲ ਅੰਦੋਲਨਾਂ ਨੇ ਰਲਮਿਲ ਕੇ ਦੇਸ਼ ਵਿੱਚ ਅਜਿਹਾ ਮਾਹੌਲ ਬਣਾਇਆ ਕਿ ਅਖੀਰ 1946 ਦੇ ਵਿੱਚ ਰਾਇਲ ਇੰਡੀਅਨ ਨੇਵੀ ਨੇ ਜੋ ਐਕਸ਼ਨ ਕੀਤਾ, ਉਸਨੇ ਬਰਤਾਨਵੀ ਸਾਮਰਾਜ ਦੇ ਤਾਬੂਤ ਵਿੱਚ ਆਖਰੀ ਕਿੱਲ ਦਾ ਕੰਮ ਕੀਤਾ।

ਅੰਗਰੇਜ਼ ਇੱਥੋਂ ਛੱਡ ਤਾਂ ਗਏ ਪਰ ਭਾਰਤ ਨੂੰ ਵੰਡ ਗਏ ਅਤੇ ਉਸ ਵੰਡ ਦੇ ਦੌਰਾਨ ਹੋਏ ਦੰਗਿਆਂ ਵਿੱਚ 25 ਲੱਖ ਹਿੰਦੂ, ਮੁਸਲਮਾਨ ਤੇ ਸਿੱਖ, ਤਿੰਨੋਂ ਪੰਜਾਬ ਦੇ ਵਾਸੀਆਂ ਦੀਆਂ ਜਾਨਾਂ ਗਈਆਂ। ਅੰਗਰੇਜ਼ ਅਜਿਹੇ ਹਾਲਾਤ ਵਿੱਚ ਸਾਨੂੰ ਮੁਲਕ ਸੌਂਪ ਗਏ ਜਿੱਥੇ ਅਨਪੜ੍ਹਤਾ, ਨਾਬਰਾਬਰੀ, ਬੇਰੁਜ਼ਗਾਰੀ ਅਤੇ ਨਕਾਰਾਤਮਕ ਕੁੱਲ ਰਾਸ਼ਟਰੀ ਉਤਪਾਦ (ਜੀ ਡੀ ਪੀ), ਖੇਤੀਬਾੜੀ ਦੀਆਂ ਬੇਅੰਤ ਸਮੱਸਿਆਵਾਂ, ਨਾ ਦੇ ਬਰਾਬਰ ਉਦਯੋਗ ਅਤੇ ਅਨੇਕਾਂ ਸਮਾਜਿਕ ਕਠਿਨਾਈਆਂ ਨਾਲ ਭਰਿਆ ਹੋਇਆ ਵਿਰਸਾ ਸਾਨੂੰ ਦੇ ਗਏ। ਉਸ ਨੂੰ ਸੰਭਾਲਣ ਲਈ ਸੰਵਿਧਾਨ ਸਭਾ ਬਣੀ, ਜਿਸ ਨੇ ਕੀ ਇੱਕ ਸੰਵਿਧਾਨ ਰਚਿਆ। ਇਸ ਸੰਵਿਧਾਨ ਸਭਾ ਦੀ ਕਲਪਨਾ ਆਜ਼ਾਦੀ ਤੋਂ ਪਹਿਲਾਂ ਹੀ ਸੁਤੰਤਰਤਾ ਸੈਨਾਨੀਆਂ ਨੇ ਰਲਮਿਲ ਕੇ ਕੀਤੀ ਸੀ। ਉਸ ਸੋਚ ਦੇ ਮੁਤਾਬਕ ਦੇਸ਼ ਨੂੰ ਧਰਮ ਨਿਰਪੱਖਤਾ, ਲੋਕਤੰਤਰ, ਸਮਾਜਿਕ ਨਿਆਂ ਅਤੇ ਸਵੈ ਨਿਰਭਰ ਆਰਥਿਕ ਵਿਕਾਸ ਦੇ ਤੌਰ ’ਤੇ ਅੱਗੇ ਵਧਾਇਆ ਗਿਆ। ਅਨੇਕਾਂ ਔਕੜਾਂ ਦੇ ਬਾਵਜੂਦ, ਮਹਾਤਮਾ ਗਾਂਧੀ ਦੇ ਵਿਚਾਰਾਂ ਦੇ ਪ੍ਰਭਾਵ, ਜਵਾਹਰ ਲਾਲ ਨਹਿਰੂ ਦੀ ਕੌਮਾਂਤਰੀ ਸੋਚ, ਕਮਿਊਨਿਸਟਾਂ ਦੀਆਂ ਦਲੇਰੀਆਂ ਤੇ ਵਿਚਾਰਧਾਰਕ ਪਰਿਪੱਕਤਾ, ਡਾਕਟਰ ਅੰਬੇਦਕਰ ਦੀ ਬੁੱਧੀ ਤੇ ਇਨਕਲਾਬੀਆਂ ਦੀਆਂ ਕੁਰਬਾਨੀਆਂ ਦੀ ਪ੍ਰੇਰਨਾ ਨੂੰ ਲੈ ਕੇ ਸਮਾਜ ਨੂੰ ਸਿਰਜਣ ਦੀ ਕੋਸ਼ਿਸ਼ ਕੀਤੀ ਗਈ। ਦੇਸ਼ ਵਿੱਚ ਲੋਕਤੰਤਰ ਪੰਚਾਇਤ ਤੋਂ ਲੈ ਕੇ ਸੰਸਦੀ ਰਾਜ ਪ੍ਰਣਾਲੀ ਤੱਕ ਮਜ਼ਬੂਤ ਹੁੰਦਾ ਗਿਆ। ਹਾਂ, ਇਹ ਗੱਲ ਜ਼ਰੂਰ ਹੈ ਕਿ ਬਾਅਦ ਵਿੱਚ ਇਸ ਵਿੱਚ ਧਨ ਅਤੇ ਤਾਕਤ ਦੀ ਦੁਰਵਰਤੋਂ ਅਤੇ ਮਾਫ਼ੀਆ ਦੀ ਦਖਲ ਅੰਦਾਜ਼ੀ ਵਧੀ, ਜਿਸ ਕਰਕੇ ਲੋਕਤੰਤਰ ਨੂੰ ਸੱਟ ਵੱਜੀ। ਸਭ ਔਕੜਾਂ ਵਿੱਚੋਂ ਦੀ ਲੰਘ ਕੇ ਸਮਾਜ ਨੇ ਤੇ ਦੇਸ਼ ਨੇ ਵਿਕਾਸ ਕੀਤਾ। ਸਾਡੀ ਮੌਤ ਦਰ ਘਟੀ, ਉਮਰ ਦੀ ਦਰ ਵਧੀ, ਜੀ ਡੀ ਪੀ ਵਧਿਆ, ਸਿਹਤ ਸੂਚਕ ਅੰਕ ਦੇ ਵਿੱਚ ਬਿਹਤਰੀ ਆਈ। ਸਿੱਖਿਆ ਦਾ ਵੀ ਬਹੁਤ ਪਸਾਰ ਹੋਇਆ। ਸਿੱਖਿਆ ਅਤੇ ਸਿਹਤ ਦਾ ਪਸਾਰ ਜਨਤਕ ਖੇਤਰ ਵਿੱਚ ਹੋਇਆ ਅਤੇ ਵੱਡੀ ਗਿਣਤੀ ਵਿੱਚ ਸਰਕਾਰੀ ਸਕੂਲ ਅਤੇ ਹਸਪਤਾਲ ਖੋਲ੍ਹੇ ਗਏ ਤਾਂ ਜੋ ਥਲੜੇ ਪੱਧਰ ਤਕ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਦਵਾਈ ਬਣਾਉਣ ਵਾਲੀਆਂ ਕੰਪਨੀਆਂ ਸਰਕਾਰੀ ਖੇਤਰ ਵਿੱਚ ਖੋਲ੍ਹੀਆਂ ਗਈਆਂ ਅਤੇ



ਸਸਤੀਆਂ ਅਤੇ ਵਧੀਆ ਦਵਾਈਆਂ ਬਣਾਈਆਂ ਗਈਆਂ, ਜਿਨ੍ਹਾਂ ਦੀ ਦੁਨੀਆ ਭਰ ਦੇ ਵਿੱਚ ਮੰਗ ਰਹੀ। ਵਿਗਿਆਨ ਦੇ ਹਰ ਖੇਤਰ ਦੇ ਵਿੱਚ ਅਸੀਂ ਅੱਗੇ ਵਧੇ। ਰੂੜ੍ਹੀਵਾਦ ਦੀ ਸੋਚ ਨੂੰ ਵੀ ਨੱਥ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਇਸ ਵਿੱਚ ਸਮਾਜਿਕ ਸੰਸਥਾਵਾਂ ਦੀ ਬਹੁਤ ਵੱਡੀ ਭੂਮਿਕਾ ਰਹੀ, ਜਿਸ ਨੇ ਕੀ ਸਰਕਾਰ ਨੂੰ ਕਈ ਹਾਂ ਪੱਖੀ ਕਦਮ ਚੁੱਕਣ ’ਤੇ ਮਜਬੂਰ ਵੀ ਕੀਤਾ।

ਪਰ ਸਭ ਕੁਝ ਠੀਕ ਨਹੀਂ ਸੀ, ਰੂੜ੍ਹੀਵਾਦੀ, ਕੱਟੜਪੰਥੀ ਫਿਰਕੂ ਸੋਚ ਨੂੰ ਵਧਾਉਣ ਵਾਲੇ ਲੋਕ ਤੇ ਸ਼ਕਤੀਆਂ ਅਤੇ ਰਾਜਨੀਤਿਕ ਦਲ ਮੌਜੂਦ ਸਨ ਜਿਨ੍ਹਾਂ ਨੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਲੋਕ ਪੱਖੀ ਅੰਦੋਲਨਾਂ ਦੀ ਬਜਾਏ ਉਹਨਾਂ ਨੇ ਬੇਮਤਲਬ ਅੰਦੋਲਨ ਚਲਾ ਕੇ ਲੋਕਾਂ ਨੂੰ ਗਲਤ ਦਿਸ਼ਾ ਵਿੱਚ ਲਾਮ ਬੰਦ ਕਰਨ ਤੇ ਲੋੜੀਂਦੇ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਨ੍ਹਾਂ ਸਦਕਾ ਹੀ ਸੰਨ 2014 ਵਿੱਚ ਭਾਜਪਾ ਸਰਕਾਰ ਸੱਤਾ ਵਿੱਚ ਆਈ, ਜਿਸਦੇ ਪਿੱਛੇ ਪੂਰੀ ਤਰ੍ਹਾਂ ਆਰ.ਐੱਸ.ਐੱਸ. ਤੇ ਸਮੁੱਚੇ ਸੰਘ ਪਰਿਵਾਰ ਦੀ ਥਾਪੀ, ਵਿਚਾਰਧਾਰਾ ਅਤੇ ਪੂਰਾ ਜਥੇਬੰਦਕ ਢਾਂਚਾ ਸੀ। ਇਸ ਦੌਰਾਨ ਜੋ ਕਾਰੇ ਕੀਤੇ ਗਏ, ਉਹਨਾਂ ਵਿੱਚੋਂ ਪ੍ਰਮੁੱਖ, ਲੋਕਾਂ ਨੂੰ ਧਰਮ ਦੇ ਨਾਮ ’ਤੇ ਵੰਡਣਾ, ਘੱਟ ਗਿਣਤੀਆਂ ਦੇ ਖਿਲਾਫ ਪ੍ਰਚਾਰ ਕਰਨਾ, ਪੁਰਾਣੀਆਂ ਪਰੰਪਰਾਵਾਂ ਨੂੰ ਵਧਾ ਚੜ੍ਹਾ ਕੇ ਦਿਖਾਉਣਾ, ਰੂੜ੍ਹੀਵਾਦੀ ਸੋਚ ਨੂੰ ਪ੍ਰਚਾਰਨਾ, ਗੈਰ ਵਿਗਿਆਨਿਕ ਗੱਲਾਂ ਨੂੰ ਵਧਾਉਣਾ, ਘੱਟ ਗਿਣਤੀਆਂ ਦੇ ਕਤਲੇਆਮ ਨੂੰ ਸਹੀ ਠਹਿਰਾਉਣਾ, ਕਿਸੇ ਵੀ ਕੀਮਤ ’ਤੇ ਦੁਸ਼ਕਰਮ ਕਰਨ ਵਾਲਿਆਂ ਦਾ ਸਾਥ ਦੇਣਾ, ਲੋਕ ਅੰਦੋਲਨਾਂ ਨੂੰ ਕੁਚਲਨਾ, ਇਸਤਰੀਆਂ ਨਾਲ ਦੁਰਾਚਾਰ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰਨਾ, ਦੇਸ਼ ਦੀ ਸੰਪਤੀ ਨੂੰ ਕੁਝ ਇੱਕ ਘਰਾਣਿਆਂ ਨੂੰ ਸੌਂਪਣਾ, ਸੰਸਦੀ ਪਰੰਪਰਾਵਾਂ ਨੂੰ ਕਮਜ਼ੋਰ ਕਰਨਾ, ਲੋਕਤੰਤਰਿਕ ਸੰਸਥਾਵਾਂ ਦਾ ਘਾਣ ਕਰਨਾ ਅਤੇ ਉਹਨਾਂ ਨੂੰ ਕਮਜ਼ੋਰ ਕਰਨਾ, ਇੱਥੋਂ ਤਕ ਕਿ ਨਿਆਂ ਪਾਲਿਕਾ ’ਤੇ ਵੀ ਦਬਾਅ ਪਾਉਣਾ ਆਦਿ ਸ਼ਾਮਿਲ ਹਨ। ਮੀਡੀਆ ਅਤੇ ਕਾਰਪੋਰੇਟ ਖੇਤਰ ਦਾ ਕੰਟਰੋਲ ਕਰਕੇ ਪੱਤਰਕਾਰਤਾ ਦੇ ਪੱਧਰ ਨੂੰ ਡੇਗਣ ਦੀ ਪੂਰੀ ਸਾਜ਼ਿਸ਼ ਰਚੀ ਗਈ। ਕਲਾ ਅਤੇ ਸੱਭਿਆਚਾਰਕ ਖੇਤਰ ਨੂੰ ਵੀ ਫਿਰਕੂ ਲੀਹਾਂ ’ਤੇ ਵੰਡਣ ਦੀ ਕੋਸ਼ਿਸ਼ ਕੀਤੀ ਗਈ।

ਇਸ ਸਭ ਨੂੰ ਨੇਪਰੇ ਚਾੜ੍ਹਨ ਲਈ ਇੱਕ ਅਜਿਹੇ ਵਿਅਕਤੀ ਨੂੰ ਉਭਾਰਿਆ ਗਿਆ ਜੋ ਕਿ ਆਤਮ ਮੁਗਧ ਹੋ ਜਾਵੇ ਅਤੇ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਸਮਝਣ ਲੱਗ ਪਵੇ। ਸਾਰੀ ਸੱਤਾ ਨੂੰ ਉਸਦੇ ਆਲੇ ਦੁਆਲੇ ਕੇਂਦਰੀਕ੍ਰਿਤ ਕੀਤਾ ਗਿਆ। ਅੱਜ ਇਸੇ ਨੂੰ ਅਸੀਂ ਦੇਖ ਰਹੇ ਹਾਂ ਕਿ ਕਿਸ ਢੰਗ ਨਾਲ ਸਭ ਕੁਝ ਨਰਿੰਦਰ ਮੋਦੀ ਦੇ ਆਲੇ ਦੁਆਲੇ ਘੁਮਾਇਆ ਜਾ ਰਿਹਾ ਹੈ। ਸਾਰੀਆਂ ਨੀਤੀਆਂ ਤਾਂ ਆਰ. ਐੱਸ. ਐੱਸ. ਦੇ ਕੇਂਦਰ ਨਾਗਪੁਰ ਤੋਂ ਤੈਅ ਹੋ ਕੇ ਥੱਲੇ ਤੱਕ ਲਿਜਾਈਆਂ ਜਾਂਦੀਆਂ ਹਨ ਅਤੇ ਮੋਦੀ ਰਾਹੀਂ ਉਹਨਾਂ ਨੂੰ ਪ੍ਰਚਾਰਿਆ ਜਾਂਦਾ ਹੈ। ਮੋਦੀ ਹੁਣ ਆਪਣੇ ਆਪ ਨੂੰ ਸਭ ਤੋਂ ਉੱਚਾ ਸਮਝਣ ਲੱਗ ਪਿਆ ਹੈ। ਇੱਥੋਂ ਤਕ ਕਿ ਆਪਣੇ ਆਪ ਨੂੰ ਮਾਂ ਦੀ ਕੁੱਖ ਤੋਂ ਨਾ ਜੰਮੇ ਹੋਣ ਅਤੇ ਰੱਬ ਵੱਲੋਂ ਸਿੱਧਾ ਭੇਜੇ ਗਏ ਦੀ ਵਿਆਖਿਆ ਖੁਦ ਕਰਨ ਲੱਗ ਪਿਆ ਹੈ।

ਲੋਕਾਂ ਨੂੰ ਅਤੇ ਰਾਜਨੀਤਿਕ ਦਲਾਂ ਨੂੰ ਵੀ ਇਹ ਗੱਲ ਸਮਝ ਆ ਗਈ ਹੈ ਕਿ ਇਸ ਤਰੀਕੇ ਦੇ ਆਤਮ ਮੁਗਧ ਵਿਅਕਤੀ ਕਦੇ ਵੀ ਗਲਤ ਦਿਸ਼ਾ ਵੱਲ ਜਾ ਸਕਦੇ ਹਨ ਤੇ ਕਰੂਰਤਾ ਦਾ ਰੂਪ ਧਾਰਨ ਕਰ ਸਕਦੇ ਨੇ। ਇਸ ਲਈ ਵਿਰੋਧੀ ਦਲਾਂ ਦੇ ਵੱਡੇ ਹਿੱਸੇ ਨੇ ਵੱਖ ਵੱਖ ਵਿਚਾਰ ਹੁੰਦਿਆਂ ਵੀ ਸੰਵਿਧਾਨ ਬਚਾਓ ਦੇਸ਼ ਬਚਾਓ ਦੇ ਨਾਅਰੇ ਹੇਠ ਆਪਣੇ ਆਪ ਨੂੰ ਇਕੱਤਰ ਕੀਤਾ ਤੇ ਇੰਡੀਆ ਨਾਮ ਦੇ ਗਰੁੱਪ ਨੂੰ ਲੈ ਕੇ ਅੱਗੇ ਤੁਰ ਪਏ। ਹਿਟਲਰ ਤੋਂ ਪ੍ਰੇਰਿਤ ਨਰਿੰਦਰ ਮੋਦੀ, ਉਸਦੀ ਪਾਰਟੀ ਤੇ ਉਸਦੇ ਵਿਚਾਰਵਾਨ ਇਸ ਚੁਣੌਤੀ ਤੋਂ ਬੁਖਲਾ ਗਏ। ਹਿਟਲਰ ਦੀਆਂ ਮਿਸਾਲਾਂ ਤੋਂ ਵਿਰੋਧੀ ਦਲਾਂ ਨੇ ਵੀ ਸਿੱਖਿਆ। ਇਸ ਲਈ ਅੱਜ ਨਰਿੰਦਰ ਮੋਦੀ ਤੇ ਉਸਦੀ ਪਾਰਟੀ ਭਾਜਪਾ ਦਾ ਸਾਰੇ ਦੇਸ਼ ਵਿੱਚ ਡਟ ਕੇ ਵਿਰੋਧ ਵੀ ਹੋ ਰਿਹਾ ਹੈ, ਬਾਵਜੂਦ ਇਸਦੇ ਕਿ ਭਾਜਪਾ ਵੱਲੋਂ ਅਥਾਹ ਪੈਸਾ, ਗੁੰਡਾਗਰਦੀ, ਇਲੈਕਟ੍ਰੌਨਿਕ ਮਸ਼ੀਨਾਂ ਦੀਆਂ ਗੜਬੜੀਆਂ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਰਾਹੀਂ ਅਫਵਾਵਾਂ ਫੈਲਾਉਣ ਦਾ ਪੂਰਾ ਅਡੰਬਰ ਰਚਿਆ ਗਿਆ ਹੈ।

(ਬਾਕੀ ਸਫ਼ਾ 31 ’ਤੇ)

# ਵਧ ਰਹੇ ਜਲਵਾਯੂ ਸੰਕਟ ਰੋਕਣ ਲਈ ਗਲਾਸਗੋ-26 ਪੈਕਟ ਲਈ ਸੰਘਰਸ਼ ਜ਼ਰੂਰੀ

ਜਗਦੀਸ਼ ਸਿੰਘ ਚੋਹਕਾ

ਪੂੰਜੀਵਾਦੀ ਕਾਰਪੋਰੇਟੀ ਦੇਸ਼ ਆਪਣੇ ਉਤਪਾਦਨ ਅਤੇ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਪਿਛਲੇ ਡੇਢ-ਸਦੀਆਂ ਤੋਂ ਫਾਸਿਲ (ਕੋਇਲਾ ਤੇ ਜ਼ਮੀਨ ਤੋਂ ਪੈਦਾ ਹੋਇਆ ਪੈਟਰੋਲੀਅਮ) ਦੀ ਵਰਤੋਂ ਕਰਕੇ ਆਪਣੇ ਕਾਰਖ਼ਾਨੇ ਚਲਾ ਕੇ ਅਥਾਹ ਕਾਰਬਨ ਡਾਈਉਕਸਾਈਡ ਪੈਦਾ ਕਰ ਰਹੇ ਹਨ। ਵਾਤਾਵਰਨ ਵਿੱਚ ਪੈਦਾ ਹੋਈਆਂ ਗੈਸਾਂ ਦੇ ਰਿਸਾਉ ਕਾਰਨ ਤਾਪਮਾਨ ਵਿੱਚ ਹਰ ਰੋਜ਼ ਵਾਧਾ ਹੋ ਰਿਹਾ ਹੈ। ਦੁਨੀਆਂ ਦਾ ਤਾਪਮਾਨ ਵਧਣ ਕਾਰਨ ਮੌਸਮਾਂ ਵਿੱਚ ਤਬਦੀਲੀ ਆਉਣੀ ਲਾਜ਼ਮੀ ਹੈ! ਤਾਪਮਾਨ ਵਿੱਚ ਡੇਢ ਡਿਗਰੀ ਸੈਲਸੀਅਸ ਵਾਧੇ ਕਾਰਨ ਕਿਤੇ ਤਾਂ ਗਰਮੀ ਵਧ ਰਹੀ ਹੈ ਤੇ ਕਈ ਥਾਂਵਾਂ ’ਤੇ ਮੌਸਮ ਲੰਬਾ ਹੋ ਰਿਹਾ ਹੈ। ਜਲਵਾਯੂ ਤਬਦੀਲੀ ਇੱਕ ਜਮਾਤੀ ਮੁੱਦਾ ਹੈ, ਕਿਉਂਕਿ ਪੂੰਜੀਵਾਦ ਦੁਆਰਾ ਕੁਦਰਤੀ ਸਰੋਤਾਂ ਦੀ ਬੇਕਿਰਕੀ ਨਾਲ ਬੇਕਾਬੂ ਲੁੱਟ ਹੋ ਰਹੀ ਹੈ। ਸਾਲ 2015 ਨੂੰ ਪੈਰਿਸ ਗਲੋਬਲ ਵਾਰਮਿੰਗ ਸਬੰਧੀ ਜੋ ਫੈਸਲੇ ਹੋਏ ਸਨ, ਉਹਨਾਂ ’ਤੇ ਅਮਲ ਕਰਨ ਲਈ ਅਮਰੀਕਾ ਅਤੇ ਹੋਰ ਅਮੀਰ ਪੂੰਜੀਵਾਦੀ ਦੇਸ਼ ਭੱਜ ਰਹੇ ਹਨ। ਅਗਸਤ 2021 ਵਿੱਚ ਜਲਵਾਯੂ ਤਬਦੀਲੀ ਉਪਰ ਅੰਤਰ-ਸਰਕਾਰੀ ਪੈਨਲ (ਆਈ.ਪੀ.ਸੀ.ਸੀ.) ਦੀ ਤਾਜ਼ਾ ਛੇਵੀਂ ਮੁਲਾਂਕਣ ਰਿਪੋਰਟ ਵਿੱਚ ਪਹਿਲੀ ਵਾਰ ਮੰਨਿਆ ਗਿਆ ਹੈ ਕਿ ਜਲਵਾਯੂ ਸੰਕਟ ਨੂੰ ਪੈਦਾ ਕਰਨ ਵਾਲੇ ਵਾਯੂ-ਮੰਡਲ ਅੰਦਰ ਗਰੀਨ ਹਾਊਸਾਂ ’ਚ ਗੈਸ ਇਕੱਤਰ ਹੋਣ ਦਾ ਇਕੋ ਇੱਕ ਕਾਰਨ ਮਨੁੱਖੀ ਗਤੀਵਿਧੀਆਂ ਹਨ।

ਸਪਸ਼ਟ ਤੌਰ ’ਤੇ ਅਮਰੀਕਾ ਦੀ ਅਗਵਾਈ ’ਚ ਚਲ ਰਹੇ ਪੂੰਜੀਵਾਦ ਦੇਸ਼ ਜਿਥੇ ਵਿਕਾਸਸ਼ੀਲ ਦੇਸ਼ਾਂ ਉੱਪਰ ਨਿਕਾਸ ਕਟੌਤੀ ਦਾ ਵਧੇਰੇ ਬੋਝ ਚੁੱਕਣ ਲਈ ਦਬਾਅ ਪਾ ਰਹੇ ਹਨ, ਉਥੇ ਉਹ ਇਹ ਮੰਨਦੇ ਹਨ ਕਿ ਉਹ ਖੁਦ ਕਾਰਬਨ ਰਹਿਤ ਅਰਥ ਵਿਵਸਥਾ ਵਿੱਚ ਤਬਦੀਲੀ ਲਈ ਹੋਰ ਵਧ ਸਮੇਂ ਦੀ ਛੋਟ ਪਾਉਣ ਨੂੰ ਜਾਇਜ਼ ਮੰਨਦੇ ਹਨ। ਜੇਕਰ ਸੰਸਾਰ ਦੇ ਕਰੋੜਾਂ ਲੋਕਾਂ ਦੀ ਸੁੱਖ-ਸ਼ਾਂਤੀ ਨੂੰ ਖ਼ਤਰੇ ਵਿੱਚ ਨਹੀਂ ਪਾਇਆ ਜਾਣਾ ਤਾਂ ਸੰਸਾਰ ਵਾਰਮਿੰਗ ਉਤਪਾਦਕ ਸ਼ਕਤੀਆਂ ਜਿਹੜੀਆਂ ਇਸ ਸੰਕਟ ਦੀਆਂ ਨੁਮਾਇੰਦਗੀ ਕਰਦੀਆਂ ਸਨ ਅਤੇ ਹੁਣ ਵੀ ਕਰ ਰਹੀਆਂ ਹਨ ਤਾਂ ਉਹਨਾਂ ਵੱਲੋਂ ਸਮਾਨਤਾ ਦੇ ਆਧਾਰ ’ਤੇ ਹੱਲ ਕੀਤਾ ਜਾਣਾ ਚਾਹੀਦਾ ਹੈ ? ਸੀ.ਓ.ਪੀ-26 ਸੰਸਾਰ ਸਮਾਨਤਾ ਦੇ ਲਈ ਜਾਰੀ ਇਸ ਸੰਘਰਸ਼ ਦੀ ਤੀਬਰਤਾ ਨੂੰ ਦਰਸਾਉਂਦਾ ਹੈ, ਜੋ ਕਿ ਇੱਕ ਲੰਬਾ ਸੰਘਰਸ਼ ਹੋਵੇਗਾ। ਇਹ ਕੋਈ ਛੁਪੀ ਗਲ ਨਹੀਂ ਹੈ ਕਿ ਕਾਰਬਨ ਰਿਸਾਉ ਲਈ ਸਭ ਤੋਂ ਵਧ ਜਿੰਮੇਦਾਰ ਦੇਸ਼ ਉਹ ਹਨ ਜੋ ਉਤਪਾਦਨ ਵਧਾਉਣ ਲਈ ਵਧ ਤੋਂ ਵਧ ਜੈਵ-ਈਥਨ ਦਾ ਇਸਤੇਮਾਲ ਕਰ ਰਹੇ ਹਨ। ਪੂੰਜੀਵਾਦੀ ਦੇਸ਼ਾਂ ਨੇ ਤਾਂ ਆਪਣੇ ਟੀਚੇ ਪੂਰੇ ਕਰ ਲਏ ਹੋਏ ਹਨ, ਪਰ ਹੁਣ



ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ’ਤੇ ਕਾਰਬਨ ਰਿਸਾਉ ਘਟਾਉਣ ਲਈ ਜ਼ੋਰ ਪਾ ਰਹੇ ਹਨ, ਪਰ ਨਾ ਹੀ ਸਹਾਇਤਾ ਦੇਣਾ ਮੰਨ ਕੇ ਵੀ ਅੱਗੇ ਨਹੀਂ ਆ ਰਹੇ ਹਨ।ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਅੰਦਰ ਲੋਕਾਂ ਲਈ ਰੁਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਦੇਣੀਆਂ ਪਹਿਲੀ ਥਾਂ ’ਤੇ ਹੋਣਾ ਚਾਹੀਦਾ ਹੈ। ਪਰ ਦੂਸਰੇ ਪਾਸੇ ਜਿਸ ਤਰ੍ਹਾਂ ਅੰਨ੍ਹੇਵਾਹ ਵਿਕਾਸ ਦੇ ਨਾਂ ’ਤੇ ਕੁਦਰਤ ਨਾਲ ਖਿਲਵਾੜ ਕੀਤਾ ਰਿਹਾ ਹੈ, ਕਿਵੇਂ ਜੰਗਲਾਂ ਦਾ ਇੱਕ ਵੱਢਿਉ ਸਫ਼ਾਇਆ ਵੀ ਕੀਤਾ ਜਾ ਰਿਹਾ ਹੈ। ਕੁਦਰਤੀ ਜਲ ਅਤੇ ਜ਼ਮੀਨ ’ਤੇ ਕਬਜ਼ੇ ਕਰਕੇ ਕਿਸ ਤਰ੍ਹਾਂ ਆਪਣੇ ਮੁਫ਼ਾਦਾਂ ਲਈ ਕੁਦਰਤੀ ਦਿਖ ਨੂੰ ਵੀ ਖਤਮ ਕੀਤਾ ਰਿਹਾ ਹੈ। ਬੇਲੋੜੇ ਢੰਗ ਨਾਲ ਜ਼ਮੀਨਾਂ ਨੂੰ ਕੰਕਰੀਟ ਨਾਲ ਢਕਿਆ ਜਾ ਰਿਹਾ ਹੈ। ਇਹ ਸਭ ਤਰੀਕੇ ਕੁਦਰਤੀ ਵਾਤਾਵਰਣ ਦੀ ਦਿਖ ਨੂੰ ਠੇਸ ਪਹੁੰਚਾਉਣਾ ਹੈ। ਕਾਰਬਨ ਰਿਸਾਉ ਕਾਰਨ ਥੋੜ੍ਹੇ ਜਿਹੇ ਵਾਧੇ ਨਾਲ ਸਮਾਨ ਵਾਤਾਵਰਨ ਗੜਬੜਾਅ ਜਾਂਦਾ ਹੈ, ਸਾਡੀ ਜੀਵਨ ਸ਼ੈਲੀ ਵੀ ਬਦਲੀ ਜਾ ਰਹੀ ਹੈ। ਪ੍ਰੰਪਕ ਅਤੇ ਗੈਰ-ਪ੍ਰੰਪਕ ਤੌਰ ਤਰੀਕੇ ਵੀ ਬਦਲ ਰਹੇ ਹਨ। ਪਰ ਹਾਕਮ ਜਮਾਤਾਂ ਦੇ ਸਾਹਮਣੇ ਆਪਣੇ ਹਿਤ ਹੁੰਦੇ ਹਨ। ਉਹ ਤਾਂ ਆਪਣੇ ਸਨਅਤੀ ਪੈਦਾਵਾਰ ਅਤੇ ਮੰਡੀ ਦੇ ਵਿਸਥਾਰ ਲਈ ਹੀ ਚਿੰਤਤ ਹਨ। ਉਹਨਾਂ ਨੂੰ ਆਵਾਮ ਦੇ ਹਿਤਾਂ ਦੀ ਕੋਈ ਪ੍ਰਵਾਹ ਨਹੀਂ ਹੈ। ਇਸ ਵੇਲੇ ਭਾਰਤ ਅੰਦਰ ਉੱਤਰੀ ਖੇਤਰ ਭੱਠੀ ਵਾਂਗ ਤਪ ਰਿਹਾ ਹੈ। ਇਸ ਖੇਤਰ ਅੰਦਰ ਫਸਲਾਂ ਦੀ ਪੈਦਾਵਾਰ ਵਧਾਉਣ ਲਈ ਅਸੀਂ ਰੱਜ ਕੇ ਕੁਦਰਤ ਦਾ ਰੇਪ ਕੀਤਾ ਹੈ ਤੇ ਹੁਣ ਇਸ ਦਾ ਖਮਿਆਜ਼ਾ ਵੀ ਭੁਗਤ ਰਹੇ ਹਨ। ਜ਼ਮੀਨੀ ਪਾਣੀ ਹੇਠਾਂ ਜਾ ਰਿਹਾ ਹੈ।

ਜਲਵਾਯੂ ਅੰਦਰ ਵਿਕਾਸ ਅਤੇ ਵਾਤਾਵਰਨ ਵਿਚਕਾਰ ਇੱਕ ਸੰਤੁਲਨ ਕਾਇਮ ਹੋਣਾ ਚਾਹੀਦਾ ਹੈ। ਨਹੀਂ ਤਾਂ ਮੁਨਾਫ਼ਿਆਂ ਦੀ ਦੌੜ ਅੰਦਰ ਹਰ ਪਾਸੇ ਮੁਸੀਬਤਾਂ ਹੀ ਮੁਸੀਬਤਾਂ ਸਾਨੂੰ ਘੇਰ ਲੈਣਗੀਆਂ ? ਸਾਡੇ ਮੌਸਮ ਅਤੇ ਰੁੱਤਾਂ ਬਦਲ ਰਹੀਆਂ ਹਨ, ਕਿਤੇ ਗਰਮੀ ਦਾ ਕਹਿਰ ਅਤੇ ਕਿਤੇ ਠੰਡ ਵੱਧ ਰਹੀ ਹੈ। ਇੱਕ ਪਾਸੇ ਔੜਾਂ ਲੱਗ ਰਹੀਆਂ ਹਨ ਅਤੇ ਦੂਸਰੇ ਪਾਸੇ ਹੜ੍ਹਾਂ ਕਾਰਨ ਤਬਾਹੀ ਮੱਚੀ ਹੋਈ ਹੈ। ਜਲਵਾਯੂ ਅਨੁਸਾਰ ਕਾਰਬਨ ਰਿਸਾਉ ਰੋ ਕੇ ਸੰਸਾਰ ਤਾਪਮਾਨ ’ਚ ਵਾਧੇ ਨੂੰ 1.5-ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਇਹ ਟੀਚਾ 2025 ਤਕ ਪੂਰਾ ਕਰਨ ਲਈ ਉਸ ਤੋਂ ਅੱਗੇ ਵੀ ਹੋਰ ਕਮੀ ਕਰਨੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਗੰਭੀਰ ਤਬਾਹਕੁੰਨ ਸਿੱਟੇ ਭੁਗਤਣੇ ਪੈਣਗੇ ? ਸੰਸਾਰ ਅੰਦਰ ਉੱਚ ਤਾਪਮਾਨ ਵਿੱਚ ਵਾਧੇ ਨਾਲ ਲੋਕ ਜੋ ਪਹਿਲਾਂ ਹੀ ਗਰੀਬੀ-ਗੁਰਬਤ ਅਤੇ ਭਿਆਨਕ ਬਿਮਾਰੀਆਂ ਨਾਲ ਜੂਝ ਰਹੇ ਹਨ ਤੇ ਉਹਨਾਂ ਦੇ ਸਿਰ ਹੋਰ ਸੰਕਟ ਦੇ ਬਦਲ ਛਾਅ ਜਾਣਗੇ। ਨਵੀਆਂ-ਨਵੀਆਂ ਬਿਮਾਰੀਆਂ ਵੀਸ਼ਾਣੂ ਅਤੇ ਲਾਗ ਦਾ ਕਹਿਰ ਹਰ ਪਾਸੇ ਪੈਰ ਪਾਸਾਰ ਰਿਹਾ ਹੈ। ਅਜੇ ਕੋਵਿਡ-19 ਦਾ ਹਊਆ ਸਾਡਾ ਪਿਛਾ ਨਹੀਂ ਛੱਡ ਰਿਹਾ ਹੈ। ਨਵੇਂ-ਨਵੇਂ ਹਮਲਿਆਂ ਤੋਂ ? ਫਿਰ ਕਿਵੇਂ ਨਿਜਾਤ ਪਾਵਾਂਗੇ ?ਕਾਰਪੋਰੇਟੀ ਪੂੰਜੀਵਾਦੀ ਹਾਕਮਾਂ ਵੱਲੋਂ ਆਪਣੇ ਮੁਨਾਫ਼ੇ ਵਧਾਉਣ ਲਈ ਜਿਵੇਂ ਪਿਛਲੇ ਤਿੰਨ ਦਹਾਕਿਆਂ ਤੋਂ ਉਦਾਰਵਾਦੀ ਆਰਥਿਕ ਨੀਤੀਆਂ ਸ਼ੁਰੂ ’ਤੇ ਜਾਰੀ ਰੱਖੀਆਂ ਹੋਈਆਂ ਹਨ। ਉਹਨਾਂ ਨੀਤੀਆਂ ਦੇ ਸਿੱਟੇ ਵਜੋਂ ਸੰਸਾਰ ਜਲਵਾਯੂ ਸਮੇਤ ਹਵਾ, ਪਾਣੀ ਅਤੇ ਜ਼ਮੀਨ ਅੰਦਰ ਕੁਦਰਤੀ ਵਾਤਾਵਰਣ ’ਚ ਵਿਗਾੜ ਪੈਦਾ ਹੋਣ ਕਾਰਨ ਅੱਜ ਸਾਰੀ ਮਨੁੱਖਤਾ ਖ਼ਤਰੇ ਦੇ ਖੰਗਾਰ ’ਤੇ ਖੜੀ ਹੈ। ਇਸ ਦਾ ਸਭ ਤੋਂ ਵੱਧ ਮਾਰੂ ਅਸਰ ਲੋਕਾਂ ਦੀ ਸਿਹਤ ’ਤੇ ਪੈ ਰਿਹਾ ਹੈ। ਤਾਪ-ਮਾਨ ਵੱਧ ਰਿਹਾ ਹੈ, ਬੇ-ਮੌਸਮਾਂ ਮੀਂਹ ਤੇ ਹੜ੍ਹ ਅਤੇ ਔੜ ਕਾਰਨ ਸਾਡੀਆਂ ਫਸਲਾਂ ਤਬਾਹ ਹੋ ਰਹੀਆਂ ਹਨ ਤੇ ਭੁੱਖਮਰੀ ’ਚ ਵਾਧਾ ਹੋ ਰਿਹਾ ਹੈ ! ਵਾਤਾਵਰਣ ਵਿੱਚ ਆਏ ਵਿਗਾੜਾਂ ਕਾਰਨ ਮਨੁੱਖ ਸਿਹਤ ’ਤੇ ਵੀ ਦੁਰ-ਪ੍ਰਭਾਵਾਂ ਦੇ ਅਸਰ ਸਾਹਮਣੇ ਆ ਰਹੇ ਹਨ। ਨਵੇਂ-ਨਵੇਂ ਕਿਸਮਾਂ ਦੇ ਵਾਇਰਸ ਜੀਵਾਣੂ ਅਤੇ ਬਿਮਾਰੀਆਂ ਦੇ ਮਾਰੂ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਥੇ ਇਹ ਸਾਡੇ ਲਈ ਜਾਨਲੇਵਾ ਹਨ ਉਥੇ ਇਨ੍ਹਾਂ ਤੋਂ ਨਿਜਾਤ ਪਾਉਣੀ ਵੀ ਮਹਿੰਗੀ ਪੈ ਰਹੀ ਹੈ। ਲਾਸੇਂਟ ਮੈਗਜ਼ੀਨ ਦੀ ਇੱਕ ਖ਼ਬਰ ਅਨੁਸਾਰ ਕਿਹਾ ਗਿਆ ਹੈ ਕਿ ਜੇਕਰ ਸਮੇਂ ’ਤੇ ਠੀਕ ਢੰਗ ਨਾਲ ਵਾਇਰਸ ਅਤੇ ਜੀਵਾਣੂਆਂ ਦੇ ਫੈਲਣ ਤੋਂ ਢੁਕਵੇਂ ਉਪਾਓ ਨਾ ਕੀਤੇ ਗਏ ਤਾਂ ਗਰੀਬ ਦੇਸ਼ਾਂ ਅੰਦਰ 7.5 ਲੱਖ ਮਨੁੱਖੀ ਜਾਨਾਂ ਜਾ ਸਕਦੀਆਂ ਹਨ ? ਸੰਸਾਰ ਅੰਦਰ ਲੋਕਾਂ ਦੀ ਸਿਹਤ ਸਬੰਧੀ ਕੰਮ ਕਰ ਰਹੀਆਂ ਖੋਜ-ਸੰਸਥਾਂਵਾਂ ਦੇ ਕੌਮਾਂਤਰੀ ਦਲ ਹਰ ਸਾਲ ਦੁਨੀਆਂ ਅੰਦਰ ਅੱਠ ਮੌਤਾਂ ਜੀਵਾਣੂਆਂ ਦੀ ਲਾਗ ਨਾਲ ਹੁੰਦੀਆਂ ਹਨ, ਇਨ੍ਹਾਂ ਵਿਚੋਂ ਇੱਕ ਲਾਗ ਨਾਲ ਹੁੰਦੀ ਹੈ। ਜਿਸ ਦਾ ਵੱਡਾ ਕਾਰਨ ਹੱਥਾਂ ਦੀ ਸਫ਼ਾਈ ਨਾ ਕਰਨਾ, ਹਸਪਤਾਲਾਂ, ਸਿਹਤ ਦੇਖ-ਭਾਲ਼ ਲਈ ਕੇਂਦਰਾਂ ਅੰਦਰ ਸਾਫ਼ ਪਾਣੀ ਅਤੇ ਬੱਚਿਆਂ ਦਾ ਸਮੇਂ ਸਿਰ ਟੀਕਾ ਕਰਨ ਨਾ ਕਰਨਾ, ਜੀਵਾਣੂਆਂ ਦੀ ਲਾਗ ਨਾਲ ਹੋਣ ਵਾਲੇ ਰੋਗਾਂ ਦਾ ਇਹ ਮੁੱਖ ਕਾਰਨ ਹਨ। (ਬਾਕੀ ਸਫ਼ਾ 31 ’ਤੇ)

# ਸੌਖੀ ਨਹੀਂ ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜ਼ਿੰਦਗੀ

ਪ੍ਰੋਫੈਸਰ ਕੁਲਜੀਤ ਕੌਰ
ਐਚ.ਐਮ.ਵੀ. ਕਾਲਜ, ਜਲੰਧਰ।

ਪੰਜਾਬੀ ਲੋਕ ਮੁੱਢ ਤੋਂ ਹੀ ਆਪਣੇ ਸ਼ੌਕ ਅਤੇ ਮਜਬੂਰੀ ਕਾਰਨ ਦੂਜੇ ਮੁਲਕਾਂ 'ਚ ਜਾਂਦੇ ਰਹੇ ਹਨ। ਉਨ੍ਹਾਂ ਨੇ ਵਿਸ਼ਵ ਦੇ ਬਹੁਤ ਸਾਰੇ ਮੁਲਕਾਂ 'ਚ ਪੰਜਾਬ ਅਤੇ ਭਾਰਤ ਦੀ ਸੱਭਿਆਚਾਰਕ ਸੰਸਕ੍ਰਿਤੀ ਦਾ ਪ੍ਰਚਾਰ-ਪ੍ਰਸਾਰ ਵੀ ਕੀਤਾ ਹੈ। 1976 ਦੇ ਦਹਾਕੇ ਤੋਂ ਬਾਅਦ ਪਰਵਾਸ ਕਰਨ ਦੀ ਰੁਚੀ 'ਚ ਬਹੁਤ ਤੇਜ਼ੀ ਆਈ। ਪਹਿਲਾਂ ਵਿਦੇਸ਼ ਜਾਣ ਦੀ ਲਾਲਸਾ ਪੈਸਾ ਕਮਾਉਣ ਤੇ ਫਿਰ ਆਪਣੇ ਵਤਨ 'ਚ ਮਹਿੰਗੀਆਂ ਜ਼ਮੀਨਾਂ ਖਰੀਦਣ, ਵੱਡੇ-ਵੱਡੇ ਘਰ ਬਣਾਉਣ ਅਤੇ ਇੱਥੇ ਕਾਰੋਬਾਰ ਕਰਨ ਨਾਲ ਜੁੜੀ ਹੋਈ ਸੀ, ਪਰ ਜਦੋਂ ਤੋਂ ਭਾਰਤ ਖਾਸ ਕਰਕੇ ਪੰਜਾਬ 'ਚ ਰੁਜ਼ਗਾਰ ਦੇ ਮੌਕੇ ਘਟੇ ਹਨ ਤਾਂ ਪਿਛਲੇ ਦੋ ਦਹਾਕਿਆਂ 'ਚ ਨੌਜਵਾਨ ਪੀੜ੍ਹੀ ਅੰਦਰ ਵਿਦੇਸ਼ ਜਾ ਕੇ ਪੜ੍ਹਾਈ ਕਰਨ ਅਤੇ ਫਿਰ ਉੱਥੇ ਪੱਕੇ ਤੌਰ 'ਤੇ ਵੱਸ ਜਾਣ ਦੀ ਰੁਚੀ ਵਧੀ ਹੈ। ਨਿਊਜ਼ੀਲੈਂਡ, ਆਸਟ੍ਰੇਲੀਆ, ਕੈਨੇਡਾ, ਅਮਰੀਕਾ ਆਦਿ ਵਿਕਸਤ ਮੁਲਕਾਂ 'ਚ ਵਿਦਿਆਰਥੀਆਂ ਦੇ ਜਾਣ ਦਾ ਰੁਝਾਨ ਦਿਨੋ-ਦਿਨ ਵਧ ਰਿਹਾ ਹੈ। ਇਨ੍ਹਾਂ ਮੁਲਕਾਂ 'ਚੋਂ ਇੰਮੀਗ੍ਰੇਸ਼ਨ ਸੰਬੰਧੀ ਨਿਯਮਾਂ 'ਚ ਥੋੜ੍ਹੀ ਜਿਹੀ ਨਰਮੀ ਕੈਨੇਡਾ ਵਿਖੇ ਹੋਣ ਕਾਰਨ ਪਿਛਲੇ ਦਸਾਂ ਕੁ ਵਰ੍ਹਿਆਂ ਤੋਂ ਉਥੇ ਜਾਣ ਦੀ ਭਾਵਨਾ ਵਧੀ ਹੈ, ਭਾਵੇਂ ਕਿ ਹੁਣ ਕੈਨੇਡਾ ਵਿੱਚ ਸਖ਼ਤੀ ਵੱਧਣ ਨਾਲ ਹੁਣ ਪੰਜਾਬੀ ਹੋਰ ਦੇਸ਼ਾਂ ਵੱਲ ਵਧੇਰੇ ਜਾਣ ਲੱਗੇ ਹਨ।

ਹਥਲੇ ਲੇਖ 'ਚ ਕੈਨੇਡਾ ਦੇ ਸ਼ਹਿਰ ਬਰੈਂਪਟਨ, ਟਰਾਂਟੋ 'ਚ ਗਏ ਵਿਦਿਆਰਥੀਆਂ ਦੀ ਜ਼ਿੰਦਗੀ ਬਾਰੇ ਮੈਂ ਆਪਣੇ ਨਿੱਜੀ ਅਨੁਭਵ ਤੋਂ ਵਿਚਾਰ ਸਾਂਝੇ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਇਹ ਠੀਕ ਹੈ ਕਿ ਵਿਦਿਆਰਥੀ ਕੈਨੇਡਾ ਵਿਖੇ ਵੈਨਕੂਵਰ, ਸਰੀ, ਬਰੈਂਪਟਨ, ਵਿਨੀਪੈਗ, ਅਲਬਰਟਾ, ਕੈਲਗਰੀ ਆਦਿ ਥਾਵਾਂ 'ਤੇ ਜਾਣਾ ਪਸੰਦ ਕਰਦੇ ਹਨ। ਇਸ ਦੇ ਦੋ ਕਾਰਨ ਹਨ ਜਾਂ ਤਾਂ ਉਨ੍ਹਾਂ ਦੇ ਕੋਈ ਰਿਸ਼ਤੇਦਾਰ ਮਿੱਤਰ ਪਹਿਲਾਂ ਤੋਂ ਹੀ ਇਨ੍ਹਾਂ ਸਥਾਨਾਂ ਉੱਪਰ ਸਥਾਪਿਤ ਹਨ ਅਤੇ ਉਨ੍ਹਾਂ ਦੀ ਅਗਵਾਈ 'ਚ ਉੱਥੇ ਜਾਂਦੇ ਹਨ ਜਾਂ ਫਿਰ ਆਪਣੀ ਨਿੱਜੀ ਦੌੜ ਦੇ ਜ਼ਰੀਏ। ਪਿਛਲੇ ਦਿਨੀਂ ਇੱਕ ਨਾਮੀ ਪੰਜਾਬੀ ਅਖ਼ਬਾਰ 'ਚ ਛਪੇ ਅੰਕੜਿਆਂ 'ਚ ਕੈਨੇਡਾ ਦੇ ਇੱਕ ਰੇਡੀਓ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਦਿੱਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਛੇ ਸਾਲਾਂ ਵਿੱਚ 23 ਲੱਖ 74 ਹਜ਼ਾਰ ਪ੍ਰਵਾਸੀ ਕੈਨੇਡਾ ਗਏ, ਜਿਨ੍ਹਾਂ ਵਿੱਚ 9 ਲੱਖ ਭਾਰਤੀ ਸਨ। ਪਿਛਲੇ ਇਕ ਸਾਲ ਦੌਰਾਨ ਵਿਦਿਆਰਥੀ ਵੀਜ਼ੇ ਲਈ ਕੈਨੇਡਾ ਸਰਕਾਰ ਨੂੰ 3 ਲੱਖ 59 ਹਜ਼ਾਰ ਅਰਜ਼ੀਆਂ ਮਿਲੀਆਂ ਹਨ, ਜਿਸ 'ਚ 1 ਲੱਖ 25 ਹਜ਼ਾਰ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ, ਪਰ ਫਿਰ ਵੀ ਪਿਛਲੇ ਵਰ੍ਹਿਆਂ ਦੌਰਾਨ ਕੈਨੇਡਾ ਪਹੁੰਚੇ ਵਿਦਿਆਰਥੀਆਂ ਨੇ ਜਿੱਥੇ ਆਪਣੇ ਕੋਰਸ/ਪੜ੍ਹਾਈ ਪੂਰੀ ਕੀਤੀ ਜਾਂ ਕਰ ਰਹੇ ਹਨ, ਉੱਥੇ ਨਾਲ ਹੀ ਸਖ਼ਤ ਮਿਹਨਤ ਕਰਕੇ ਆਪਣੇ ਰਹਿਣ-ਸਹਿਣ ਦਾ ਖ਼ਰਚਾ ਵੀ ਖ਼ੁਦ ਚੁੱਕਦੇ ਹਨ।

ਮੈਨੂੰ ਪਿਛਲੇ ਵਰ੍ਹੇ ਜੁਲਾਈ-ਅਗਸਤ ਵਿੱਚ ਬਰੈਂਪਟਨ ਕੈਨੇਡਾ ਜਾਣ ਦਾ ਮੌਕਾ ਮਿਲਿਆ, ਜਿੱਥੇ ਪੰਜਾਬੀ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਨੇੜੇ ਤੋਂ ਜਾਣਨ ਅਤੇ ਵੇਖਣ ਦਾ ਮੌਕਾ ਮਿਲਿਆ। ਇਸੇ ਆਧਾਰ 'ਤੇ ਮੈਂ ਆਪਣੇ ਕੁਝ ਅਨੁਭਵ



ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ। ਕੈਨੇਡਾ ਦੀ ਧਰਤੀ 'ਤੇ ਪਹੁੰਚਣ ਤੋਂ ਪਹਿਲਾਂ ਦਾ ਵਿਦਿਆਰਥੀਆਂ ਦਾ ਸੰਘਰਸ਼ ਅਤੇ ਮਾਪਿਆਂ ਦੇ ਯਤਨ ਸਭ ਨੂੰ ਪਤਾ ਹਨ ਕਿ ਕਿਵੇਂ ਆਈਲੈਟਸ ਦੀ ਪ੍ਰੀਖਿਆ, ਵੱਖ-ਵੱਖ ਵੀਜ਼ਾ ਦਫ਼ਤਰਾਂ ਦੇ ਚੱਕਰ ਤੇ ਫਿਰ ਵੀਜ਼ਾ ਪ੍ਰਾਪਤੀ ਤੱਕ ਦਾ ਤਣਾਅ ਦਾ ਦੌਰ ਅਤੇ ਫਿਰ ਮੋਟੀਆਂ ਰਕਮਾਂ ਉੱਥੋਂ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਫ਼ੀਸਾਂ ਦੀਆਂ। ਇਸ ਤੋਂ ਬਾਅਦ ਮਹਿੰਗੇ ਭਾਅ ਦੀਆਂ ਟਿਕਟਾਂ ਤੇ ਫਿਰ ਸੱਤ ਸਮੁੰਦਰ ਪਾਰ ਦਾ ਲੰਮੇਰਾ ਪੈਂਡਾ। ਇਸ ਸਭ ਤੋਂ ਬਾਅਦ ਸ਼ੁਰੂ ਹੁੰਦਾ ਲਾਡਾਂ ਚਾਅਵਾਂ ਨਾਲ ਪਲੇ ਇਨ੍ਹਾਂ ਪੰਜਾਬੀ/ਭਾਰਤੀ ਧੀਆਂ-ਪੁੱਤਾਂ ਦਾ ਬੇਗਾਨੇ ਮੁਲਕ 'ਚ ਆਪਣੀ ਹੋਂਦ ਅਤੇ ਜੀਵਨ ਲਈ ਸੰਘਰਸ਼।

ਮੈਂ ਵੇਖਿਆ ਕਿ ਸਭ ਤੋਂ ਪਹਿਲੀ ਚੁਣੌਤੀ ਹੁੰਦੀ ਹੈ, ਉੱਥੇ ਜਾ ਕੇ ਰਿਹਾਇਸ਼ ਦਾ ਪ੍ਰਬੰਧ ਕਰਨਾ। ਜੇਕਰ ਕੋਈ ਰਿਸ਼ਤੇਦਾਰ ਹੈ ਅਤੇ ਉਸ ਨਾਲ ਪਰਿਵਾਰ ਦੇ ਸੰਬੰਧ ਵਧੀਆ ਹਨ ਤਾਂ ਉਹ ਖਿੜੇ ਮੱਥੇ ਕੁਝ ਸਮਾਂ ਆਪਣੇ ਘਰ ਰੱਖ ਲੈਂਦੇ ਹਨ, ਪਰ ਹੌਲੀ-ਹੌਲੀ ਆਪਣੇ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ ਵਿਦਿਆਰਥੀਆਂ ਲਈ ਵੱਡੀ ਚੁਣੌਤੀ ਹੁੰਦੀ ਹੈ, ਕਿਉਂ ਜੋ ਉੱਥੇ ਘਰਾਂ ਦੇ, ਬੇਸਮੈਂਟਾਂ ਦੇ ਜਾਂ ਇਕੱਲੇ ਕਮਰੇ ਦੇ ਕਿਰਾਏ ਬਹੁਤ ਹਨ। ਆਪਣੇ ਯਤਨਾਂ ਨਾਲ ਵਿਦਿਆਰਥੀ ਦੂਜੇ ਵਿਦਿਆਰਥੀਆਂ ਨਾਲ ਮਿਲ ਕੇ ਰਿਹਾਇਸ਼ ਦਾ ਪ੍ਰਬੰਧ ਕਰ ਲੈਂਦੇ ਹਨ, ਪਰ ਸੁੱਖਾਂ-ਸਹੂਲਤਾਂ ਦੀ ਜ਼ਿੰਦਗੀ ਛੱਡ ਕੇ ਗੁਜ਼ਾਰੇ ਲਾਇਕ ਜਗ੍ਹਾ 'ਤੇ ਰਹਿਣਾ, ਇਨ੍ਹਾਂ ਦਾ ਪਹਿਲਾ ਸਮਝੌਤਾ ਹੁੰਦਾ ਹੈ। ਅਗਲੀ ਚੁਣੌਤੀ ਹੈ ਪੜ੍ਹਾਈਆਂ ਲਈ ਕਾਲਜ ਤੱਕ ਪਹੁੰਚਣਾ। ਆਪਣੇ ਨਿੱਜੀ ਸਾਧਨਾਂ ਜਿਵੇਂ ਕਾਰ ਆਦਿ ਦੀ ਕਮੀ ਕਾਰਨ ਬੱਸਾਂ 'ਤੇ ਸਫ਼ਰ ਕਰਨਾ ਪੈਂਦਾ ਹੈ।

ਬੇਸ਼ੱਕ ਇੱਥੇ ਬੱਸ ਸਰਵਿਸ ਬਹੁਤ ਵਧੀਆ ਹੈ, ਪਰ ਕਈ ਥਾਵਾਂ 'ਤੇ ਵਿਦਿਆਰਥੀਆਂ ਨੂੰ ਕਾਫ਼ੀ ਉਡੀਕ ਕਰਨੀ ਪੈਂਦੀ ਹੈ। ਸਖ਼ਤ ਸਰਦੀ 'ਚ ਇਹ ਮੁਸ਼ਕਿਲ ਹੋਰ ਵਧ ਜਾਂਦੀ ਹੈ। ਬੜੇ ਹੀ ਨਿੱਘ-ਪਿਆਰ ਨਾਲ ਪਾਲੇ ਇਹ ਧੀਆਂ-ਪੁੱਤ ਇਸ ਆਵਾਜਾਈ ਲਈ ਆਪਣੇ ਨਿੱਜੀ ਸਰੋਤਾਂ ਦੀ ਕਮੀ ਦੀ ਮਾਰ ਝੱਲਦੇ ਭਵਿੱਖ ਲਈ ਆਸਵੰਦ ਹੁੰਦੇ ਹਨ। ਅਗਲੀ ਚੁਣੌਤੀ ਹੈ ਆਪਣੀਆਂ ਫ਼ੀਸਾਂ ਦਾ ਇੰਤਜ਼ਾਮ ਕਰਨਾ। ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਆਪਣੇ ਬੱਚਿਆਂ ਦੀਆਂ ਫ਼ੀਸਾਂ ਉਨ੍ਹਾਂ ਦੇ ਕੋਰਸ ਖ਼ਤਮ ਹੋਣ ਤੱਕ ਭੇਜਦੇ ਰਹਿੰਦੇ ਹਨ, ਉਨ੍ਹਾਂ ਵਿਦਿਆਰਥੀਆਂ ਦੀ ਜ਼ਿੰਦਗੀ ਮੁਕਾਬਲਤਨ ਸੌਖੀ ਹੈ, ਪਰ 20 ਘੰਟੇ ਕੰਮ ਕਰਨਾ ਉਨ੍ਹਾਂ ਦੀ ਵੀ ਮਜਬੂਰੀ ਹੈ, ਕਿਉਂ ਜੋ ਖਾਣ-ਪੀਣ ਅਤੇ ਰਿਹਾਇਸ਼ ਦਾ ਖ਼ਰਚਾ ਤਾਂ ਖ਼ੁਦ ਕਰਨਾ ਹੀ ਪੈਂਦਾ ਹੈ। ਇਹ ਠੀਕ ਹੈ ਕਿ ਉੱਥੇ ਰੁਜ਼ਗਾਰ ਦੇ ਮੌਕੇ ਬਹੁਤ ਹਨ। ਵਿਦਿਆਰਥੀਆਂ ਨੂੰ ਬਹੁਤੀ ਵਾਰ ਆਪਣੀ ਰੁਚੀ ਅਤੇ ਸਮਰੱਥਾ ਅਨੁਸਾਰ ਜਾਂ ਆਪਣੀ ਲੋੜ ਅਨੁਸਾਰ ਕੰਮ ਮਿਲ ਹੀ ਜਾਂਦਾ ਹੈ।

ਅਗਲੀ ਚੁਣੌਤੀ ਹੈ ਪੜ੍ਹਾਈ। ਕੰਮ ਅਤੇ ਰੋਟੀ ਪਕਾਉਣ ਦੇ ਸਾਰੇ ਕੰਮ ਨਾਲ-ਨਾਲ ਕਰਨਾ। ਚਾਹੇ ਆਨਲਾਈਨ ਪੜ੍ਹਾਈ ਹੋਵੇ, ਚਾਹੇ ਕਾਲਜ ਜਾ ਕੇ ਪੜ੍ਹਨਾ ਹੋਵੇ, ਦੋਹਾਂ ਸਥਿਤੀਆਂ 'ਚ ਪ੍ਰੋਫੈਸਰਾਂ ਵੱਲੋਂ ਦੱਸੇ ਵਿਸ਼ਿਆਂ ਉੱਪਰ ਕੰਮ ਕਰਨਾ ਆਪਣਾ ਪ੍ਰਾਜੈਕਟ/ਅਸਾਈਨਮੈਂਟ ਤਿਆਰ ਕਰਨ ਲਈ ਕਾਫ਼ੀ ਸਮਾਂ ਚਾਹੀਦਾ ਹੈ। ਖਾਂਦੇ-ਪੀਂਦੇ ਚੰਗੇ ਘਰਾਂ ਤੋਂ ਗਏ ਇਨ੍ਹਾਂ ਵਿਦਿਆਰਥੀਆਂ ਲਈ ਜ਼ਿੰਦਗੀ ਕਾਫ਼ੀ ਰੁਝੇਵੇਂ ਭਰਪੂਰ ਹੋ ਜਾਂਦੀ ਹੈ, ਕਿਉਂ ਜੋ ਇੱਥੇ (ਪੰਜਾਬ) ਰਹਿ ਕੇ ਉਨ੍ਹਾਂ ਨੂੰ ਏਨੇ ਕੰਮ ਇਕੱਠੇ ਕਰਨ ਦੀ ਆਦਤ ਨਹੀਂ ਹੁੰਦੀ। ਇਸ ਲਈ ਮੈਨੂੰ ਆਪਣੇ ਨਿੱਜੀ ਜਾਣ-ਪਛਾਣ ਵਾਲੇ ਕਈ ਵਿਦਿਆਰਥੀ ਇਸ ਸੰਬੰਧੀ ਕਾਫ਼ੀ ਤਣਾਅ 'ਚ ਨਜ਼ਰ ਆਏ ਅਤੇ ਉਨ੍ਹਾਂ ਨੂੰ ਪੜ੍ਹਾਈ/ਕੰਮ ਅਤੇ ਖਾਣਾ ਪਕਾਉਣ ਦੇ ਤਿੰਨਾਂ ਕੰਮਾਂ 'ਚ ਤਾਲਮੇਲ ਨਹੀਂ ਬਿਠਾਉਣ 'ਚ ਮੁਸ਼ਕਿਲ ਪੇਸ਼ ਆਉਂਦੀ ਹੈ।

ਅਗਲੀ ਚੁਣੌਤੀ ਹੈ, ਉੱਥੋਂ ਦੀ ਮਹਿੰਗਾਈ ਅਨੁਸਾਰ ਆਪਣੀਆਂ ਲੋੜਾਂ ਘੱਟ ਕਰਨਾ। ਰਾਸ਼ਨ, ਦੁੱਧ ਅਤੇ ਹੋਰ ਨਿੱਤ ਵਰਤੋਂ ਦਾ ਸਾਮਾਨ ਕਾਫ਼ੀ ਮਹਿੰਗਾ ਹੋ ਰਿਹਾ ਹੈ। ਇਸ ਲਈ ਬਹੁਤ ਸਾਰੀਆਂ ਲੋੜਾਂ ਨੂੰ ਮਾਰ ਕੇ ਵਿਦਿਆਰਥੀ ਆਪਣਾ ਗੁਜ਼ਾਰਾ ਕਰਦੇ ਹਨ। ਵਿਦਿਆਰਥੀਆਂ ਲਈ ਅਗਲੀ ਚੁਣੌਤੀ ਹੈ ਭਾਵਨਾਤਮਿਕ ਤੌਰ 'ਤੇ ਆਪਣੇ-ਆਪ ਨੂੰ ਮਜ਼ਬੂਤ ਕਰਨਾ। ਪਰਾਏ ਮੁਲਕ 'ਚ ਪਰਾਏ ਲੋਕਾਂ 'ਚ ਵਿਚਰਦਿਆਂ ਆਪਣੇ ਮਾਪਿਆਂ ਅਤੇ ਘਰ ਤੋਂ ਦੂਰ ਹੋਣ ਦਾ ਵਿਛੋੜੇ ਦਾ ਭਾਵ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਹੈ, ਪਰ ਆਪਣੇ ਜੀਵਨ ਦੀ ਤਰੱਕੀ ਅਤੇ ਭਵਿੱਖ ਲਈ ਆਸਵੰਦ ਹੁੰਦੇ ਇਹ ਵਿਦਿਆਰਥੀ ਫਿਰ ਹਰ ਤਰ੍ਹਾਂ ਦੀ ਚੁਣੌਤੀ ਲਈ ਤਿਆਰ ਹੋ ਜਾਂਦੇ ਹਨ। ਇਸ ਮੁਲਕ 'ਚ ਆ ਕੇ ਇਹ ਜ਼ਰੂਰੀ ਹੈ ਕਿ ਵਿਦਿਆਰਥੀ ਇੱਕ-ਦੂਜੇ ਦੀ ਮਦਦ ਕਰਨ। ਮੈਂ ਵੇਖਿਆ ਹੈ ਕਿ ਜਿਹੜੇ ਵਿਦਿਆਰਥੀ ਇੱਕ-ਦੂਜੇ ਨੂੰ ਸਮਝਦੇ ਹੋਏ ਇਕ-ਦੂਜੇ ਦੀ ਮਦਦ ਕਰਦੇ ਹਨ, ਉਹ ਭਾਵਨਾਤਮਿਕ ਤੌਰ 'ਤੇ ਵਧੇਰੇ ਖ਼ੁਸ਼ ਅਤੇ ਸਰੀਰਕ ਤੌਰ 'ਤੇ ਸਿਹਤਮੰਦ ਹਨ। ਰੱਬ ਨਾ ਕਰੇ ਜੇਕਰ ਕਿਸੇ ਵਿਦਿਆਰਥੀ ਨੂੰ ਕੋਈ ਸਿਹਤ ਦੀ ਮੁਸ਼ਕਿਲ ਆਉਂਦੀ ਹੈ ਤਾਂ ਉਨ੍ਹਾਂ ਦੇ ਕਾਲਜ ਵਲੋਂ ਦਿੱਤੀਆਂ ਗਈਆਂ ਦਾਖ਼ਲਾ ਸ਼ਰਤਾਂ 'ਚ ਬਹੁਤੀ ਵਾਰ ਉਨ੍ਹਾਂ ਦਾ ਮੈਡੀਕਲ ਇੰਸ਼ੋਰੈਂਸ (ਬੀਮਾ) ਹੋਇਆ ਹੁੰਦਾ ਹੈ, ਪਰ ਕੁਝ ਐਮਰਜੈਂਸੀ ਸਿਹਤ ਮੁਸ਼ਕਿਲਾਂ ਲਈ ਵਿਦਿਆਰਥੀਆਂ ਨੂੰ ਕਾਫ਼ੀ ਮੋਟੀ ਰਕਮ ਭਰਨੀ ਪੈਂਦੀ ਹੈ।

ਵਿਦਿਆਰਥੀਆਂ ਨੂੰ ਆਪਣੇ-ਆਪ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਅਤੇ ਤਿਆਰ ਕਰਕੇ ਇੱਥੇ ਆਉਣਾ ਚਾਹੀਦਾ ਹੈ। ਇਹ ਠੀਕ ਹੈ ਕਿ ਜਦੋਂ ਅਸੀਂ ਕਿਸੇ ਵੀ ਨਵੀਂ ਜਗ੍ਹਾ 'ਤੇ ਜਾਂਦੇ ਹਾਂ ਤਾਂ ਉੱਥੋਂ ਦੇ ਆਲੇ-ਦੁਆਲੇ ਅਨੁਸਾਰ ਢਲਣ 'ਚ ਸਮਾਂ ਲੱਗ ਜਾਂਦਾ ਹੈ। ਆਪਣੇ-ਦੋਸਤਾਂ ਮਿੱਤਰਾਂ ਨਾਲ ਚੰਗੇ ਸੰਬੰਧ ਰੱਖਣ ਨਾਲ ਕਈ ਭਾਵਨਾਤਮਿਕ ਮੁਸ਼ਕਿਲਾਂ ਹੱਲ ਹੋ ਜਾਂਦੀਆਂ ਹਨ।

(ਬਾਕੀ ਸਫ਼ਾ 31 'ਤੇ)

# ਮੀਰ ਮੰਨੂੰ ਦੀ ਵਿਧਵਾ ਮੁਗਲਾਨੀ ਬੇ.ਗਮ, ਜਿਸ ਨਾਲ ਸਿੰਘਾਂ ਦਾ ਟਕਰਾਅ ਹੋਇਆ



ਬਹਾਦਰ ਸਿੰਘ ਗੋਸਲ

ਮੀਰ ਮੰਨੂੰ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਅਥਾਹ ਜ਼ੁਲਮ ਕੀਤੇ। ਜਦੋਂ ਮੀਰ ਮੰਨੂੰ ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਕਰਨ ਲਈ ਇੱਕ ਥਾਂ ਕੈਂਪ ਲਾਈ ਬੈਠਾ ਸੀ ਤਾਂ ਪੰਡੋਰੀ ਪਿੰਡ ਦੇ ਦਾਦੂ ਰਾਮ ਦੇ ਪੋਤਰੇ ਨੂੰ ਫੜ ਲਿਆਂਦਾ ਗਿਆ ਤਾਂ ਉਸ ਨੂੰ ਕਿਹਾ ਗਿਆ ਕਿ ਤੇਰੇ ਘਰ ਸਿੱਖ ਲੁੱਕੇ ਹੋਏ ਹਨ, ਪਰ ਪ੍ਰਸਿੱਧ ਇਤਿਹਾਸਕਾਰ ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਉਸ ਨੇ ਇਨਕਾਰ ਕਰ ਦਿੱਤਾ। ਉਸ ਦੇ ਘਰ ਸਿੰਘਣੀਆਂ ਨੂੰ ਗੇਰੂਏ ਰੰਗ ਦੇ ਕੱਪੜੇ ਪਵਾ ਕੇ, ਜੋਗਨਾਂ ਬਣਾ ਕੇ ਲੁਕੋਇਆ ਹੋਇਆ ਸੀ ਤਾਂ ਫੜੇ ਜਾਣ 'ਤੇ ਹਾਥੀ ਮੰਗਵਾ ਕੇ ਬੱਚਿਆਂ ਨੂੰ ਅੱਗੇ ਸੁੱਟਿਆ ਗਿਆ, ਪਰ ਹਾਥੀ ਨੇ ਪੈਰ ਨਾ ਰੱਖਿਆ ਤਾਂ ਬੱਚੇ, ਬੁੱਢੇ, ਔਰਤਾਂ, ਜੁਆਨਾਂ ਸਭ ਨੂੰ ਘੇਰੇ ਵਿੱਚ ਲੈ ਕੇ, ਮੀਰ ਮੰਨੂੰ ਆਪਣੇ ਘੋੜੇ 'ਤੇ ਸਵਾਰ ਹੋ ਗਿਆ ਅਤੇ ਉਨ੍ਹਾਂ ਸਭਨਾਂ ਨੂੰ ਗੋਲੀ ਨਾਲ ਉਡਾਉਣ ਦਾ ਹੁਕਮ ਦੇਣ ਹੀ ਵਾਲਾ ਸੀ ਕਿ ਰੱਬ ਦਾ ਭਾਣਾ ਵਰਤਿਆ ਅਤੇ ਕੁਦਰਤ ਨੇ ਨਵੀਂ ਖੇਡ ਦਿਖਾਈ, ਐਨ ਉਸੇ ਸਮੇਂ ਇੱਕ ਟਿੱਲ ਘੋੜੇ ਨੂੰ ਛੂੰਹਦੀ ਹੋਈ ਲੰਘ ਗਈ, ਜਿਸ ਦਾ ਵੇਰਵਾ ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ ਘੋੜਾ ਡਰ ਕੇ ਔਂਥਰਾ ਹੋ ਗਿਆ ਅਤੇ ਮੀਰ ਮੰਨੂੰ ਘੋੜੇ ਤੋਂ ਡਿੱਗ ਗਿਆ, ਪਰ ਉਸ ਦਾ ਪੈਰ ਰਕਾਬ 'ਚ ਅੜ ਗਿਆ। ਘੋੜਾ ਮੀਰ ਮੰਨੂੰ ਨੂੰ ਘਸੀਟੀ ਲਿਜਾ ਰਿਹਾ ਸੀ ਅਤੇ ਘਸੀਟਦੇ-ਘਸੀਟਦੇ ਮੀਰ ਮੰਨੂੰ ਦੀ ਦਰਦਨਾਕ ਮੌਤ ਹੋਈ। ਇਹ ਘਟਨਾ 4 ਨਵੰਬਰ 1753 ਈ: ਨੂੰ ਵਾਪਰੀ ਸੀ।

ਮੀਰ ਮੰਨੂੰ ਦੀ ਮੌਤ ਦੀ ਖ਼ਬਰ ਸੁਣਦੇ ਹੀ ਦਿੱਲੀ ਦੇ ਅਹਿਮਦਸ਼ਾਹ ਨੇ ਆਪਣੇ ਪੁੱਤਰ ਜੋ ਕੇਵਲ 3 ਸਾਲ ਦਾ ਬੱਚਾ ਸੀ, ਨੂੰ ਨਵਾਬ ਥਾਪ ਦਿੱਤਾ ਅਤੇ ਮੀਰ ਮੰਨੂੰ ਦੇ ਦੋ ਸਾਲਾ ਬੱਚੇ ਨੂੰ, ਜਿਸ ਦਾ ਨਾਂਅ ਅਮੀਨ ਖ਼ਾਨ ਸੀ, ਨੂੰ ਨਾਇਬ ਲਗਾ ਦਿੱਤਾ। ਪਰ ਥੋੜ੍ਹੀ ਦੇਰ ਬਾਅਦ ਹੀ ਮੀਰ ਮੰਨੂੰ ਦੇ ਭਰਾ ਪੀਰ ਨਿਜ਼ਾਮ ਉਦ-ਦੀਨ ਨੂੰ ਗਵਰਨਰ ਲਗਾ ਦਿੱਤਾ। ਉਸ ਸਮੇਂ ਨਿਜ਼ਾਮ-ਉਦ-ਦੀਨ ਲਾਹੌਰ ਨਾ ਹੋਣ ਕਰਕੇ ਸਾਰੀ ਤਾਕਤ ਮੀਰ ਮੋਮਨ ਖ਼ਾਨ ਕਸੂਰ ਦੇ ਹੱਥ ਚਲੀ ਗਈ ਅਤੇ ਭਿਖਾਰੀ ਖ਼ਾਨ ਵੀ ਉਸ ਨਾਲ ਮਿਲ ਕੇ ਸ਼ਾਸਨ ਚਲਾਉਣ ਲੱਗਾ। ਅਬਦਾਲੀ ਨੇ ਅਦੀਨਾ ਬੇਗ ਨੂੰ ਜਲੰਧਰ ਦਾ ਫ਼ੌਜਦਾਰ ਬਣਾ ਦਿੱਤਾ ਅਤੇ ਆਪਣੀ ਤਰਫ਼ੋਂ ਅਮੀਨ ਖ਼ਾਨ ਨੂੰ ਗਵਰਨਰ ਮੰਨ ਲਿਆ, ਪਰ ਮਈ 1754 'ਚ ਅਮੀਨ ਖ਼ਾਨ ਮਰ ਗਿਆ ਅਤੇ ਸਾਰੀ ਰਾਜਸੀ ਤਾਕਤ ਮੀਰ ਮੰਨੂੰ ਦੀ ਵਿਧਵਾ 'ਮੁਰਾਦ ਬੇਗਮ' ਦੇ ਹੱਥ ਆ ਗਈ। ਉਸੇ ਨੂੰ ਹੀ ਇਤਿਹਾਸ ਵਿੱਚ 'ਮੁਗਲਾਨੀ ਬੇਗਮ' ਕਿਹਾ ਜਾਂਦਾ ਹੈ। ਭਾਵੇਂ ਉਹ ਬਹੁਤ ਚੁਸਤ ਚਲਾਕ ਔਰਤ ਸੀ ਪਰ ਬਹੁਤ ਹੀ ਵਧੀਆ ਨੀਤੀਵਾਨ ਸੀ। ਉਧਰ ਇੱਕ ਵੱਡੀ ਘਟਨਾ ਅਨੁਸਾਰ ਅਹਿਮਦਸ਼ਾਹ ਨੂੰ ਹਟਾ ਕੇ ਆਲਮਗੀਰ ਦੂਜੇ ਨੂੰ ਬਾਦਸ਼ਾਹ ਬਣਾਇਆ ਗਿਆ, ਜਿਸ ਦਾ ਪਹਿਲਾ ਨਾਂਅ ਅਜ਼ੀਜ਼-ਉਦ-ਦੀਨ ਸੀ। ਇਹ ਘਟਨਾ 2 ਜੂਨ 1754 ਈ: ਨੂੰ ਵਾਪਰੀ। ਫਿਰ ਮੁਹੰਮਦ ਸ਼ਾਹ ਰੰਗੀਲੇ



ਦੇ ਬੇਟੇ ਮੀਰ ਮੋਮਨ ਖ਼ਾਨ ਨੂੰ ਲਾਹੌਰ ਦਾ ਗਵਰਨਰ ਲਗਾ ਦਿੱਤਾ, ਪਰ ਹੁਣ ਤੱਕ ਹਕੂਮਤ ਮੁਗਲਾਨੀ ਬੇਗਮ ਕੋਲ ਸੀ, ਜੋ ਉਸ ਨੇ ਮੋਮਨ ਖ਼ਾਨ ਨੂੰ ਨਹੀਂ ਦਿੱਤੀ। ਦੋ ਪਾਸੜ ਰਾਜ ਚਲਦਾ ਗਿਆ, ਪਰ ਮੁਗਲਾਨੀ ਬੇਗਮ ਦੇ ਵਤੀਰੇ ਕਾਰਨ ਉਸ ਵਿਰੁੱਧ ਕਈ ਤਰ੍ਹਾਂ ਦੀਆਂ ਗੱਲਾਂ ਅਤੇ ਬਗ਼ਾਵਤਾਂ ਹੋਣ ਲੱਗੀਆਂ। ਭਿਖਾਰੀ ਖ਼ਾਨ ਨੇ ਵੀ ਬਗ਼ਾਵਤ ਕਰ ਦਿੱਤੀ, ਪਰ ਉਹ ਅਸਫਲ ਰਿਹਾ ਅਤੇ ਮੁਗਲਾਨੀ ਬੇਗਮ ਨੇ ਉਸ ਨੂੰ ਬੰਦੀ ਬਣਾ ਕੇ ਮਰਵਾ ਦਿੱਤਾ। ਦਰਅਸਲ ਉਹ ਸਿੱਖਾਂ ਨਾਲ ਦੋਸਤੀ ਬਣਾਉਣ ਦੇ ਹੱਕ ਵਿੱਚ ਸੀ, ਉਹ ਮੁਗਲਾਨੀ ਬੇਗਮ ਦੇ ਵਿਰੁੱਧ ਸਿੱਖਾਂ ਨੂੰ ਹਥਿਆਰ ਵੀ ਦਿੰਦਾ ਸੀ ਅਤੇ ਸਿੱਖਾਂ ਦੀ ਮਦਦ ਨਾਲ ਮੁਗਲਾਨੀ ਬੇਗਮ ਅਤੇ ਦਿੱਲੀ ਨੂੰ ਵੀ ਸਬਕ ਸਿਖਾਉਣਾ ਚਾਹੁੰਦਾ ਸੀ, ਪਰ ਉਹ ਗ੍ਰਿਫ਼ਤਾਰ ਹੋ ਗਿਆ ਅਤੇ ਉਸ ਦਾ ਅੰਤ ਹੋ ਗਿਆ।

ਰਾਜ ਵਿੱਚ ਹਫੜਾ-ਦਫੜੀ ਮਚੀ ਹੋਈ ਸੀ ਅਤੇ ਐਮਨਾਬਾਦ ਦੇ ਮਿਰਜ਼ਾ ਖ਼ਾਨ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ ਅਤੇ ਮੁਗਲਾਨੀ ਬੇਗਮ ਨੂੰ ਬੰਦੀ ਬਣਾ ਲਿਆ ਤਾਂ ਬੇਗਮ ਨੇ ਆਪਣੇ ਮਾਮੇ ਖ਼ਵਾਜਾ ਉਬੈਦ-ਉਲ-ਖ਼ਾਨ ਨੂੰ ਮਦਦ ਲਈ ਅਬਦਾਲੀ ਕੋਲ ਭੇਜਿਆ। ਅਬਦਾਲੀ ਨੇ ਅਮਾਨ ਖ਼ਾਨ ਰਾਹੀਂ ਖ਼ਵਾਜਾ ਮਿਰਜ਼ਾ ਖ਼ਾਨ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਹਕੂਮਤ ਮੁਗਲਾਨੀ ਬੇਗਮ ਨੂੰ ਸੌਂਪ ਕੇ ਉਬੈਦ-ਉਲਾ-ਖ਼ਾਨ ਨੂੰ ਨਾਇਬ ਬਣਾ ਦਿੱਤਾ, ਪਰ ਜਲਦੀ ਹੀ ਉਬੈਦ-ਉਲਾ-ਖ਼ਾਨ ਨੇ ਮੁਗਲਾਨੀ ਬੇਗਮ ਨੂੰ ਨਜ਼ਰਬੰਦ ਕਰ ਲਿਆ। ਅਜਿਹੀ ਹਾਲਤ ਵਿੱਚ ਮੁਗਲਾਨੀ ਬੇਗਮ ਨੇ ਦਿੱਲੀ ਦੇ ਵਜ਼ੀਰ ਗਾਜ਼ੀ-ਉਦ-ਦੀਨ ਨੂੰ ਉਸ ਨੂੰ ਆਪਣੇ ਮਾਮੇ ਦੀ ਕੈਦ 'ਚੋਂ ਛੁਡਾਉਣ ਤੇ ਮਦਦ ਕਰਨ ਲਈ ਲਿਖਿਆ ਅਤੇ ਇਸ ਬਦਲੇ ਆਪਣੀ ਬੇਟੀ 'ਉਮਦਾ ਬੇਗਮ' ਦੇਣ ਦਾ ਵਾਅਦਾ ਕੀਤਾ। ਗਾਜ਼ੀ-ਉਦ-ਦੀਨ ਨੇ ਉਬੈਦ-ਉਲਾ-ਖ਼ਾਨ ਨੂੰ ਲਾਹੌਰ ਤੋਂ ਭਜਾ ਦਿੱਤਾ, ਪਰ ਉਸ ਨੂੰ ਪਤਾ ਲੱਗ ਗਿਆ ਸੀ ਕਿ ਮੁਗਲਾਨੀ ਬੇਗਮ ਹੀ ਸਭ ਲੜਾਈਆਂ ਦੀ ਜੜ੍ਹ ਏ ਤਾਂ ਉਸ ਨੇ ਮੁਗਲਾਨੀ ਬੇਗਮ ਨੂੰ ਗ੍ਰਿਫ਼ਤਾਰ ਕਰੀ ਰੱਖਿਆ।

ਹੁਣ ਮੁਗਲਾਨੀ ਬੇਗਮ ਨੇ ਅਬਦਾਲੀ ਨੂੰ ਪੰਜਾਬ ਆਉਣ ਦੀ ਬੇਨਤੀ ਕੀਤੀ। ਅਦਬਾਲੀ ਨੇ ਵੀ ਚੌਥਾ ਹਮਲਾ ਕਰਨ ਦਾ ਮਨ ਬਣਾ ਲਿਆ ਅਤੇ ਉਸ ਨੇ ਇਹ ਹਮਲਾ ਨਵੰਬਰ 1756ਈ: 'ਚ ਕੀਤਾ, ਲਾਹੌਰ ਪਹੁੰਚਣ 'ਤੇ ਅਬਦਾਲੀ ਦਾ ਸਵਾਗਤ ਹੋਇਆ ਅਤੇ ਫਿਰ ਮਾਰੋ-ਮਾਰ ਕਰਦਾ ਹੋਇਆ ਅਬਦਾਲੀ ਜਨਵਰੀ 28, 1747 ਨੂੰ ਲਾਲ ਕਿਲ੍ਹੇ ਵਿੱਚ ਦਾਖ਼ਲ ਹੋਇਆ, ਪਰ ਇਸ ਵਾਰੀ ਉਸ ਨੇ ਲੁੱਟ-ਖੋਹ 'ਤੇ ਪਾਬੰਦੀ ਲਗਾ ਦਿੱਤੀ ਅਤੇ ਕੇਵਲ ਅਮੀਰ ਘਰਾਣਿਆਂ ਨੂੰ ਹੀ ਲੁੱਟ ਦਾ ਨਿਸ਼ਾਨਾ ਬਣਾਇਆ। ਉਧਰ ਮੁਗਲਾਨੀ ਬੇਗਮ ਨੇ ਅਬਦਾਲੀ ਨੂੰ ਉਹ ਸਾਰੀ ਜਾਣਕਾਰੀ ਦਿੱਤੀ ਕਿ ਕਿਸ ਅਮੀਰ ਵਿਅਕਤੀ ਕੋਲ ਕਿੰਨੀ ਪੂੰਜੀ ਅਤੇ ਜਾਇਦਾਦ ਹੈ ਅਤੇ ਨਾਲ ਹੀ ਆਪਣੇ ਭਰਾ ਅਮੀਰ ਨਿਜ਼ਾਮ-ਉਦੀਨ ਨੂੰ ਲੁੱਟਣ ਲਈ ਵੀ ਕਿਹਾ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਸਿਰਫ਼ ਅਮੀਰ ਨਿਜ਼ਾਮ-ਉਦੀਨ ਦੇ ਘਰੋਂ ਡੇਢ ਕਰੋੜ ਦੀ ਰਕਮ ਨਿਕਲੀ ਅਤੇ ਅਬਦਾਲੀ ਦੇ ਮੂੰਹੋਂ ਆਪ ਹੀ ਨਿਕਲ ਗਿਆ, 'ਸੁਭਾਨ ਅਲੱਾਹ!' ਇਸੇ ਲੁੱਟ ਦੌਰਾਨ, ਰਾਜਾ ਨਾਗਰ ਮੱਲ, ਹੀਰਾ ਨੰਦ ਜੌਹਰੀ ਦੀਆਂ ਹਵੇਲੀਆਂ ਲੁੱਟਣ 'ਤੇ ਅਬਦਾਲੀ ਦੇ ਹੱਥ ਵੱਡੀ ਰਕਮ ਆਈ, ਜਿਸ ਨੂੰ ਦੇਖ ਉਹ ਆਪ ਵੀ ਹੈਰਾਨ ਸੀ। ਇਸੇ ਕੰਮ ਵਿੱਚ ਅਬਦਾਲੀ ਦੀ ਮਦਦ ਕਰਨ ਲਈ ਅਬਦਾਲੀ ਨੇ ਮੁਗਲਾਨੀ ਬੇਗਮ ਨੂੰ 'ਸੁਲਤਾਨ ਮਿਰਜ਼ਾ' ਦਾ ਖ਼ਿਤਾਬ ਦਿੱਤਾ, ਪਰ ਉਹ ਲਾਹੌਰ ਦੀ ਨਵਾਬੀ ਚਾਹੁੰਦੀ ਸੀ। ਅਬਦਾਲੀ ਦੇ ਜ਼ੋਰ ਦੇਣ ਉੱਤੇ ਆਲਮਗੀਰ ਨੇ ਆਪਣੀ ਬੇਟੀ ਦਾ ਰਿਸ਼ਤਾ ਵੀ ਸ਼ਹਿਜ਼ਾਦਾ ਤੈਮੂਰ ਨਾਲ ਕਰ ਦਿੱਤਾ। ਇੱਥੇ ਵਿਲੱਖਣ ਘਟਨਾ ਇਹ ਵਾਪਰੀ ਕਿ ਅਬਦਾਲੀ ਨੇ ਆਪ ਮੁਹੰਮਦ ਸ਼ਾਹ ਰੰਗੀਲੇ ਦੀ 16 ਸਾਲ ਦੀ ਲੜਕੀ ਹਜ਼ਰਤ ਬੇਗਮ ਨਾਲ ਸ਼ਾਦੀ ਕਰ ਲਈ, ਪਰ ਦਿੱਲੀ 'ਚ ਬਿਮਾਰੀ ਫੈਲਣ ਕਾਰਨ ਉਸ ਦੇ ਸੈਨਿਕ ਮਰਨ ਲੱਗੇ ਅਤੇ ਅਬਦਾਲੀ ਨੂੰ ਵਾਪਸ ਮੁੜਨਾ ਪਿਆ ਪਰ ਅਹਿਮਦਸ਼ਾਹ ਅਬਦਾਲੀ ਨੇ ਜੋ ਉਸ ਸਮੇਂ ਧਨ-ਦੌਲਤ ਲੁੱਟੀ ਸੀ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਲੁੱਟੇ ਹੋਏ ਮਾਲ ਨੂੰ ਕਾਬੁਲ ਲੈ ਜਾਣ ਦੀ ਲਈ 28,000 ਲੱਦੂ ਪਸ਼ੂ ਅਤੇ 80,000 ਘੋੜਿਆਂ ਦੀ ਵਰਤੋਂ ਕੀਤੀ ਗਈ ਸੀ।

(ਬਾਕੀ ਸਫ਼ਾ 31 'ਤੇ)

# ਮਨੁੱਖਵਾਦ ਦੇ ਸੰਕਲਪ ਨੂੰ ਜ਼ਿੰਦਗੀਵਾਦ ਦੇ ਸੰਕਲਪ ’ਚ ਬਦਲਣ ਦੀ ਲੋੜ



ਵਿਜੈ ਬੰਬੇਲੀ

ਮਨੁੱਖੀ ਇਤਿਹਾਸ ਸਿਰਫ਼ ਜੰਗਾਂ, ਜਿੱਤਾਂ ਅਤੇ ਵੰਸ਼ਾਂ ਦਾ ਹੀ ਇਤਿਹਾਸ ਨਹੀਂ, ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਬਲ ਤਾਂਘ ਅਤੇ ਵਿਗਿਆਨ ਦਾ ਇਤਿਹਾਸ ਵੀ ਹੈ। ਮਨੁੱਖ ਨੇ ਇਹ ਸਫ਼ਰ ਲੰਮੇ ਸਮੇਂ ”ਚ ਤੈਅ ਕੀਤਾ ਹੈ। ਵਿਗਿਆਨ ਨੇ ਮਨੁੱਖ ਨੂੰ ਇਸ ਯੋਗ ਬਣਾ ਦਿੱਤਾ ਹੈ ਕਿ ਉਹ ਸਮੁੱਚ ਬਾਰੇ ਸੋਚ ਸਕਦਾ ਹੈ। ਪ੍ਰੰਤੂ ਵਿਗਿਆਨ ਦੀ ਸੁਚੱਜੀ ਅਤੇ ਲੋਕ-ਹਿਤੂ ਵਰਤੋਂ ਕਰਨ ਦੀ ਬਜਾਏ ਇਸ ਦੀ ਦੁਰਵਰਤੋਂ ਨੇ ਕੁਦਰਤੀ ਸਮਤੋਲ ਸਮੇਤ ਮਨੁੱਖੀ ਹੋਂਦ ਲਈ ਖ਼ਤਰੇ ਖੜ੍ਹੇ ਕਰ ਦਿੱਤੇ ਹਨ। ਅੱਜ ਮਨੁੱਖ ਦਾ ਇਕੋ ਇਕ ਨਿਸ਼ਾਨਾ ਕੁਦਰਤ ਉੱਪਰ ਆਪਣਾ ਨਿਜ਼ਾਮ ਸਥਾਪਿਤ ਕਰਨਾ ਬਣ ਗਿਆ ਹੈ। ਉਸ ਦੇ ਉਜੱਡ ਕਿਸਮ ਦੇ ‘ਆਧੁਨਿਕ’ ਤੌਰ-ਤਰੀਕਿਆਂ ਨੇ ਕੁਦਰਤੀ ਸੰਸਾਰ ਨੂੰ ਬੁਰੀ ਤਰ੍ਹਾਂ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਹੈ। ਸਿੱਟਾ, ਮਨੁੱਖ ਵੱਲੋਂ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਅਤੇ ਇਸ ਦੀ ਮੁੜ-ਭਰਪਾਈ ਨਾ ਹੋਣ ਕਾਰਨ ਕਈ ਕਿਸਮ ਦੇ ਸੰਕਟ ਸਾਹਮਣੇ ਆ ਰਹੇ ਹਨ। ਗਲੋਬਲ ਵਾਰਮਿੰਗ (ਸੰਸਾਰ ਤਪਸ਼) ’ਚ ਵਾਧਾ ਰੁੱਤ-ਵਿਗਾੜ ਦਾ ਕਾਰਨ ਬਣ ਰਿਹਾ ਹੈ। ਵਰਖਾ ਗੜਬੜਾ ਗਈ ਹੈ। ਪਾਣੀ ਪਤਾਲੀਂ ਜਾ ਵੜਿਆ ਹੈ। ਰੇਗਿਸਤਾਨ ਨੇ ਮਨੁੱਖ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਹੈ। ਧਰਤੀ ’ਚ ਹੋਛੀ ਕੰਪਨ, ਵਰਖੀਲੇ ਅਤੇ ਸਮੁੰਦਰੀ ਤੂਫ਼ਾਨ। ਮਿੱਟੀ ਅਤੇ ਪਾਣੀ ਜ਼ਹਿਰੀਲੇ ਹੋ ਰਹੇ ਹਨ। ਨਵੀਆਂ-ਨਿਵੇਕਲੀਆਂ ਬਿਮਾਰੀਆਂ ਅਤੇ ਮੌਸਮੀ ਵਿਗਾੜਾਂ ਨੇ ਜੀਵ-ਜਗਤ ਤੇ ਕੁਦਰਤੀ ਸਾਵੇਂਪਨ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ ਹੈ। ਸੰਨ 2001 ਵਿੱਚ ਅੰਟਾਰਟਿਕਾ ਦਾ 1200 ਵਰਗ ਮੀਲ, ਬਰਫੀਲਾ ਟਾਪੂ, ਦੇਖਦੇ-ਦੇਖਦੇ ਪੰਘਰ ਗਿਆ ਸੀ।

ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਅੱਠ ਮੀਟਰ ਪਿੱਛੇ ਖਿਸਕਾ ਦੇਣ ਅਤੇ 1972 ਦੇ ਬਾਅਦ ਵੇਨਜ਼ੁਏਲਾ ਸਥਿਤ ਛੇ ਹਿਮ ਸਿਖਰਾਂ ਵਿਚੋਂ ਚਾਰ ਨੂੰ ਪੂਰੀ ਤਰ੍ਹਾਂ ਗ਼ਾਇਬ ਕਰ ਦੇਣ ਪਿੱਛੇ ਵੀ ਬੇ-ਲਗਾਮ ਪ੍ਰਦੂਸ਼ਣ ਅਤੇ ਆਲਮੀ-ਤਪਸ਼ ਦਾ ਹੀ ਹੱਥ ਸੀ। ਦਰ ਇਹੋ ਰਹੀ ਤਾਂ 2050 ਤੱਕ ਤਾਪਮਾਨ ਵਿੱਚ 4 ਤੋਂ 6 ਡਿਗਰੀ ਸੈਲਸੀਅਸ ਦਾ ਵਾਧਾ ਹੋ ਜਾਵੇਗਾ। ਦੋ-ਤਿੰਨ ਡਿਗਰੀ ਦਾ ਵਾਧਾ ਹੀ, ਪਹਿਲਾਂ ਭਾਰੀ ਹੜ੍ਹਾਂ ਅਤੇ ਫਿਰ ਸੋਕੇ ਦਾ ਕਾਰਕ ਬਣ ਜਾਵੇਗਾ। ਸਾਡਾ ਆਪਣਾ ਬਹੁ-ਰੁੱਤਾਂ ਵਾਲਾ ਭਾਰਤ ਦੋ ਰੁੱਤਾਂ ਨਮੀ ਯੁਕਤ ਗਰਮੀ, ਬਰਫ਼ ਯੁਕਤ ਸਰਦੀ ਅਤੇ ਗੰਭੀਰ ਜਲ ਸੰਕਟ ਵੱਲ ਵਧ ਰਿਹਾ ਹੈ। ਸਿੱਟਾ; ਸਾਨੂੰ ਸਭ ਕੁਝ ਬਦਲਣਾ ਪੈ ਜਾਵੇਗਾ, ਫ਼ਸਲੀ ਹੇਰ-ਫੇਰ, ਰਹਿਣ-ਸਹਿਣ, ਪਹਿਨਣ-ਪਚਰਨ, ਖਾਣ-ਪੀਣ ਅਤੇ ਮਹਿਲ-ਮੁਨਾਰੇ ਵੀ। ਨਦੀਆਂ ਦੇ ਜਨਮ ਦਾਤੇ ਬਰਫੀਲੇ ਪਹਾੜ ਅਤੇ ਗਲੇਸ਼ੀਅਰ ਹਨ ਜਾਂ ਫਿਰ ਜੰਗਲ। ਹੱਥੀਂ ਸਹੇੜੀ ਜਾ ਰਹੀ ਮਾਰੂ ਤਪਸ਼ ਨੇ ਬਰਫ਼ਾਂ ਪਿਘਲਾ ਕੇ ਪਹਿਲਾਂ ਦਰਿਆ ਉਛਾਲ ਦੇਣੇ ਹਨ, ਮਗਰੋਂ ਵਿਰਾਨਗੀ ਸਮਾ ਜਾਵੇਗੀ ਸਾਡੀਆਂ ਨਦੀਆਂ ਵਿੱਚ। ਸਮੁੰਦਰ ਨੇ ਪੂਰ ਭਰ ਕੇ ਲਾਗਲੀਆਂ ਜ਼ਮੀਨਾਂ ਅਤੇ ਬਸਤੀਆਂ ਨੂੰ ਨਿਗਲ ਜਾਣਾ ਹੈ। ਅਸੀਂ ਜਲ-ਸੋਮੇ ਵੀ ਤਹਿਸ-ਨਹਿਸ ਕਰਨ ਸਾਵਾਂ ਤੁਰੇ ਹੋਏ ਹਾਂ। ਜ਼ਰਖੇਜ਼, ਸੁਥਰੇ ਅਤੇ ਲਬਾਲਬ ਜਲ-ਸੋਮੇ ਵੀ ਮੌਸਮਾਂ ਨੂੰ ਸਾਵਾਂ ਰੱਖਣ ਵਿਚ ਸਿਫ਼ਤੀ ਹਿੱਸਾ ਪਾਉਂਦੇ ਹਨ। ਸ਼ਾਇਦ ਅਸੀਂ ਇਹ ਵੀ ਨਹੀਂ ਜਾਣਦੇ ਕਿ ਜ਼ਮੀਨ-ਦੋਜ਼ ਪਾਣੀ ਵੀ ਧਰਤੀ ਦੀ ਤਪਸ਼ ਨੂੰ ਕੰਟਰੋਲ ਕਰਦਾ ਹੈ।

ਜੰਗਲ ਉਜਾੜਾ ਵੀ ਸਾਨੂੰ ਲੈ ਬੈਠੇਗਾ। ਰੁੱਖ ਆਕਸੀਜਨ ਅਤੇ ਮਿੱਟੀ ਘੜਨ ਵਾਲੇ ਕਾਰਖਾਨੇ ਹਨ। ਮਿੱਟੀ ਰੁੜ੍ਹਨ ਨਹੀਂ ਦਿੰਦੇ। ਇਹ ਊਰਜਾ ਦੇ ਸਰੋਤ ਹਨ, ਅਥਾਹ ਭੋਜਨ-ਪਦਾਰਥ ਦਿੰਦੇ ਹਨ। ਇਹ ਚਿਕਿਤਸਕ ਜੜ੍ਹੀ-ਬੂਟੀਆਂ ਦੇ ਭੰਡਾਰ ਹਨ ਅਤੇ ਕੰਦ-ਮੂਲਾਂ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਰ ਵਰ੍ਹੇ ਲਗਭਗ 144 ਅਰਬ ਮੀਟ੍ਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮੱਲ੍ਹੜ (ਪੱਤ-ਖਾਦ) ਬਖ਼ਸ਼ ਕੇ ਧਰਤੀ ਨੂੰ ਠੰਢਾ, ਪੋਲਾ, ਮਿੱਤਰ-ਕੀਟ ਯੁਕਤ ਅਤੇ ਜ਼ਰਖੇਜ਼ ਬਣਾਉਂਦੇ ਹਨ। ਜ਼ਹਿਰਾਂ ਚੂਸਦੇ ਹਨ ਅਤੇ ਧਰਾਤਲ ਤੇ ਖਲਾਅ ਨੂੰ ਨਮ-ਠੰਢਕ ਬਖ਼ਸ਼ਦੇ ਹਨ ਅਤੇ ਸੰਬੰਧਿਤ ਖੇਤਰ ਦੇ ਮੌਸਮ ਨੂੰ ਸਾਵਾਂ ਰੱਖਦੇ ਹਨ।

ਕੀ ਸਾਨੂੰ ਪਤਾ ਹੈ ਕਿ ਮਾਰੂਥਲ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇੱਕ ਦਿਨ ’ਚ ਛੱਡਦੀ ਹੈ, ਜਿਹੜੀ ਥਾਰ ਦੀ ਖ਼ੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ ’ਚ ਸਿਫ਼ਤੀ ਰੋਲ ਨਿਭਾਉਂਦੀ ਹੈ। ਜੰਗਲ ਵਰਖਾ ਨੂੰ ਪ੍ਰੇਰਿਤ ਕਰਦੇ ਹਨ, ਵਰਖਾ ਹੀ ਪਾਣੀ ਦਾ ਮੁਢਲਾ ਸੋਮਾ ਹੈ। ਔੜ ਅਤੇ ਹੜ੍ਹ ਦੋਵਾਂ ਸਥਿਤੀਆਂ ’ਚ ਹੀ ਜੰਗਲ ਸਾਡੇ ਲਈ ਵਰਦਾਨ ਹਨ। ਜੰਗਲਾਂ ਦਾ ਇੱਕ ਵਰਗ ਕਿੱਲੋਮੀਟਰ ਰਕਬਾ 50 ਹਜ਼ਾਰ ਘਣਮੀਟਰ ਪਾਣੀ ਆਪਣੀਆਂ ਜੜ੍ਹਾਂ ਰਾਹੀਂ ਸਾਡੇ ਲਈ ਸੰਭਾਲ ਦਿੰਦਾ ਹੈ। ਅਰਥਾਤ ਇਹ ਜਲ ਨੂੰ ਸਾਡੇ ਪੀਣ, ਵਰਤਣ ਤੇ ਸਿੰਚਾਈ ਲਈ, ਰਾਖਵੇਂ ਭੰਡਾਰ ਵਜੋਂ, ਆਪਣੀਆਂ ਜੜ੍ਹਾਂ ਰਾਹੀਂ ਧਰਤ ’ਚ ਸੰਭਾਲ ਲੈਂਦੇ ਹਨ।

ਜੰਗਲਾਂ ਦੀ ਬਰਬਾਦੀ ਅਤੇ ਜ਼ਮੀਨਦੋਜ਼ ਜਲ ਦੀ ਅੰਧਾਧੁੰਦ ਖਿਚਾਈ ਨਾਲ ਸਿਰਫ਼ ਜਲ ਸੰਕਟ ਹੀ ਨਹੀਂ ਉਪਜਣਾ, ਸਗੋਂ ਜੇ ਇਸ ਦੀ ਮੁੜ-ਭਰਪਾਈ ਨਾ ਹੋਈ ਤਾਂ ਜਲ-ਅਣਹੋਂਦ ਨਾਲ ਧਰਤੀ ਹੇਠ ਪੈਦਾ ਹੋਏ ਖਲਾਅ ਨਾਲ, ਨੇੜ-ਭਵਿੱਖ ਵਿੱਚ, ਧਰਤੀ ਵੀ ਗਰਕਣੀ ਸ਼ੁਰੂ ਹੋ ਸਕਦੀ ਹੈ। ਧਰਤ ਹੇਠਲਾ ਜਲ-ਸਮਤੋਲ ਭੁਚਾਲਾਂ ਨੂੰ ਵੀ ਮਨਫ਼ੀ ਕਰਦਾ ਹੈ, ਕਿਉਂਕਿ ਜ਼ਮੀਨੀ ਵਿਰਲਾਂ (ਅੰਦਰੂਨੀ ਪਲੇਟਾਂ) ਦੀ ਖਾਲੀ ਜਗ੍ਹਾ ਇਸ ਨੇ ਭਰ ਰੱਖੀ ਹੁੰਦੀ ਹੈ। ਗੁਜਰਾਤ ’ਚ ਆਧੁਨਿਕ/ਘਣੀ ਖੇਤੀ ਕਾਰਨ ਜ਼ਮੀਨ ਹੇਠਲੀਆਂ ਜਲ-ਤੱਗੀਆਂ ਡੂੰਘੀਆਂ ਹੋਈ ਜਾਣ ਕਾਰਨ ਦੋ ਅਲਾਮਤਾਂ ਵੀ ਸਾਹਮਣੇ ਆਈਆਂ ਹਨ: ਇਕ ਕੱਛ ਖੇਤਰ (ਸਮੁੰਦਰੀ ਸਾਹਿਲ) ਵਿੱਚ ਇਸ ਖਲਾਅ ਦੀ ਥਾਂ ਸਮੁੰਦਰੀ ਜਲ-ਰਿਸਾਵ ਨੇ ਲੈ ਲਈ ਸਿੱਟੇ ਵਜੋਂ ਵਾਸ਼ਪੀਕਰਨ ਨਾਲ ਜ਼ਮੀਨੀ ਮੁਸਾਮਾਂ ਰਾਹੀਂ ਲੂਣੇ ਪਦਾਰਥ ਉਪਰ ਆ ਕੇ ਧਰਤੀ ਨੂੰ ਰੁੰਡ-ਮਰੁੰਡ ਕਰਨ ਲੱਗੇ। ਦੂਜੀ, ਕੁਝ ਦੁਰੇਡੀਆਂ ਥਾਵਾਂ ’ਤੇ ਵੀ ਜ਼ਮੀਨ ਧਸਣ ਦੇ ਮਾਮਲੇ ਸਾਹਮਣੇ ਆਏ। ਹਾਲਾਤ ਇਹੋ ਹੀ ਰਹੇ ਤਾਂ ਨੇੜ-ਭਵਿੱਖ ’ਚ ਦੂਰ-ਦੁਰੇਡੇ ਖਿੱਤਿਆ ’ਚ ਵੀ ਇਹ ਭਾਣਾ ਵਰਤਣਾ ਸ਼ੁਰੂ ਹੋ ਜਾਵੇਗਾ ਬਰਸਾਤ, ਜਿਸ ਬਾਰੇ ਪਤਾ ਨਹੀਂ ਹੁੰਦਾ ਕਿੰਨੀ ਪੈਣੀ ਹੈ ਜਾਂ ਫਿਰ ਨਹੀਂ ਪੈਣੀ, ਨੂੰ ਸ਼ਾਮਿਲ ਨਾ ਵੀ ਕੀਤਾ ਜਾਵੇ ਤਦ ਵੀ ਬਹੁ-ਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ ਦੋ ਰੁੱਤਾਂ ਅਰਥਾਤ ਗਰਮੀ ਅਤੇ ਸਰਦੀ ਵਾਲਾ ਖਿੱਤਾ ਬਣ ਕੇ ਰਹਿ ਜਾਵੇਗਾ। ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਸੀਮਾ ਵਧ-ਘਟ ਰਹੀ ਹੈ ਸਗੋਂ ਇਸ ਦੇ ਤਾਪਮਾਨ ਬਾਰੇ ਵੀ ਅਨਿਸਚਿਤਤਾ ਬਣ ਗਈ ਹੈ। ਰੁੱਤਾਂ ਦੇ ਰਿਵਾਇਤੀ ਤਾਪਮਾਨ ਅਤੇ ਸਮੇਂ ’ਚ ਗੜਬੜ ਚੌਥ ਸ਼ੁਰੂ ਹੋ ਗਈ ਹੈ। ਬਹੁ-ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ ’ਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ-ਸੁਵੰਨਤਾ ਦਾ ਦੋ ਜਾਂ ਤਿੰਨ ’ਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ ਦੀ ਵੰਨਗੀ ਥਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵੱਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ ਦਾ ਲੁਤਫ ਮਿਲੇਗਾ। ਬਹੁ-ਰੁੱਤਾਂ ਦੀਆਂ ਬਰਕਤਾਂ ਤੋਂ ਹੱਥ ਧੋ ਕੇ ਬੰਦਾ ਸਿਰਫ ਦੋ-ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ-ਹੰਢਾਉਣ ਅਤੇ ਪਹਿਨਣ-ਪਚਰਨ ਲਈ ਨਰੜਿਆ ਜਾਵੇਗਾ। ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋ ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ ਸਹਿਣ, ਜੀ-ਪ੍ਰਚਾਵਿਆਂ, ਰੈਣ-ਬਸੇਰਿਆਂ, ਗੱਲ ਕੀ, ਸਮੁੱਚੀ ਜੀਵਨ ਸ਼ੈਲੀ ’ਚ ਵੀ ਸਿਫ਼ਤੀ ਤਬਦੀਲੀਆਂ ਕਰਨੀਆਂ ਪੈਣਗੀਆਂ। ਇਹ ਤਬਦੀਲੀਆਂ ਚਲੰਤ ਜੀਵਨ ਰੇਖਾ ਅਤੇ ਸਾਡੀ ਜੀਵਨ-ਜਾਚ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ, ਜਿਸ ਨਾਲ ਤਿੱਖੀਆਂ ਰਾਜਨੀਤਿਕ ਤਬਦੀਲੀਆਂ ਸਮੇਤ ਮੁਲਕਾਂ ਦੀਆਂ ਹੱਦਾਂ ਅਤੇ ਆਮ ਜ਼ਿੰਦਗੀ ਵਿਚ ਵੀ ਤਿੱਖੀ ਉਥਲ-ਪੁਥਲ ਹੋਵੇਗੀ। ‘ਨੇਚਰ’ ਪੱਤਰਿਕਾ ਅਨੁਸਾਰ, ਦੁਨੀਆ ਦੇ ਛੇ ਮਹੱਤਵਪੂਰਨ ਖਿੱਤਿਆਂ ’ਚ, ਜੋ ਮੋਟੇ ਤੌਰ ’ਤੇ ਵਿਸ਼ਵ ਦਾ 20 ਫ਼ੀਸਦੀ ਖੇਤਰ ਦਰਸਾਉਂਦੇ ਹਨ, ’ਚ ਕਰਵਾਈ ਗਈ ਖੋਜ ਰਾਹੀਂ ਸਾਬਤ ਹੋਇਆ ਹੈ ਕਿ ਮਾਰੂ-ਗੈਸਾਂ ਦੇ ਬਹੁਤ ਜ਼ਿਆਦਾ ਉਤਪਾਦਨ ਉਪਰੰਤ ਆਲਮੀ ਤਪਸ਼ ਸਦਕਾ ਹਜ਼ਾਰਾਂ ਪ੍ਰਜਾਤੀਆਂ ਦੇ ਜੀਵਨ ’ਤੇ ਸੰਕਟ ਦੇ ਬੱਦਲਾਂ ਨੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ।ਇਕ ਖੋਜ ਅਨੁਸਾਰ 2-3 ਫਾਰਨਹੀਟ ਨਾਲ ਹੀ 20 ਤੋਂ 30 ਫ਼ੀਸਦੀ ਜੀਵ-ਵਿਭਿੰਨਤਾ ਅਤੇ ਮੌਸਮ ਤੇ ਜਲ-ਸੋਮਿਆਂ ਉੱਤੇ ਮਾਰੂ ਅਸਰ ਪੈ ਸਕਦਾ ਹੈ। ਹਾਲਤ ਇਹੋ ਰਹੀ ਤਾਂ 2050 ਤੱਕ ਸਾਡੀ ਧਰਤੀ ਉੱਤੇ ਮੌਜੂਦ ਪੇੜ-ਪੌਦਿਆਂ ਦਾ ਵੀ 50 ਫ਼ੀਸਦੀ ਤੱਕ ਸਫਾਇਆ ਹੋ ਜਾਵੇਗਾ। ਮਨੁੱਖਾਂ ਖਾਸ ਕਰਕੇ ਸਰਕਾਰਾਂ ਦੀ ਬਿਰਤੀ ਇਹੋ ਰਹੀ ਤਾਂ ਸਾਡਾ ਉੱਤਰੀ ਖਿੱਤਾ ਹੋਰ ਅੱਧੀ ਸਦੀ ਨੂੰ ਜਾਂ ਤਾਂ ਧਰੁੱਵ (ਬਰਫਾਨੀ ਖਿੱਤਾ) ਬਣ ਜਾਵੇਗਾ ਜਾਂ ਫਿਰ ਬੰਜਰ-ਬੀਆਂਵਾਨ। ਮੁੱਕਦੀ ਗੱਲ ਇਹ ਕਿ ਮੁੱਢ ਤੋਂ ਹੀ ਮਨੁੱਖ ਆਪਣੇ-ਆਪ ਨੂੰ ਇਸ ਧਰਤੀ ਅਤੇ ਬ੍ਰਹਿਮੰਡ ਦਾ ਸਰਦਾਰ ਸਮਝਦਾ ਆਇਆ ਹੈ। ਸਾਡੇ ਕਈ ਧਾਰਮਿਕ ਪ੍ਰਚਾਰਕਾਂ ਨੇ ਵੀ ਇਸ ਨਾਲ ਮਿਲਦੀ-ਜੁਲਦੀ ਸਿੱਖਿਆ ਹੀ ਮਨੁੱਖ ਨੂੰ ਦਿੱਤੀ ਹੈ। ਆਧੁਨਿਕ ਪੁਨਰ-ਜਾਗ੍ਰਿਤੀ ਅਤੇ ਧਨ-ਕੁਬੇਰਾਂ ਵਲੋਂ ਸਿਰਜ ਦਿੱਤੀ ਗਈ ਬਾਜ਼ਾਰ ਦੀ ਚਕਾਚੌਂਧ ਨੇ ਵੀ ਇਸੇ ਸੋਚ ਨੂੰ ਦ੍ਰਿੜਾਇਆ ਹੈ ਕਿ ਸਾਰਾ ਬ੍ਰਹਿਮੰਡ ਹੀ ਮਨੁੱਖ ਦੀ ਸਰਦਾਰੀ ਲਈ ਪੈਦਾ ਕੀਤਾ ਗਿਆ ਹੈ। ਅਸਲ ਵਿੱਚ ਉਪਰੋਕਤ ਧਾਰਨਾ ਹੀ ਪੁਆੜੇ ਦੀ ਜੜ੍ਹ ਹੈ। ਜੇ ਮਨੁੱਖ ਨੇ ਜ਼ਿੰਦਾ ਰਹਿਣਾ ਹੈ ਤਾਂ ਹੁਣ ਫਲਸਫੇ, ਸਿਧਾਂਤ ਵਿਚਾਰਧਾਰਾਵਾਂ ਅਤੇ ਵਿਕਾਸ ਮਾਡਲ ਸਿਰਫ਼ ਮਨੁੱਖ ਦੇ ਹਿੱਤਾਂ ਨੂੰ ਹੀ ਧਿਆਨ ’ਚ ਰੱਖ ਕੇ ਘੜਨ ਦੀ ਲੋੜ ਨਹੀਂ, ਬਲਕਿ ਇਸ ਧਰਤੀ ਦੇ ਛੋਟੇ ਤੋਂ ਛੋਟੇ ਜੀਵਾਂ ਨੂੰ ਵੀ ਧਿਆਨ ’ਚ ਰੱਖਣਾ ਜ਼ਰੂਰੀ ਹੈ। ਝੀਲਾਂ, ਜੰਗਲ-ਬੇਲੇ, ਪਹਾੜ, ਗੱਲ ਕੀ ਧਰਤੀ ਦੀ ਹਰ ਸ਼ੈਅ ਮਨੁੱਖ ਜਿੰਨੀ ਹੀ ਮਹੱਤਵਪੂਰਨ ਹੈ, ਸਗੋਂ ਮਨੁੱਖੀ ਹੋਂਦ ਲਈ ਮਨੁੱਖ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ। ਹੁਣ ਮਨੁੱਖਵਾਦ ਦੇ ਸੰਕਲਪ ਨੂੰ ਜ਼ਿੰਦਗੀਵਾਦ ਦੇ ਸੰਕਲਪ ’ਚ ਬਦਲਣ ਦੀ ਲੋੜ ਹੈ। ਇਹ ਸੰਕਲਪ ਸਾਡੀ ਰਹਿਤਲ ’ਚ ਪਹਿਲਾਂ ਵੀ ਪਿਆ ਸੀ, ਅਸੀਂ ਹੀ ਇਸ ਨੂੰ ਭੁੱਲ-ਭੁਲਾਅ ਗਏ ਹਾਂ।

# ਕਵਾਡ ਸੰਗਠਨ, ਚੀਨ ਦੀ ਦਾਦਾਗਿਰੀ ਬਨਾਮ ਭਾਰਤ

ਵਿਵੇਕ ਕਾਟਜੂ

ਪਿਛਲੇ ਦਿਨੀਂ ਕਈ ਦੇਸ਼ਾਂ ਦੀ ਯਾਤਰਾ ਦੌਰਾਨ ਸਾਰੇ ਸੇਵਾ ਮੁਕਤ ਸਫ਼ਾਰਤਕਾਰਾਂ, ਸਿਆਸੀ ਆਗੂਆਂ ਦੇ ਨਾਲ ਹੀ ਅੰਤਰਰਾਸ਼ਟਰੀ ਸਬੰਧਾਂ ਦੇ ਮਾਹਿਰਾਂ ਨਾਲ ਗੱਲਬਾਤ ਦਾ ਮੌਕਾ ਮਿਲਿਆ। ਉਨ੍ਹਾਂ ਨਾਲ ਗੱਲਬਾਤ ਤੋਂ ਬਾਅਦ ਲੱਗਾ ਕਿ ਮੌਜੂਦਾ ਦੌਰ ਵਿੱਚ ਭਾਰਤ ਦੀ ਅੰਤਰਰਾਸ਼ਟਰੀ ਸਾਖ਼ ਵਧੀ ਹੈ ਤੇ ਇਸ ਨਾਲ ਹੀ ਦੇਸ਼ ਵਿੱਚ ਮਨੁੱਖੀ ਹੱਕਾਂ ਦੀ ਸਥਿਤੀ ਨੂੰ ਲੈ ਕੇ ਵੀ ਕੁਝ ਚਿੰਤਾਵਾਂ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਚਰਚਾਵਾਂ ਵਿੱਚ ਸੁਭਾਵਿਕ ਤੌਰ ’ਤੇ ਮੈਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਇੱਕ ਜਮਹੂਰੀ ਦੇਸ਼ ਹੈ ਤੇ ਅਜੇ ਉੱਥੇ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਚੋਣ ਮੁਹਿੰਮ ਚੱਲ ਰਹੀ ਹੈ। ਜਦ ਦੇਸ਼ ਵਿੱਚ ਚੋਣ ਪ੍ਰਕਿਰਿਆ ਚੱਲ ਰਹੀ ਹੋਵੇ ਤਾਂ ਦੇਸ਼ ਨੂੰ ਲੈ ਕੇ ਵਿਦੇਸ਼ ਵਿੱਚ ਬਣ ਰਹੀਆਂ ਧਾਰਨਾਵਾਂ ਦੀ ਜਾਣਕਾਰੀ ਲੈਣਾ ਕਾਫ਼ੀ ਉਪਯੋਗੀ ਸਿੱਧ ਹੁੰਦਾ ਹੈ।

ਕਿਸੇ ਵੀ ਦੇਸ਼ ਦੇ ਵੱਕਾਰ ਨੂੰ ਮਾਪਣ ਦੇ ਦੋ ਮੁੱਖ ਮਾਪਦੰਡ ਅਹਿਮ ਮੰਨੇ ਜਾਂਦੇ ਹਨ। ਇਕ ਰਣਨੀਤਕ ਸ਼ਕਤੀ ਤੇ ਦੂਜੀ ਆਰਥਿਕ ਸ਼ਕਤੀ। ਜ਼ਰੂਰੀ ਨਹੀਂ ਕਿ ਰਣਨੀਤਕ ਤੌਰ ’ਤੇ ਤਾਕਤਵਰ ਦੇਸ਼ ਵਿਸ਼ਵ ਪੱਧਰ ’ਤੇ ਹਰਮਨਪਿਆਰਾ ਹੋਵੇ ਪਰ ਉਸ ਨੂੰ ਇੱਕ ਮਹੱਤਵਪੂਰਨ ਦੇਸ਼ ਦਾ ਵੱਕਾਰ ਜ਼ਰੂਰ ਮਿਲ ਜਾਂਦਾ ਹੈ ਜਿਸ ਨਾਲ ਕੌਮਾਂਤਰੀ ਪੱਧਰ ’ਤੇ ਉਸ ਦਾ ਮਹੱਤਵ ਵਧਦਾ ਹੈ। ਆਰਥਿਕ ਪੱਖੋਂ ਤਾਕਤਵਰ ਦੇਸ਼ ਤੋਂ ਕਮਜ਼ੋਰ ਅਰਥਚਾਰੇ ਵਾਲੇ ਦੇਸ਼ ਮਦਦ ਦੀ ਉਮੀਦ ਲਾਈ ਰੱਖਦੇ ਹਨ ਤੇ



ਅਜਿਹੇ ਦੇਸ਼ ਤੋਂ ਨੁਕਸਾਨ ਹੋਣ ਦਾ ਡਰ ਉਨ੍ਹਾਂ ਦੇ ਮਨ ’ਚ ਬਣਿਆ ਰਹਿੰਦਾ ਹੈ। ਇਹੀ ਕਾਰਨ ਹੈ ਕਿ ਸਮਕਾਲੀ ਵਿਸ਼ਵ ਵਿੱਚ ਰਣਨੀਤਕ ਅਤੇ ਆਰਥਿਕਤਾ ਦੇ ਨਾਲ-ਨਾਲ ਵਿਗਿਆਨ, ਤਕਨੀਕ ਤੇ ਨਵੀਨਤਾ ਦੇ ਦਮ ’ਤੇ ਅਮਰੀਕਾ ਸਭ ਤੋਂ ਵੱਡੀ ਮਹਾਸ਼ਕਤੀ ਗਿਣਿਆ ਜਾਂਦਾ ਹੈ।

ਚੀਨ ਵੀ ਉਸੇ ਰਾਹ ’ਤੇ ਹੈ। ਭਾਰਤ ਨੇ ਵੀ ਫ਼ੌਜੀ ਅਤੇ ਆਰਥਿਕ ਮੋਰਚੇ ’ਤੇ ਦਹਾਕਿਆਂ ਤੋਂ ਲਗਾਤਾਰ ਤਰੱਕੀ ਕੀਤੀ ਹੈ ਜਿਸ ਵਿੱਚ ਸਾਰੀਆਂ ਸਰਕਾਰਾਂ ਦਾ ਯੋਗਦਾਨ ਰਿਹਾ ਹੈ।

ਪਿਛਲੇ ਇੱਕ ਦਹਾਕੇ ਵਿੱਚ ਮੋਦੀ ਸਰਕਾਰ ਵੀ ਉਸੇ ਦਿਸ਼ਾ ਵਿੱਚ ਸਰਗਰਮ ਰਹੀ ਹੈ। ਬੀਤੇ ਇੱਕ ਦਹਾਕੇ ਦੌਰਾਨ ਵਿਸ਼ਵ ਪੱਧਰੀ ਹਾਲਾਤ ਵਿੱਚ ਬਹੁਤ ਤਬਦੀਲੀ ਆਈ ਹੈ। ਇਸ ਦੌਰਾਨ ਚੀਨ ਦੀ ਰਫ਼ਤਾਰ ਤੇ ਭਾਰਤ ਪ੍ਰਤੀ ਉਸ ਦੀ ਟੇਢੀ ਨਜ਼ਰ ਦੇਖਣ ਨੂੰ ਮਿਲੀ। ਗਲਵਾਨ ਵਿੱਚ ਮਿਲੀ ਚੀਨੀ ਚੁਣੌਤੀ ਤੋਂ ਬਾਅਦ ਭਾਰਤ ਸਰਕਾਰ ਨੂੰ ਉਸ ਨਾਲ ਨਜਿੱਠਣ ਦਾ ਰਾਹ ਲੱਭਣਾ ਪੈਣਾ ਸੀ। ਆਤਮ ਨਿਰਭਰ ਭਾਰਤ ਨਾਲ ਜੁੜਿਆ ਨਾਅਰਾ ਸਮੇਂ ਦੇ ਮੁਤਾਬਕ ਹੀ ਸੀ।

ਵਿਦੇਸ਼ੀ ਨਿਵੇਸ਼ ਨੂੰ ਖਿੱਚਣ ਨਾਲ ਹੀ ਭਾਰਤ ਨੂੰ ਆਪਣੇ-ਆਪ ਨੂੰ ਨਿਰਮਾਣ ਦਾ ਵਿਸ਼ਵ ਪੱਧਰੀ ਕੇਂਦਰ ਵੀ ਬਣਾਉਣਾ ਪਵੇਗਾ। ਇਸੇ ਸਮੇਂ ਭਾਰਤ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣਿਆ ਤੇ ਤੇਜ਼ੀ ਨਾਲ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਵੱਲ ਵਧ ਰਿਹਾ ਹੈ। ਇਸ ਦਾ ਸਿਹਰਾ ਕੇਂਦਰ ਸਰਕਾਰ ਦੀ ਆਰਥਿਕ ਮੈਨੇਜਮੈਂਟ ਨੂੰ ਦੇਣਾ ਪਵੇਗਾ। ਅੱਜ ਭਾਰਤ ਜਿਸ ਸਥਿਤੀ ਵਿੱਚ ਪੁੱਜਾ ਹੈ ਉਸ ਲਈ ਸਾਬਕਾ ਪ੍ਰਧਾਨ ਮੰਤਰੀ ਪੀਵੀ ਨਰਸਿਮ੍ਹਾ ਰਾਓ ਤੇ ਉਨ੍ਹਾਂ ਦੀ ਸਰਕਾਰ ਵਿੱਚ ਵਿੱਤ ਮੰਤਰੀ ਅਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ ਮਨਮੋਹਨ ਸਿੰਘ ਦੇ ਯੋਗਦਾਨ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਰਾਓ ਦੇ ਦੌਰ ਵਿੱਚ ਆਰਥਿਕ ਉਦਾਰੀਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ। ਹੁਣ ਸਮਾਜਵਾਦ ਚਾਹੇ ਹੀ ਗ਼ਲਤ ਸਮਝਿਆ ਜਾਣ ਵਾਲਾ ਸ਼ਬਦ ਹੋਵੇ ਪਰ ਆਜ਼ਾਦੀ ਤੋਂ ਤੁਰੰਤ ਬਾਅਦ ਜਦ ਭਾਰਤ ਨੂੰ ਜਗੀਰਦਾਰੀ ਤੇ ਆਰਥਿਕ ਖੜੋਤ ਦੀ ਸਥਿਤੀ ’ਚੋਂ ਕੱਢ ਕੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਅਤੇ ਦੇਸ਼ ਨੂੰ ਆਰਥਿਕ ਤਰੱਕੀ ਦੇ ਰਾਹ ’ਤੇ ਵਧਾਉਣ ਵਰਗੇ ਟੀਚੇ ਸਾਹਮਣੇ ਸਨ, ਉਦੋਂ ਅਜਿਹੀ ਸਥਿਤੀ ਵਿੱਚ ਭਾਰਤ ਸਰਕਾਰ ਦੀ ਭੂਮਿਕਾ ਮਹੱਤਵਪੂਰਨ ਸੀ। ਇਸ ਤਰ੍ਹਾਂ ਉਸ ਸਮੇਂ ਸਮਾਜਵਾਦ ਗ਼ਲਤ ਨਹੀਂ ਸੀ।

ਮੌਜੂਦਾ ਨਜ਼ਰੀਏ ਨਾਲ ਅਤੀਤ ਨੂੰ ਦੇਖਣਾ ਠੀਕ ਨਹੀਂ ਹੈ। ਇਹ ਵੀ ਘੱਟ ਮਹੱਤਵਪੂਰਨ ਨਹੀਂ ਹੈ ਕਿ ਪ੍ਰਧਾਨ ਮੰਤਰੀ ਨਹਿਰੂ ਦਾ ਜ਼ੋਰ ਵਿਗਿਆਨਕ ਨਜ਼ਰੀਆ ਵਿਕਸਤ ਕਰਨ ’ਤੇ ਵੱਧ ਸੀ। ਦੇਸ਼ ਨੂੰ ਗਿਆਨ ਦੀ ਮਹਾਸ਼ਕਤੀ ਬਣਾਉਣ ਦੀ ਨਹਿਰੂ ਦੀ ਨੀਤੀ ਅੱਜ ਵੀ ਮਹੱਤਵਪੂਰਨ ਬਣੀ ਹੋਈ ਹੈ। ਹਕੀਕਤ ਇਹ ਹੈ ਕਿ ਸ਼ਕਤੀ ਸਥਾਪਨਾ ਨਾਲ ਭਾਰਤ ਦੀ ਸਮਰੱਥਾ ਵਧੀ ਹੈ।

ਭਾਰਤੀ ਨੇਵੀ ਹੁਣ ਬਹੁਤ ਤਾਕਤਵਰ ਹੋ ਗਈ ਹੈ ਜੋ ਹਿੰਦ ਮਹਾਸਾਗਰ ਖੇਤਰ ਵਿਚ ਆਪਣਾ ਅਸਰ ਅਤੇ ਮੌਜੂਦਗੀ ਦਿਖਾ ਰਹੀ ਹੈ। ਉਹ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸਕਾਰਾਤਮਕ ਭੂਮਿਕਾ ਨਿਭਾਉਣ ਦੀ ਸਮਰੱਥਾ ਹਾਸਲ ਕਰ ਰਹੀ ਹੈ। ਇਸ ਲੜੀ ਵਿੱਚ ਭਾਰਤ, ਅਮਰੀਕਾ, ਜਾਪਾਨ ਤੇ ਆਸਟ੍ਰੇਲੀਆ ਵਰਗੇ ਜਮਹੂਰੀ ਦੇਸ਼ਾਂ ਵੱਲੋਂ ਗਠਿਤ ਕਵਾਡ ਸੰਗਠਨ ਦਾ ਇਹੀ ਸੰਕੇਤ ਹੈ ਕਿ ਉਹ ਇਸ ਖੇਤਰ ਵਿੱਚ ਚੀਨ ਦੀ ਦਾਦਾਗਿਰੀ ਅਤੇ ਮਨਮਰਜ਼ੀ ਨਹੀਂ ਚੱਲਣ ਦੇਵੇਗਾ। ਭਾਰਤ ਨਿਯਮ ਆਧਾਰਤ ਵਿਸ਼ਵ ਪੱਧਰੀ ਢਾਂਚੇ ਦਾ ਸਮਰਥਕ ਹੈ। ਇਸ ਵਿੱਚ ਮੁਕਤ ਸਮੁੰਦਰੀ ਆਵਾਜਾਈ ਯਕੀਨੀ ਬਣਾਉਣਾ ਵੀ ਸ਼ਾਮਲ ਹੈ ਜੋ ਭਾਰਤ ਦੇ ਹਿੱਤਾਂ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਹ ਨਾ ਸਿਰਫ਼ ਇੱਕ ਵਪਾਰਕ ਦੇਸ਼ ਹੈ ਬਲਕਿ ਆਪਣੀਆਂ ਊਰਜਾ ਜ਼ਰੂਰਤਾਂ ਲਈ ਦਰਾਮਦ ਹੋਣ ਵਾਲੇ ਸਾਧਨਾਂ ’ਤੇ ਨਿਰਭਰ ਵੀ ਹੈ। ਦੇਸ਼ ਨੂੰ ਰਣਨੀਤਕ ਰੂਪ ਨਾਲ ਤਾਕਤਵਰ ਬਣਾਉਣ ਵਿਚ ਵੀ ਸਾਰੀਆਂ ਸਰਕਾਰਾਂ ਨੇ ਆਪੋ-ਆਪਣੀ ਭੂਮਿਕਾ ਨਿਭਾਈ ਹੈ।

ਚੋਣਾਂ ਦੇ ਦੌਰ ਵਿੱਚ ਕਿਸੇ ਇੱਕ ਸਰਕਾਰ ਨੂੰ ਇਸ ਦਾ ਸਿਹਰਾ ਨਹੀਂ ਦਿੱਤਾ ਜਾ ਸਕਦਾ। ਹਾਲਾਂਕਿ ਇਹ ਵੱਖ-ਵੱਖ ਸਿਆਸੀ ਪਾਰਟੀਆਂ ’ਤੇ ਨਿਰਭਰ ਹੈ ਕਿ ਉਹ ਭਾਰਤ ਦੀਆਂ ਰਣਨੀਤਕ ਤਿਆਰੀਆਂ ਨੂੰ ਲੈ ਕੇ ਆਪਣੀ ਭੂਮਿਕਾ ਕਿਸ ਤਰ੍ਹਾਂ ਰੇਖਾਂਕਿਤ ਕਰਦੀਆਂ ਹਨ। ਸਾਫਟ ਪਾਵਰ ਭਾਵ ਸੱਭਿਆਚਾਰਕ ਸ਼ਕਤੀ ਕਿਸੇ ਦੇਸ਼ ਦੇ ਵੱਕਾਰ ਨਾਲ ਜੁੜਿਆ ਤੀਜਾ ਤੱਤ ਹੈ। ਭਾਰਤ ਦੀ ਮੌਜੂਦਾ ਸਰਕਾਰ ਭਾਰਤ ਦੀ ਸਾਫਟ ਪਾਵਰ ਨੂੰ ਵਧਾਉਣ ’ਤੇ ਖ਼ਾਸ ਮਹੱਤਵ ਦਿੰਦੀ ਹੈ। ਸਰਕਾਰ ਦਾ ਦਾਅਵਾ ਹੈ ਕਿ ਉਸ ਨੇ ਦੇਸ਼ ਦੀ ਸਾਫਟ ਪਾਵਰ ਵਧਾਉਣ ਲਈ ਕਈ ਫ਼ੈਸਲਾਕੁਨ ਕਦਮ ਚੁੱਕੇ ਹਨ।

(ਬਾਕੀ ਸਫ਼ਾ 31 ’ਤੇ)



# ਹਾੜ੍ਹ ਦਾ ਮਹੀਨਾ
## ਵਗੇ ਤੱਤੀ ਤੱਤੀ ਲੋਅ




ਹਾੜ੍ਹ ਮਹੀਨੇ ਨੂੰ ਅਸਾੜ, ਅਖਾੜ ਅਤੇ ਅਹਾੜ ਵੀ ਕਿਹਾ ਜਾਂਦਾ ਹੈ। ਹਾੜ੍ਹ ਮਹੀਨਾ ਨਾਨਕਸ਼ਾਹੀ ਕੈਲੰਡਰ ਅਨੁਸਾਰ ਚੌਥਾ ਮਹੀਨਾ ਹੁੰਦਾ ਹੈ। ਹਾੜ੍ਹ ਮਹੀਨਾ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਦੇ ਜੂਨ ਅਤੇ ਜੁਲਾਈ ਮਹੀਨਿਆਂ ਦੇ ਵਿਚਾਲੇ ਆਉਂਦਾ ਹੈ। ਹਾੜ੍ਹ ਮਹੀਨੇ ਵਗਦੀਆਂ ਗਰਮ ਲੂਆਂ ਬਨਸਪਤੀ ਝੁਲਸਾ ਦਿੰਦੀਆਂ ਹਨ, ਉਥੇ ਧਰਤੀ ਵੀ ਤ੍ਰਿਹਾਈ ਲੱਗਦੀ ਹੈ।

ਹਾੜ੍ਹ ਮਹੀਨੇ ਸਮੁੰਦਰ ਵਿੱਚ ਆਏ ਜਵਾਰਭਾਟੇ ਕਾਰਨ, ਚੱਕਰਵਾਤ ਬਣਕੇ ਸਮੁੰਦਰ ਵਿਚੋਂ ਉਠਦੀਆਂ ਨਮਕੀਣ ਤੇ ਸਿੱਲੀਆਂ ਸਮੁੰਦਰੀ ਹਵਾਵਾਂ ਕਾਰਨ ਪੈਦਾ ਹੋਈ ਨਮੀ ਦੌਰਾਨ ਭਾਰਤ ਦੇ ਕੇਰਲ ਵਰਗੇ ਸੂਬਿਆਂ ਦੇ ਸਮੁੰਦਰੀ ਕਿਨਾਰਿਆਂ 'ਤੇ ਮਾਨਸੂਨ ਦਸਤਕ ਦੇ ਦਿੰਦੀ ਹੈ, ਜੋ ਕਿ ਆਪਣਾ ਲੰਬਾ ਸਫਰ ਤੈਅ ਕਰਦੀ ਹੋਈ ਸਾਵਣ ਮਹੀਨੇ ਪੰਜਾਬ ਸਮੇਤ ਉਤਰੀ ਭਾਰਤ ਵਿੱਚ ਆ ਕੇ ਦਸਤਕ ਦਿੰਦੀ ਹੈ। ਕਈ ਵਾਰ ਮਾਨਸੂਨ ਸਮੇਂ ਤੋਂ ਪਹਿਲਾਂ ਵੀ ਆ ਜਾਂਦੀ ਹੈ, ਜਿਸ ਕਾਰਨ ਅਕਸਰ ਹਾੜ੍ਹ ਮਹੀਨੇ ਵੀ ਪੰਜਾਬ ਸਮੇਤ ਉਤਰੀ ਭਾਰਤ ਵਿੱਚ ਬਰਸਾਤ ਪੈ ਜਾਂਦੀ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਇਥੋਂ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਿਤ ਧੰਦੇ ਹਨ। ਹਾੜ੍ਹ ਮਹੀਨਾ ਕਿਸਾਨੀ ਵਿੱਚ ਵੀ ਵਿਸ਼ੇਸ਼ ਮਹੱਤਵ ਰਖਦਾ ਹੈ। ਹਾੜ੍ਹ ਮਹੀਨੇ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਵੇਚ ਵੱਟ ਚੁੱਕੇ ਹੁੰਦੇ ਹਨ ਅਤੇ ਹਾੜ੍ਹੀ ਦੀ ਫਸਲ ਦੀ ਕਮਾਈ ਉਹਨਾਂ ਦੇ ਬੋਝੇ ਵਿੱਚ ਹੁੰਦੀ ਹੈ। ਇਸਦੇ ਨਾਲ ਹੀ ਕਿਸਾਨਾਂ ਵਲੋਂ ਸਾਉਣੀ ਦੀ ਫਸਲ ਦੀ ਬਿਜਾਈ ਹਾੜ੍ਹ ਮਹੀਨੇ ਸ਼ੁਰੂ ਕੀਤੀ ਜਾਂਦੀ ਹੈ। ਹਾੜ੍ਹ ਮਹੀਨੇ ਕਿਸਾਨ ਖੇਤਾਂ ਵਿੱਚ ਹਲ ਜਾਂ ਟਰੈਕਟਰ ਚਲਾ ਕੇ ਸਾਉਣੀ ਦੀ ਫਸਲ ਬੀਜਣ ਲਈ ਖੇਤਾਂ ਨੂੰ ਤਿਆਰ ਕਰਦੇ ਹਨ। ਹਾੜ੍ਹ ਮਹੀਨੇ ਕਿਸਾਨਾਂ ਦੇ ਰੁਝੇਵੇਂ ਕਾਫੀ ਵਧੇ ਹੁੰਦੇ ਹਨ, ਉਹ ਦਿਨ ਰਾਤ ਖੇਤਾਂ ਵਿੱਚ ਸਾਉਣੀ ਦੀ ਫਸਲ ਦੀ ਬਿਜਾਈ ਲਈ ਕੰਮ ਧੰਦੇ ਲੱਗੇ ਰਹਿੰਦੇ ਹਨ।

ਸ਼ਹਿਰਾਂ ਵਿੱਚ ਖੇਤੀਬਾੜੀ ਧੰਦੇ ਨਾਲ ਸਬੰਧਿਤ ਕੰਮ ਧੰਦਿਆਂ ਵਾਲੀਆਂ ਵਰਕਸ਼ਾਪਾਂ, ਖਾਦਾਂ ਤੇ ਕੀਤੇਮਾਰ ਦਵਾਈਆਂ ਦੀਆਂ ਦੁਕਾਨਾਂ, ਬੀਜਾਂ ਤੇ ਸਪਰੇਅ ਵਾਲੀਆਂ ਦੁਕਾਨਾਂ ਅਤੇ ਹੋਰ ਦੁਕਾਨਾਂ ਤੇ ਵੀ ਰੌਣਕਾਂ ਦਿਖਾਈ ਦਿੰਦੀਆਂ ਹਨ, ਕਿਉਂਕਿ ਸਾਉਣੀ ਦੀ ਫਸਲ ਦੀ ਬਿਜਾਈ ਲਈ ਕਿਸਾਨਾਂ ਨੂੰ ਇਹਨਾਂ ਦੁਕਾਨਾਂ ਤੋਂ ਖੇਤੀ ਨਾਲ ਸਬੰਧਿਤ ਸਮਾਨ ਲੈਣਾ ਪੈਂਦਾ ਹੈ ਅਤੇ ਵਰਕਸ਼ਾਪਾਂ ਦੇ ਮਿਸਤਰੀਆਂ ਤੋਂ ਆਪਣੇ ਟ੍ਰੈਕਟਰਾਂ ਤੇ ਹੋਰ ਖੇਤੀ ਸੰਦਾਂ ਦੀ ਸਰਵਿਸ ਅਤੇ ਰਿਪੇਅਰ ਕਰਵਾਉਣੀ ਪੈਂਦੀ ਹੈ। ਇਸ ਤੋਂ ਇਲਾਵਾ ਆੜਤੀਆਂ ਦੀਆਂ ਦੁਕਾਨਾਂ 'ਤੇ ਵੀ ਕਿਸਾਨਾਂ ਦੀ ਆਉਣੀ ਜਾਣੀ ਕਾਫੀ ਰਹਿੰਦੀ ਹੈ,ਕਿਉਂਕਿ ਹਰ ਕੰਮ ਪੈਸੇ ਨਾਲ ਹੁੰਦੇ ਹਨ ਅਤੇ ਕਿਸਾਨਾਂ ਲਈ ਆੜਤੀਏ ਅਜੇ ਵੀ ਉਨਾਂ ਦਾ ਨਿੱਜੀ ਅਤੇ ਭਰੋਸੇਯੋਗ ਬੈਂਕ ਹਨ।





ਦੂਜੇ ਪਾਸੇ ਹਾੜ੍ਹ ਮਹੀਨੇ ਸ਼ਹਿਰਾਂ ਦੀਆਂ ਵੱਖ ਵੱਖ ਧੰਦਿਆਂ ਨਾਲ ਸਬੰਧਿਤ ਵੱਡੀ ਗਿਣਤੀ ਦੁਕਾਨਾਂ 'ਤੇ ਦੁਪਹਿਰ ਸਮੇਂ ਵਿਰਾਨੀ ਛਾਈ ਰਹਿੰਦੀ ਹੈ, ਕਿਉਂਕਿ ਦੁਪਹਿਰ ਸਮੇਂ ਤੇਜ਼ ਧੁੱਪ ਅਤੇ ਚਲਦੀਆਂ ਗਰਮ ਲੂਆਂ ਕਾਰਨ ਲੋਕ ਖਰੀਦਦਾਰੀ ਕਰਨ ਲਈ ਘਰਾਂ ਤੋਂ ਬਾਹਰ ਨਹੀਂ ਨਿਕਲਦੇ, ਇਸ ਲਈ ਅਕਸਰ ਅਨੇਕਾਂ ਦੁਕਾਨਦਾਰ ਹਾੜ ਮਹੀਨੇ ਦੌਰਾਨ ਦੁਪਹਿਰ ਸਮੇਂ ਜਾਂ ਤਾਂ ਸੁਸਤਾਉਂਦੇ ਮਿਲਦੇ ਹਨ, ਜਾਂ ਆਪਸ ਵਿਚ ਮਿਲ ਕੇ ਤਾਸ਼ ਜਾਂ ਕੁਝ ਹੋਰ ਖੇਡਦੇ ਹਨ ਜਾਂ ਫਿਰ ਮੋਬਾਇਲ ਜਾਂ ਟੀ ਵੀ ਵੇਖ ਕੇ ਸਮਾਂ ਬਤੀਤ ਕਰਦੇ ਹੋਏ ਗਾਹਕਾਂ ਦੀ ਉਡੀਕ ਕਰਦੇ ਹਨ।



ਹਾੜ੍ਹ ਮਹੀਨੇ ਸੂਰਜ ਦੀ ਤੇਜ਼ ਧੁੱਪ ਅੱਗ ਵਰਾਉਂਦੀ ਲੱਗਦੀ ਹੈ, ਹਰ ਪਾਸੇ ਚੱਲ ਰਹੀਆਂ ਗਰਮ ਲੂਆਂ ਕਾਰਨ ਆਮ ਲੋਕਾਂ ਲਈ ਘਰਾਂ ਤੋਂ ਬਾਹਰ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ, ਇਸ ਲਈ ਸਿਰਫ ਜਰੂਰੀ ਕੰਮ ਧੰਦੇ ਲਈ ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲਦੇ ਹਨ। ਦੁਪਹਿਰ ਵੇਲੇ ਘੁੱਗ ਵਸਦੇ ਸ਼ਹਿਰਾਂ ਦੀਆਂ ਸੜਕਾਂ 'ਤੇ ਵੀ ਸੁੰਨ ਸਾਂ ਛਾਈ ਹੁੰਦੀ ਹੈ, ਜਿਵੇਂ ਰੋਹੀਆਂ ਕੱਲਰਾਂ ਦਾ ਰਾਹ ਹੋਵੇ। ਢਕੀਆਂ ਓਹਲੇ ਵਸੇ ਪਿੰਡਾਂ ਵਿੱਚ ਵੀ ਹਾੜ੍ਹ ਮਹੀਨੇ ਗਰਮੀ ਆਪਣਾ ਅਸਰ ਦਿਖਾਉਂਦੀ ਹੈ। ਗਰਮ ਲੂਆਂ ਦਾ ਰਾਹ ਢਕੀਆਂ ਵੀ ਨਹੀਂ ਰੋਕ ਸਕਦੀਆਂ। ਹਾੜ੍ਹ ਮਹੀਨੇ ਤਾਂ ਪਹਾੜੀ ਇਲਾਕਿਆਂ ਵਿੱਚ ਪਹਾੜ ਵੀ ਤਪਣ ਲੱਗ ਪੈਂਦੇ ਹਨ। ਹਾੜ੍ਹ ਦੀ ਤੇਜ਼ ਧੁੱਪ ਵਿੱਚ ਮਨੁੱਖਾਂ ਦੇ ਨਾਲ- ਨਾਲ ਪਸ਼ੂ ਅਤੇ ਪੰਛੀ ਵੀ ਰੁੱਖਾਂ ਦੀ ਠੰਡੀ ਛਾਂ ਭਾਲਦੇ ਹਨ। ਹਾੜ੍ਹ ਮਹੀਨੇ ਪੈ ਰਹੀ ਤੇਜ਼ ਗਰਮੀ ਦੌਰਾਨ ਰੁੱਖਾਂ ਹੇਠ ਬੀਂਡੇ ਵੀ ਆਪਣੀ ਆਵਾਜ਼ ਵਿੱਚ ਬੋਲਦੇ ਰਹਿੰਦੇ ਹਨ , ਇਸੇ ਕਾਰਨ ਹਾੜ੍ਹ ਮਹੀਨੇ ਨੂੰ ਬੋਲਦਾ ਮਹੀਨਾ ਕਿਹਾ ਜਾਂਦਾ ਹੈ।

ਕੁਝ ਬਜ਼ੁਰਗ ਕਹਿੰਦੇ ਹਨ ਕਿ ਪੁਰਾਣੇ ਸਮੇਂ ਵਿੱਚ ਹਾੜ੍ਹ ਮਹੀਨੇ ਰੋਹੀਆਂ -ਕੱਲਰਾਂ ਵਿੱਚ ਤਿੱਖੀ ਦੁਪਹਿਰ ਸਮੇਂ ਭੂਤ ਪ੍ਰੇਤ ਵਿਚਰਦੇ ਅਤੇ ਬੋਲਦੇ ਸਨ, ਜਿਹਨਾਂ ਨੂੰ ਹਾੜ ਬੋਲਦੇ ਵੀ ਕਿਹਾ ਜਾਂਦਾ ਸੀ। ਕੁਝ ਵਿਦਵਾਨਾਂ ਅਨੁਸਾਰ ਹਾੜ੍ਹ ਮਹੀਨੇ ਵਿਚੋਂ ਜੇ ਰਾਰਾ ਹਟਾ ਦਿਤਾ ਜਾਵੇ ਤਾਂ ਹਾੜ ਬਣਦਾ ਹੈ ਜਿਸਦਾ ਅਰਥ ਇਹਨਾਂ ਵਿਦਵਾਨਾਂ ਅਨੁਸਾਰ ਭੂਤ ਜਾਂ ਪ੍ਰੇਤ ਹੁੰਦਾ ਹੈ। ਅਸਲ ਵਿੱਚ ਹਾੜ੍ਹ ਮਹੀਨੇ ਗਰਮ ਲੂਆਂ ਅਤੇ ਅੱਤ ਦੀ ਗਰਮੀ ਕਾਰਨ ਮਨੁੱਖ ਦੇ ਨਾਲ- ਨਾਲ ਹਰ ਪਸ਼ੂ ਪੰਛੀ ਵੀ ਤਿਹਾਏ ਹੁੰਦੇ ਹਨ ਇਹ ਪਸ਼ੂ ਪੰਛੀ ਪਿਆਸ ਤੋਂ ਬੇਹਾਲ ਹੋਏ ਅਕਸਰ ਆਪੋ ਆਪਣੀ ਆਵਾਜ਼ ਵਿੱਚ ਬੋਲਦੇ ਹਨ, ਇਸੇ ਤਰਾਂ ਹਾੜ੍ਹ ਮਹੀਨੇ ਵਗਦੀਆਂ ਤੇਜ਼ ਗਰਮ ਲੂਆਂ ਦੌਰਾਨ ਰੁੱਖਾਂ ਦੇ ਪੱਤੇ ਵੀ ਸਾਂ -ਸਾਂ ਦੀ ਆਵਾਜ਼ ਪੈਦਾ ਕਰਦੇ ਹਨ, ਜਿਸ ਕਰਕੇ ਹਾੜ ਮਹੀਨੇ ਨੂੰ ਬੋਲਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਹਾੜ੍ਹ ਮਹੀਨੇ ਇਕ ਪਾਸੇ ਪੂਰੀ ਬਨਸਪਤੀ ਕੁਮਲਾਅ ਜਾਂਦੀ ਹੈ ਪਰ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ 'ਤੇ ਜਵਾਨੀ ਪੈਲਾ ਪਾਉਣ ਲੱਗਦੀ ਹੈ। ਗੁਲਮੋਹਰ ਦੇ ਲਾਲ ਰੰਗੇ ਫੁੱਲਾਂ ਨੂੰ ਦੂਰੋਂ ਵੇਖ ਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਜੰਗਲ ਨੂੰ ਅੱਗ ਲੱ ਗ ਗਈ ਹੋਵੇ। ਦੂਜੇ ਪਾਸੇ ਅਮਲਤਾਸ ਦੇ ਖਿੜੇ ਹੋਏ ਪੀਲੇ ਫੁੱਲ ਹਾੜ੍ਹ ਮਹੀਨੇ ਦੀ ਤੇਜ਼ ਗਰਮੀ ਦੌਰਾਨ ਸ਼ੀਤਲਤਾ ਦਿੰਦੇ ਹਨ ਅਤੇ ਮਨੁੱਖ ਨੂੰ ਸੁਨੇਹਾ ਦਿੰਦੇ ਹਨ ਕਿ ਉਸ ਨੂੰ ਹਰ ਮੌਸਮ ਵਿੱਚ ਵੀ ਆਪਣਾ ਮਨ ਚੜ੍ਹਦੀਕਲਾ ਵਿੱਚ ਰਖਣਾ ਚਾਹੀਦਾ ਹੈ।

ਹਾੜ੍ਹ ਮਹੀਨੇ ਦੀ ਸ਼ੁਰੂਆਤ ਮੌਕੇ ਹਰ ਮਨੁੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਸਮਾਜ ਵਿੱਚ ਫੈਲੀਆਂ ਅਲਾਮਤਾਂ, ਨਸ਼ੇ ਦੇ ਕੋਹੜ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਵੇਗਾ ਅਤੇ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਲਈ ਆਪੋ ਆਪਣਾ ਯੋਗਦਾਨ ਪਾਵੇਗਾ।



# ਕੀ ਅੰਮ੍ਰਿਤਪਾਲ ਦੀ ਰਿਹਾਈ ਹੋ ਸਕੇਗੀ ? ਲੋਕਾਂ ’ਚ ਭੰਬਲਭੂਸਾ ਬਰਕਰਾਰ

## ਐਨ.ਐਸ.ਏ. ਲਗਾਉਣ ਦੇ ਮਾਮਲੇ ਵਿੱਚ ਸੁਣਵਾਈ ਜੁਲਾਈ ਮਹੀਨੇ ’ਚ

## ਰਿਹਾਈ ਦਾ ਫ਼ੈਸਲਾ ਲੈਣਾ ਪੰਜਾਬ ਤੇ ਕੇਂਦਰ ਸਰਕਾਰਾਂ ਲਈ ਮੁਸ਼ਕਿਲ

### ਸੂਬੇ ਵਿੱਚ ਦਰਜ ਹਨ ਅੰਮ੍ਰਿਤਪਾਲ ਸਿੰਘ ’ਤੇ 12 ਕੇਸ




ਅੰਮ੍ਰਿਤਪਾਲ ਸਿੰਘ ਖ਼ਾਲਸਾ, ਜੋ ਮਾਰਚ 2023 ਤੋਂ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਦੇ ਤਹਿਤ ਡਿਬਰੂਗੜ੍ਹ, ਆਸਾਮ ਦੀ ਜੇਲ੍ਹ ਵਿੱਚ ਬੰਦ ਹਨ, ਉਹ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ 4 ਜੂਨ ਨੂੰ 2024 ਦੌਰਾਨ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਨਾਲ ਹਰਾਕੇ ਜਿੱਤ ਗਏ ਹਨ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਜਿੱਤਣ ਤੋਂ ਬਾਅਦ ਪੰਜਾਬ ਦੇ ਲੋਕਾਂ ਵਿੱਚ ਇਹ ਚਰਚਾ ਚੱਲ ਰਹੀ ਹੈ ਕਿ ਉਹ ਜੇਲ੍ਹ ਵਿੱਚੋਂ ਕਦੋਂ ਬਾਹਰ ਆਉਣਗੇ ?

ਕਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਖਡੂਰ ਸਾਹਿਬ ਤੋਂ ਲੋਕ ਸਭਾ ਦੀ ਚੋਣ ਜਿੱਤਣ ਦਾ ਇਹ ਮਤਲਬ ਨਹੀਂ ਕਿ ਹੁਣ ਅੰਮ੍ਰਿਤਪਾਲ ਸਿੰਘ ਜੇਲ੍ਹ ਤੋਂ ਬਾਹਰ ਆ ਜਾਣਗੇ ਤੇ ਬਤੌਰ ਸੰਸਦ ਮੈਂਬਰ ਕੰਮ ਕਰਨਾ ਸ਼ੁਰੂ ਕਰ ਦੇਣਗੇ। ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿੱਚੋਂ ਸਿਰਫ਼ ਉਦੋਂ ਹੀ ਰਿਹਾਅ ਕੀਤਾ ਜਾ ਸਕਦਾ ਹੈ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹਮਮਸ਼ਵਰਾ ਹੋ ਕੇ ਉਸ ਦੀ ਰਿਹਾਈ ਦੀ ਸਿਫਾਰਸ਼ ਕਰੇ।

ਇਸ ਤੋਂ ਪਹਿਲਾਂ ਇਸ ਸਾਲ ਦੇ ਸ਼ੁਰੂ ਵਿੱਚ ਜਦੋਂ ਅੰਮ੍ਰਿਤਪਾਲ ਸਿੰਘ ਤੇ ਹੋਰਨਾਂ ਦੀ ਇੱਕ ਸਾਲ ਦੀ ਹਿਰਾਸਤ ਖ਼ਤਮ ਹੋ ਰਹੀ ਸੀ ਤਾਂ ਪੰਜਾਬ ਤੇ ਕੇਂਦਰ ਸਰਕਾਰ ਨੇ ਉਨ੍ਹਾਂ ਖ਼ਿਲਾਫ਼ ਮਿਲੇ ਤਾਜ਼ਾ ਸਬੂਤਾਂ ਦੇ ਆਧਾਰ ’ਤੇ ਉਨ੍ਹਾਂ ਦੀ ਹਿਰਾਸਤ ਵਿੱਚ ਇੱਕ ਸਾਲ ਦੇ ਵਾਧੇ ਦੀ ਸਿਫਾਰਸ਼ ਕੀਤੀ ਸੀ। ਇਨ੍ਹਾਂ ਸਬੂਤਾਂ ਵਿੱਚ ਉਨ੍ਹਾਂ ਦੇ ਸਮਰਥਕਾਂ, ਸਕੇ-ਸਬੰਧੀਆਂ ਅਤੇ ਇੱਥੋਂ ਤੱਕ ਕਿ ਵਕੀਲਾਂ ਵੱਲੋਂ ਪਾਈਆਂ ਗਈਆਂ ਸੋਸ਼ਲ ਮੀਡੀਆ ਪੋਸਟਾਂ ਵੀ ਸ਼ਾਮਲ ਹਨ। ਅੰਮ੍ਰਿਤਪਾਲ ਤੇ ਹੋਰਾਂ ਦੇ ਵਕੀਲ ਇਮਾਨ ਸਿੰਘ ਖੇੜਾ ਨੇ ਕਿਹਾ ਕਿ ਹੁਣ ਤੱਕ ਸਾਨੂੰ ਸੂਚਿਤ ਨਹੀਂ ਕੀਤਾ ਗਿਆ ਹੈ ਕਿ ਤਿੰਨ ਮਹੀਨੇ ਖ਼ਤਮ ਹੋਣ ’ਤੇ ਹਿਰਾਸਤ ਖ਼ਤਮ ਹੋਵੇਗੀ ਜਾਂ ਇਸ ਵਿੱਚ ਵਾਧਾ ਹੋਵੇਗਾ। ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਕੋਈ ਭੇਤ ਨਹੀਂ ਦਿੱਤਾ ਜਾ ਰਿਹਾ।

ਇਸ ਸਬੰਧੀ ਸੂਬੇ ਦੇ ਗ੍ਰਹਿ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਇਹ ਮੁੱਦੇ ਕੌਮੀ ਸੁਰੱਖਿਆ ਐਕਟ ਨਾਲ ਸਬੰਧਿਤ ਹਨ, ਇਸ ਵਾਸਤੇ ਇਨ੍ਹਾਂ ਦੇ ਵੇਰਵੇ ਸਾਂਝੇ ਨਹੀਂ ਕੀਤੇ ਜਾ ਸਕਦੇ। ਉੱਧਰ, ਐੱਸਐੱਸਪੀ ਅੰਮ੍ਰਿਤਸਰ (ਦਿਹਾਤੀ) ਨੇ ਵੀ ਇਸ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

ਐੱਨ.ਐੱਸ.ਏ. ਅਧੀਨ ਹਿਰਾਸਤ ਦੀ ਪ੍ਰਕਿਰਿਆ ਮੁਤਾਬਕ ਉਹ ਪੁਲਿਸ ਥਾਣਾ ਜਿੱਥੇ ਕੇਸ ਦਰਜ ਹੋਇਆ ਸੀ, ਜ਼ਿਲ੍ਹੇ ਦੇ ਐੱਸ.ਐੱਸ.ਪੀ. ਨੂੰ ਹਿਰਾਸਤ ਦੀ ਸਿਫਾਰਸ਼ ਕਰੇਗਾ। ਐੱਸ.ਐੱਸ.ਪੀ. ਆਪਣੀਆਂ ਟਿੱਪਣੀਆਂ ਸਣੇ ਇਹ ਸਿਫਾਰਸ਼ ਜ਼ਿਲ੍ਹਾ ਮੈਜਿਸਟਰੇਟ ਨੂੰ ਭੇਜਣਗੇ। ਜ਼ਿਲ੍ਹਾ ਮੈਜਿਸਟਰੇਟ ਦੀ ਮਨਜ਼ੂਰੀ ਤੋਂ ਬਾਅਦ ਅੱਗੇ ਸੂਬੇ ਦੇ ਗ੍ਰਹਿ ਸਕੱਤਰ ਇਸ ਸਿਫਾਰਸ਼ ਨੂੰ ਲੋੜੀਂਦੀ ਕਾਰਵਾਈ ਲਈ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭੇਜਣਗੇ। ਉਸ ਤੋਂ ਬਾਅਦ ਇਹ ਆਖ਼ਰੀ ਸਿਫਾਰਸ਼ ਵਾਸਤੇ ਹਾਈ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਾਲੇ ਸਲਾਹਕਾਰ ਬੋਰਡ ਕੋਲ ਜਾਵੇਗੀ।

ਇਹ ਸਵਾਲ ਵੀ ਉੱਠ ਰਹੇ ਹਨ ਕਿ ਜੇ ਅੰਮ੍ਰਿਤਪਾਲ ਸਿੰਘ ਜੇਲ੍ਹ ਵਿੱਚ ਹੈ ਤਾਂ ਉਹ ਸੰਸਦ ਮੈਂਬਰ ਵਜੋਂ ਸਹੁੰ ਕਿਵੇਂ ਚੁੱਕੇਗਾ। ਇਸ ਸਭ ਤੋਂ ਇਲਾਵਾ, ਜੇ ਅੰਮ੍ਰਿਤਪਾਲ ਸਿੰਘ ਐੱਨ.ਐੱਸ.ਏ. ਦੇ ਮਾਮਲੇ ਵਿੱਚ ਰਿਹਾਅ ਵੀ ਹੋ ਜਾਂਦਾ ਹੈ ਤਾਂ ਉਸ ਨੂੰ ਸੂਬੇ ਵਿੱਚ ਦਰਜ ਉਨ੍ਹਾਂ 12 ਕੇਸਾਂ ਵਿੱਚ ਮੁੜ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿੱਚ ਉਸ ਨੂੰ ਹੁਣ ਤੱਕ ਰਸਮੀ ਤੌਰ ’ਤੇ ਕਦੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਇਨ੍ਹਾਂ ਵਿੱਚ ਅਜਨਾਲਾ ਪੁਲਿਸ ਥਾਣੇ ’ਤੇ ਹਮਲਾ ਕਰਨ, ਬਿਨਾਂ ਲਾਇਸੈਂਸ ਤੋਂ ਹਥਿਆਰ ਲੈ ਕੇ ਚੱਲਣ ਅਤੇ ਹੋਰਨਾਂ ਵਿੱਚ ਹਿੰਸਾ ਤੇ ਦੇਸ਼ਧ੍ਰੋਹ ਭੜਕਾਉਣ ਦੇ ਦੋਸ਼ ਹੇਠ ਦਰਜ ਕੇਸ ਸ਼ਾਮਲ ਹਨ।

ਖ਼ਾਲਿਸਤਾਨੀ ਆਗੂ ਅੰਮ੍ਰਿਤਪਾਲ ਸਿੰਘ ਦੀ ਨਿਆਂਇਕ ਹਿਰਾਸਤ ਦੀ ਮਿਆਦ ਆਗਾਮੀ 23 ਜੁਲਾਈ ਤੱਕ ਹੈ ਪਰ ਦੋਵੇਂ ਸਰਕਾਰਾਂ ਨੂੰ ਮਿਲ ਕੇ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿੱਚ ਉਸ ਦੀ ਹਿਰਾਸਤ ਬਾਰੇ ਫੈਸਲਾ ਲੈਣਾ ਹੋਵੇਗਾ। ਅਜਿਹਾ ਇਸ ਲਈ ਹੈ ਕਿਉਂਕਿ ਅੰਮ੍ਰਿਤਪਾਲ ਦੇ 10 ਸਹਿਯੋਗੀ, ਜਿਨ੍ਹਾਂ ਨੂੰ ਉਸ ਦੇ ਨਾਲ ਹੀ ਐੱਨ.ਐੱਸ.ਏ. ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ, ਦੀ ਨਿਆਂਇਕ ਹਿਰਾਸਤ ਦੀ ਮਿਆਦ 18 ਜੂਨ ਤੋਂ 26 ਜੂਨ ਤੱਕ ਹੈ। ਹਿਰਾਸਤ ਵਿੱਚ ਲਏ ਗਏ ਇਨ੍ਹਾਂ ਸਾਰਿਆਂ ਦੀ ਹਿਰਾਸਤ ਵਧਾਉਣ ਜਾਂ ਰਿਹਾਈ ਦਾ ਆਧਾਰ ਤਕਰੀਬਨ ਇੱਕੋ ਵਰਗਾ ਹੋਵੇਗਾ। ਹਿਰਾਸਤ ਦਾ ਸਮਾਂ ਐੱਨ.ਐੱਸ.ਏ. ਤਹਿਤ ਹੋਈ ਗ੍ਰਿਫ਼ਤਾਰੀ ਵਾਲੇ ਦਿਨ ਤੋਂ ਸ਼ੁਰੂ ਹੁੰਦਾ ਹੈ। ਅੰਮ੍ਰਿਤਪਾਲ ਦੇ 10 ਸਾਥੀਆਂ ਨੂੰ 18 ਮਾਰਚ ਤੋਂ 26 ਮਾਰਚ 2023 ਵਿਚਾਲੇ ਗ੍ਰਿਫ਼ਤਾਰ ਕੀਤਾ ਗਿਆ ਸੀ ਜਦਕਿ ਅੰਮ੍ਰਿਤਪਾਲ ਸਿੰਘ ਨੂੰ 23 ਅਪਰੈਲ 2023 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਐੱਨ.ਐੱਸ.ਏ. ਤਹਿਤ ਇੱਕ ਵਿਅਕਤੀ ਨੂੰ 12 ਮਹੀਨਿਆਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਦੇ ਮਾਮਲੇ ਦੀ ਹਰੇਕ ਤਿੰਨ ਮਹੀਨੇ ਬਾਅਦ ਸਮੀਖਿਆ ਕਰਨੀ ਹੁੰਦੀ ਹੈ। ਅੰਮ੍ਰਿਤਪਾਲ ਦਾ ਇਹ ਤਿੰਨ ਮਹੀਨਿਆਂ ਦਾ ਸਮਾਂ ਆਗਾਮੀ 24 ਜੁਲਾਈ ਨੂੰ ਪੂਰਾ ਹੋ ਰਿਹਾ ਹੈ ਜਦਕਿ ਹੋਰਨਾਂ ਦਾ ਇਹ ਸਮਾਂ 18 ਜੂਨ ਤੋਂ 26 ਜੂਨ ਵਿਚਾਲੇ ਖ਼ਤਮ ਹੋ ਰਿਹਾ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲ ਤੇ ਸਾਬਕਾ ਮੈਂਬਰ ਪਾਰਲੀਮੈਂਟ ਰਾਜਦੇਵ ਸਿੰਘ ਖ਼ਾਲਸਾ ਨੇ ਅੰਮ੍ਰਿਤਪਾਲ ਸਿੰਘ ’ਤੇ ਲੱਗੇ ਐੱਨ.ਐੱਸ.ਏ. ਤੇ ਜੇਲ੍ਹ ਤੋਂ ਬਾਹਰ ਆਉਣ ਸਬੰਧੀ ਕਿਹਾ ਕਿ ਸੁਪਰੀਮ ਕੋਰਟ ਨੇ ਅਨੇਕਾਂ ਕੇਸਾਂ ਵਿੱਚ ਕਿਹਾ ਹੈ ਕਿ ਜਨਤਾ ਹੀ ਹਕੂਮਤ ਕਰਨ ਵਾਲੀ ਹੁੰਦੀ ਹੈ। ਲੋਕ ਰਾਜ ਦਾ ਇਹ ਮੁੱਢਲਾ ਤੇ ਬੁਨਿਆਦੀ ਅਸੂਲ ਹੈ ਕਿ ਜੋ ਜਨਤਾ ਦਾ ਫ਼ਤਵਾ ਹੁੰਦਾ ਹੈ, ਉਹ ਸਾਰਿਆਂ ਨੂੰ ਮਨਜ਼ੂਰ ਕਰਨਾ ਪੈਂਦਾ ਹੈ। ਇਸ ਲਈ ਜਨਤਾ ਨੇ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਇੰਨਾ ਵੱਡਾ ਫ਼ਤਵਾ ਦੇ ਦਿੱਤਾ ਹੈ ਤਾਂ ਮੇਰੇ ਖ਼ਿਆਲ ਵਿੱਚ ਕਾਨੂੰਨੀ ਪ੍ਰਕਿਰਿਆ ਦੀ ਇਸ ਵਿੱਚ ਕੋਈ ਲੋੜ ਨਹੀਂ ਪੈਣੀ ਜਿਸ ਕਰਕੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਲੋਕਾਂ ਦਾ ਇਹ ਵੱਡਾ ਫ਼ਤਵਾ ਮੰਨਣਾ ਹੀ ਪਵੇਗਾ ਤੇ ਉਨ੍ਹਾਂ ਨੂੰ ਜੇਲ੍ਹ ’ਚੋਂ ਰਿਹਾਅ ਕਰਨਾ ਹੀ ਪਵੇਗਾ।

ਇਸ ਮਾਮਲੇ ਵਿੱਚ ਵਕੀਲ ਆਰ. ਐਸ. ਬੈਂਸ. ਦਾ ਕਹਿਣਾ ਹੈ ਕਿ ਖਡੂਰ ਸਾਹਿਬ ਦੇ ਲੋਕਾਂ ਨੇ ਅੰਮ੍ਰਿਤਪਾਲ ਸਿੰਘ ਨੂੰ ਚੁਣਕੇ ਸੰਸਦ ਵਿੱਚ ਭੇਜਿਆ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਜੋ ਫੈਸਲਾ ਆਇਆ ਹੈ, ਉਸ ਦੇ ਸਤਿਕਾਰ ਤਹਿਤ ਉਨ੍ਹਾਂ ਦੇ ਖ਼ਿਲਾਫ਼ ਜੋ ਐਨ.ਐਸ.ਏ. ਲਗਾਇਆ ਗਿਆ ਹੈ, ਉਸ ਨੂੰ ਵਾਪਿਸ ਲੈ ਕੇ ਜੇਲ੍ਹ ਵਿਚੋਂ ਬਾਹਰ ਲਿਆਂਦਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ’ਤੇ ਵੀ ਐਨ.ਐਸ.ਏ. ਲਗਾਇਆ ਗਿਆ ਸੀ। ਜੇਲ੍ਹ ਵਿੱਚ ਰਹਿੰਦੇ ਹੋਏ ਉਨ੍ਹਾਂ ਨੇ ਚੋਣ ਲੜੀ ਸੀ ਅਤੇ ਚੋਣਾਂ ਜਿੱਤਦਿਆਂ ਹੀ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਭੇਜ ਦਿੱਤਾ ਗਿਆ ਸੀ।

ਬੈਂਸ ਨੇ ਦਸਿਆ ਕਿ ਇਸ ਦੀ ਸਭ ਤੋਂ ਵੱਡੀ ਮਿਸਾਲ ਜਾਰਜ ਫਰਨਾਂਡੀਜ਼ ਦੀ ਹੈ, ਜਿਨ੍ਹਾਂ ਦੇ ਖ਼ਿਲਾਫ਼ ਦਰਜ ਕੇਸ ਨੂੰ ਵੀ ਸਰਕਾਰ ਨੇ ਵਾਪਿਸ ਲੈ ਲਿਆ ਸੀ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਅੰਮ੍ਰਿਤਪਾਲ ਸਿੰਘ ’ਤੇ ਲਗਾਇਆ ਗਿਆ ਐਨ.ਐਸ.ਏ. ਖ਼ਤਮ ਕੀਤਾ ਜਾਵੇ ਅਤੇ ਉਹ ਆਪਣੇ ਲੋਕ ਸਭਾ ਖੇਤਰ ਵਿੱਚ ਕੰਮ ਕਰ ਸਕਣ।

ਆਰ. ਐਸ. ਬੈਂਸ ਨੇ ਕਿਹਾ ਕਿ ਕੌਮੀ ਸੁਰੱਖਿਆ ਕਾਨੂੰਨ 1980 ਵਿੱਚ ਲਿਆਂਦਾ ਗਿਆ ਸੀ। ਇਹ ਕੇਂਦਰੀ ਤੇ ਸੂਬਾਈ ਸਰਕਾਰਾਂ ਨੂੰ ਅਜਿਹੀਆਂ ਸ਼ਕਤੀਆਂ ਦਿੰਦਾ ਹੈ ਜਿਨ੍ਹਾਂ ਨਾਲ ਕਿਸੇ ਨੂੰ ਵੀ ਬਿਨਾਂ ਅਗਾਊਂ ਸੂਚਨਾ ਦੇ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ। ਇਹ ਕਾਨੂੰਨ 12 ਮਹੀਨਿਆਂ ਤੱਕ ਵਿਅਕਤੀ ਨੂੰ ਹਿਰਾਸਤ ਵਿੱਚ ਰੱਖਣ ਦੀ ਇਜਾਜ਼ਤ ਦਿੰਦਾ ਹੈ। ਐਨ.ਐਸ.ਏ. ਵਿੱਚ ਸਭ ਤੋਂ ਵੱਡੀ ਤਾਕਤ ਡਿਪਟੀ ਕਮਿਸ਼ਨਰ ਕੋਲ ਹੈ ਕਿਉਂਕਿ ਸਭ ਤੋਂ ਵੱਡੀ ਸਿਫ਼ਾਰਿਸ਼ ਉਨ੍ਹਾਂ ਵੱਲੋਂ ਕੀਤੀ ਜਾਂਦੀ ਹੈ ਅਤੇ ਉਹ ਪੰਜਾਬ ਸਰਕਾਰ ਦੇ ਅਧੀਨ ਹੈ। ਅਜਿਹੇ ਵਿੱਚ ਪੰਜਾਬ ਸਰਕਾਰ ਜਦੋਂ ਚਾਹੇ ਉਸ ਨੂੰ ਰਿਹਾਅ ਕਰ ਸਕਦੀ ਹੈ । ਜੇਕਰ ਅਦਾਲਤ ਵੱਲੋਂ ਐੱਨ.ਐੱਸ.ਏ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਾਂਦਾ ਤਾਂ ਹਾਈਕੋਰਟ ਵੀ ਇਸ ਮਾਮਲੇ ਵਿੱਚ ਕੁਝ ਹਦਾਇਤਾਂ ਜਾਰੀ ਕਰ ਸਕਦੀ ਹੈ ਪਰ ਹਾਈਕੋਰਟ ਦੀ ਪ੍ਰਕਿਰਿਆ ਬਹੁਤ ਸਲੋਅ ਹੈ। ਸਰਕਾਰ ਇਸ ਦਾ ਫਾਇਦਾ ਚੁੱਕਦੀ ਹੈ ਅਤੇ ਜਦੋਂ ਤੱਕ ਹਾਈਕੋਰਟ ਨੂੰ ਨਵੀਂ ਐੱਨ.ਐੱਸ.ਏ. ਲਗਾਇਆ ਗਿਆ ਹੈ ਅਤੇ ਇਸ ਲਈ ਪਟੀਸ਼ਨ ਦਾਇਰ ਕਰਨ ਦੀ ਕੋਈ ਲੋੜ ਪੈਂਦੀ ਹੈ।

ਭਾਰਤੀ ਸੰਵਿਧਾਨ ਦੇ ਜਾਣਕਾਰ ਮੰਨਦੇ ਹਨ ਕਿ ਸਹੁੰ ਚੁੱਕਣ ਦੇ ਲਈ ਸੰਸਦ ਵਿੱਚ ਆਉਣਾ ਹੋਵੇਗਾ ਅਤੇ ਇਹ ਉਨ੍ਹਾਂ ਕੋਲ ਕਾਨੂੰਨੀ ਅਧਿਕਾਰ ਵੀ ਹੈ। ਸਹੁੰ ਚੁੱਕਣਾ ਸੰਸਦ ਮੈਂਬਰਾਂ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਪਹਿਲਾ ਕਦਮ ਹੈ।

ਐਡੀਸ਼ਨਲ ਸਾਲਿਸਟਰ ਜਨਰਲ ਆਫ਼ ਇੰਡੀਆ ਸਤਪਾਲ ਜੈਨ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਰਹਿ ਕੇ ਲੋਕ ਸਭਾ ਦੀ ਚੋਣ ਜਿੱਤਿਆ ਵਿਅਕਤੀ ਜ਼ਿਲ੍ਹਾ ਅਧਿਕਾਰੀ ਦੀ ਆਗਿਆ ਤੋਂ ਬਾਅਦ ਸਪੀਕਰ ਵੱਲੋਂ ਤੈਅ ਕੀਤੇ ਗਏ ਸਮੇਂ ਦੇ ਮੁਤਾਬਕ ਲੋਕ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕ ਸਕਦਾ ਹੈ। ਉਨ੍ਹਾਂ ਮੁਤਾਬਕ ਇਹ ਗੱਲ ਸਪੀਕਰ ਤੈਅ ਕਰੇਗਾ ਕਿ ਸਹੁੰ ਹਾਊਸ ਵਿੱਚ ਚੁਕਵਾਉਣੀ ਹੈ ਜਾਂ ਫਿਰ ਸਪੀਕਰ ਦੇ ਚੈਂਬਰ ਵਿੱਚ। ਉਨ੍ਹਾਂ ਦੱਸਿਆ ਕਿ ਜੇਲ੍ਹ ਵਿੱਚ ਬੰਦ ਵਿਅਕਤੀ ਦੇ ਸੰਸਦ ਦਾ ਮੈਂਬਰ ਚੁਣੇ ਜਾਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸੇ ਸਾਲ ਮਾਰਚ ਮਹੀਨੇ ਵਿੱਚ, ਆਪ ਪਾਰਟੀ ਦੇ ਆਗੂ ਸੰਜੇ ਸਿੰਘ, ਜੋ ਉਸ ਸਮੇਂ ਮਨੀ ਲਾਂਡਰਿੰਗ ਦੇ ਇਲਜ਼ਾਮਾਂ ਵਿੱਚ ਤਿਹਾੜ ਵਿੱਚ ਬੰਦ ਸਨ, ਨੂੰ ਅਦਾਲਤ ਨੇ ਦੂਜੀ ਵਾਰ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਦੀ ਇਜਾਜ਼ਤ ਦਿੱਤੀ ਸੀ। ਹੇਠਲੀ ਅਦਾਲਤ ਨੇ ਜੇਲ੍ਹ ਸੁਪਰਡੈਂਟ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਸੰਜੇ ਸਿੰਘ ਨੂੰ ਲੋੜੀਂਦੀ ਸੁਰੱਖਿਆ ਦੇ ਨਾਲ ਸੰਸਦ ਵਿੱਚ ਜਾਣ ਦਿੱਤਾ ਜਾਵੇ ਅਤੇ ਸਹੁੰ ਚੁੱਕਣ ਤੋਂ ਬਾਅਦ ਉਸ ਨੂੰ ਜੇਲ੍ਹ ਵਿੱਚ ਵਾਪਸ ਲਿਆਂਦਾ ਜਾਵੇ।

ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਲੋਕ ਸਭਾ ਸਪੀਕਰ ਨੂੰ ਅੰਮ੍ਰਿਤਪਾਲ ਨੂੰ ਸੰਸਦ ਮੈਂਬਰ ਵਜੋਂ ਅਹੁਦੇ ਦੀ ਸਹੁੰ ਚੁਕਾਉਣੀ ਪਵੇਗੀ। ਜੇਕਰ ਲੋਕ ਸਭਾ ਸਪੀਕਰ ਇਸ ਲਈ ਕੋਈ ਕਦਮ ਨਹੀਂ ਚੁੱਕਦੇ ਤਾਂ ਅਸੀਂ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿੱਚ ਲੈ ਕੇ ਜਾਵਾਂਗੇ, ਕਿਉਂਕਿ ਇਹ ਉਨ੍ਹਾਂ ਦਾ ਅਧਿਕਾਰ ਹੈ। ਐਡੀਸ਼ਨਲ ਸਾਲਿਸਟਰ ਜਨਰਲ ਆਫ਼ ਇੰਡੀਆ ਸਤਪਾਲ ਜੈਨ ਆਖਦੇ ਹਨ ਕਿ ਲੋਕ ਸਭਾ ਦੇ ਕਾਨੂੰਨ ਦੇ ਮੁਤਾਬਕ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਨੂੰ ਸਪੀਕਰ ਨੂੰ ਕਾਰਨ ਦੱਸ ਕੇ ਲਿਖਤ ਵਿੱਚ ਇਹ ਜਾਣਕਾਰੀ ਦੇਣੀ ਹੁੰਦੀ ਹੈ ਕਿ ਉਹ ਸੰਸਦ ਦੀ ਕਾਰਵਾਈ ਵਿੱਚ ਸ਼ਾਮਲ ਨਹੀਂ ਹੋ ਸਕੇਗਾ।

ਇਹ ਮਹੱਤਵਪੂਰਨ ਹੈ ਕਿਉਂਕਿ ਸੰਵਿਧਾਨ ਦੀ ਧਾਰਾ 101 (4) ਵਿੱਚ ਕਿਹਾ ਗਿਆ ਹੈ ਕਿ ਜੇਕਰ ਕੋਈ ਸੰਸਦ ਮੈਂਬਰ ਬਿਨਾਂ ਇਜਾਜ਼ਤ ਸਾਰੀਆਂ ਮੀਟਿੰਗਾਂ ਤੋਂ 60 ਦਿਨਾਂ ਤੋਂ ਵੱਧ ਸਮੇਂ ਤੱਕ ਗ਼ੈਰਹਾਜ਼ਰ ਰਹਿੰਦਾ ਹੈ, ਤਾਂ ਉਸ ਦੀ ਸੀਟ ਖ਼ਾਲੀ ਘੋਸ਼ਿਤ ਕਰਨ ਦੀ ਵਿਵਸਥਾ ਹੈ।

ਇਸ ਤੋਂ ਇਲਾਵਾ ਜੇਕਰ ਕਿਸੇ ਸੰਸਦ ਮੈਂਬਰ ਉੱਤੇ ਲੱਗੇ ਇਲਜ਼ਾਮਾਂ ਤਹਿਤ ਉਸ ਨੂੰ ਦੋ ਸਾਲ ਦੀ ਸਜ਼ਾ ਹੋ ਜਾਂਦੀ ਹੈ ਤਾਂ ਇਸ ਸਥਿਤੀ ਵਿੱਚ ਉਨ੍ਹਾਂ ਦੀ ਸੰਸਦ ਦੀ ਮੈਂਬਰਸ਼ਿਪ ਵੀ ਖ਼ਤਮ ਹੋ ਜਾਵੇਗੀ।

ਦੱਸ ਦਈਏ ਕਿ ਅੰਮ੍ਰਿਤਪਾਲ ’ਤੇ 1 ਸਾਲ ਲਈ ਐਨ.ਐਸ.ਏ. ਲਗਾਇਆ ਗਿਆ ਹੈ ਪਰ ਇਸ ਦੀ ਹਰ 3 ਮਹੀਨੇ ਬਾਅਦ ਸਮੀਖਿਆ ਕੀਤੀ ਜਾਂਦੀ ਹੈ ਅਤੇ 24 ਜੁਲਾਈ ਤੱਕ ਇਸ ਦੀ ਸਮੀਖਿਆ ਕੀਤੀ ਜਾਵੇਗੀ। ਆਰ. ਐਸ. ਬੈਂਸ ਦਾ ਕਹਿਣਾ ਹੈ ਕਿ ਅਸੀਂ ਅੰਮ੍ਰਿਤਪਾਲ ’ਤੇ ਲਗਾਏ ਗਏ ਐਨ.ਐਸ.ਏ. ਨੂੰ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਹੈ, ਜੁਲਾਈ ਮਹੀਨੇ ’ਚ ਇਸ ਮਾਮਲੇ ਸਬੰਧੀ ਸੁਣਵਾਈ ਹੋ ਸਕਦੀ ਹੈ।

# ਅੰਮ੍ਰਿਤਪਾਲ ਤੇ ਸਰਬਜੀਤ ਖ਼ਾਲਸਾ ਦੀ ਜਿੱਤ ਕਾਰਨ ਗਰਮ ਖ਼ਿਆਲੀਆਂ ਉੱਪਰ ਏਜੰਸੀਆਂ ਦੀ ਨਜ਼ਰ

ਪੰਜਾਬ ਦੇ ਦੋ ਸੰਸਦੀ ਹਲਕਿਆਂ ਵਿੱਚ ਖ਼ਾਲਿਸਤਾਨ ਸਮਰਥਕਾਂ ਦੀ ਇਕਤਰਫਾ ਜਿੱਤ ਅਤੇ ਕਈ ਲੋਕ ਸਭਾ ਸੀਟਾਂ ’ਤੇ ਕੱਟੜਪੰਥੀਆਂ ਦੇ ਵਧੇ ਵੋਟ ਹਿੱਸੇ ਨੇ ਏਜੰਸੀਆਂ ਦੀ ਚਿੰਤਾ ਵਧਾ ਦਿੱਤੀ ਹੈ। ਦੋ ਸੰਸਦੀ ਹਲਕਿਆਂ ’ਚ ਅਚਾਨਕ ਆਏ ਨਤੀਜਿਆਂ ਅਤੇ 11 ਸੀਟਾਂ ’ਤੇ ਕੱਟੜਪੰਥੀਆਂ ਦੇ ਵਧੇ ਵੋਟ ਸ਼ੇਅਰ ਦੇ ਮੱਦੇਨਜ਼ਰ ਪੰਜਾਬ ਵਿੱਚ ਕੇਂਦਰੀ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ।



ਮਾਹਿਰਾਂ ਅਨੁਸਾਰ ਉਨ੍ਹਾਂ ਨੇ ਕੱਟੜਪੰਥੀ ਤਾਕਤਾਂ ਨੂੰ ਹਵਾ ਦੇਣ ਵਾਲੇ ਤੱਤਾਂ ਦੀ ਵੀ ਤਲਾਸ਼ ਸ਼ੁਰੂ ਕਰ ਦਿੱਤੀ ਗਈ ਹੈ। ਜੇਲ੍ਹ ਤੋਂ ਚੋਣ ਲੜਨ ਵਾਲੇ ਖ਼ਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਤੋਂ ਕਈ ਅਰਥ ਕੱਢੇ ਜਾ ਰਹੇ ਹਨ ਖ਼ੁਫ਼ੀਆ ਏਜੰਸੀਆਂ ਦਾ ਮੰਨਣਾ ਹੈ ਕਿ 1980 ਅਤੇ 1990 ਦੇ ਦਹਾਕੇ ਵਿੱਚ, ਪੰਜਾਬ ਖ਼ਾਲਿਸਤਾਨ ਦੀ ਮੰਗ ਲਈ ਬਗਾਵਤ ਦੇ ਦੌਰ ਵਿੱਚੋਂ ਲੰਘਿਆ। ਬੇਸ਼ੱਕ ਹੁਣ ਖ਼ਾਲਿਸਤਾਨ ਲਹਿਰ ਬਹੁਤੀ ਸਰਗਰਮ ਨਹੀਂ ਹੈ ਪਰ ਇਸ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਪੰਜਾਬ ਦੀਆਂ ਲਗਪਗ ਸਾਰੀਆਂ ਲੋਕ ਸਭਾ ਸੀਟਾਂ ’ਤੇ ਖ਼ਾਲਿਸਤਾਨ ਪੱਖੀ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰਾਂ ਨੂੰ ਕਈ ਲੋਕ ਸਭਾ ਹਲਕਿਆਂ ਵਿੱਚ ਅਹਿਮ ਵੋਟਾਂ ਮਿਲੀਆਂ ਹਨ, ਜਿਸ ਨੇ ਸੁਰੱਖਿਆ ਏਜੰਸੀਆਂ ਨੂੰ ਹੈਰਾਨ ਕਰ ਦਿੱਤਾ ਹੈ। ਕੇਂਦਰੀ ਖੁਫੀਆ ਏਜੰਸੀਆਂ ਪੰਜਾਬ ਵਿੱਚ ਗਰਮ ਖਿਆਲੀ ਗਤੀਵਿਧੀਆਂ ’ਤੇ ਖਾਸ ਨਜ਼ਰ ਰੱਖ ਰਹੀਆਂ ਹਨ।

ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਸੰਸਦੀ ਸੀਟ ਤੋਂ ਕਾਂਗਰਸ ਦੇ ਕੁਲਬੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫਰਕ ਨਾਲ ਹਰਾ ਕੇ ਪੰਜਾਬ ਦੀ ਸਭ ਤੋਂ ਵੱਡੀ ਜਿੱਤ ਦਰਜ ਕੀਤੀ ਹੈ। ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਨੇ ਆਪ ਪਾਰਟੀ ਦੇ ਕਰਮਜੀਤ ਸਿੰਘ ਅਨਮੋਲ ਨੂੰ 70,053 ਵੋਟਾਂ ਨਾਲ ਹਰਾਇਆ। ਦੋਵੇਂ ਪਹਿਲੀ ਵਾਰ ਚੋਣ ਜਿੱਤੇ ਹਨ। ਦੋਵੇਂ ਸਿੱਖ ਆਗੂ ਖ਼ਾਲਿਸਤਾਨ ਦੇ ਸਮਰਥਕ ਹਨ।

ਅੰਮ੍ਰਿਤਪਾਲ ਸਿੰਘ ਨੂੰ 4,04430 ਵੋਟਾਂ ਮਿਲੀਆਂ। ਸਰਬਜੀਤ ਸਿੰਘ ਨੇ 2 ਲੱਖ 98 ਹਜ਼ਾਰ ਵੋਟਾਂ ਹਾਸਲ ਕੀਤੀਆਂ। ਗਰਮ ਖਿਆਲੀ ਵਿਚਾਰਧਾਰਾ ਵਾਲੇ ਸਿਮਰਨਜੀਤ ਮਾਨ ਭਾਵੇਂ ਸੰਗਰੂਰ ਤੋਂ ਲੋਕ ਸਭਾ ਚੋਣ ਹਾਰ ਗਏ ਹਨ, ਪਰ ਤਿੰਨ ਦਹਾਕੇ ਪਹਿਲਾਂ ਉਨ੍ਹਾਂ ਜਾਂ ਹੋਰ ਖ਼ਾਲਿਸਤਾਨੀ ਵਿਚਾਰਧਾਰਾ ਦੇ ਸਮਰਥਕਾਂ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਦਾ ਪਰਛਾਵਾਂ ਪੰਜਾਬ ਵਿੱਚ ਇੱਕ ਵਾਰ ਫਿਰ ਦੇਖਣ ਨੂੰ ਮਿਲਿਆ ਹੈ। ਫਰੀਦਕੋਟ ਤੋਂ ਜਿੱਤੇ ਸਰਬਜੀਤ ਸਿੰਘ ਦੇ ਪਿਤਾ ਬੇਅੰਤ ਸਿੰਘ ਨੇ ਦਰਬਾਰ ਸਾਹਿਬ ’ਤੇ ਹਮਲੇ ਦੇ ਪ੍ਰਤੀਕਰਮ ਵਜੋਂ ਬਦਲਾ ਲੈਣ ਲਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸੋਧਾ ਲਾਇਆ ਸੀ।

# ਲਾਚਾਰੀ ਤੇ ਬੇਰੁਜ਼ਗਾਰੀ ਤੋਂ ਬੇਵੱਸ ਹੋ ਕੇ ਵਿਦੇਸ਼ ਵੱਲ ਵਹੀਰਾਂ ਘੱਤਣ ਦਾ ਨਾਮ ਹੈ ਪ੍ਰਵਾਸ



ਡਾ. ਗੁਰਬਖ਼ਸ਼ ਸਿੰਘ ਭੰਡਾਲ

ਸੁਫ਼ਨਾ ਆਉਂਦਾ ਹੈ। ਆਪਣੇ ਪਿਆਰੇ ਪੰਜਾਬ ਤੋਂ ਅਮਰੀਕਾ ਨੂੰ ਜਾਣ ਦੀ ਕਾਹਲ ਹੈ। ਦਿੱਲੀ ਦੇ ਏਅਰਪੋਰਟ 'ਤੇ ਇਮੀਗ੍ਰੇਸ਼ਨ ਅਧਿਕਾਰੀ ਪਾਸਪੋਰਟ ਵੱਲ ਦੇਖਦਾ ਹੈ। ਫਿਰ ਮੇਰੇ ਵੰਨੀਂ ਦੇਖਦਾ ਹੈ। ਉਹ ਪੁੱਛਦਾ ਹੈ, "ਵਿਦੇਸ਼ ਨੂੰ ਜਾ ਰਿਹਾ ਏਂ? ਕੀ ਲੈ ਕੇ ਜਾ ਰਿਹਾ ਏਂ?"

ਮੈਂ ਆਲੇ-ਦੁਆਲੇ ਦੇਖਦਾ ਹੋਇਆ ਕਹਿੰਦਾ ਹਾਂ ਕਿ ਕੁਝ ਵੀ ਗ਼ੈਰਕਾਨੂੰਨੀ ਨਹੀਂ। ਸਿਰਫ਼ ਲੋੜ ਦੀਆਂ ਵਸਤਾਂ ਹੀ ਲੈ ਕੇ ਜਾ ਰਿਹਾ ਹਾਂ ਜੋ ਲਿਜਾ ਸਕਦਾ ਹਾਂ। ਉਹ ਬਹੁਤ ਹੀ ਸੰਜੀਦਗੀ ਨਾਲ ਮੇਰੇ ਵੰਨੀਂ ਦੇਖਦਾ ਹੋਇਆ ਕਹਿੰਦਾ ਹੈ, "ਤੂੰ ਬਹੁਤ ਕੁਝ ਲੈ ਕੇ ਜਾ ਰਿਹਾ ਏਂ ਮਿੱਤਰ ਪਿਆਰੇ। ਸ਼ਾਇਦ ਤੈਨੂੰ ਪਤਾ ਨਾ ਹੋਵੇ ਜਾਂ ਕਿਆਸ ਨਾ ਹੋਵੇ। ਬਹੁਤ ਕੁਝ ਤੇਰੇ ਨਾਲ ਜਾ ਰਿਹਾ ਏ। ਇਸ ਦਾ ਸਿਰਫ਼ ਕੁਝ ਕੁ ਲੋਕਾਂ ਨੂੰ ਹੀ ਅਹਿਸਾਸ ਏ ਜੋ ਸੁਚੇਤ ਨੇ, ਚਿੰਤਕ ਨੇ ਤੇ ਫ਼ਿਕਰਮੰਦ ਨੇ। ਇਸ ਫ਼ਿਕਰਮੰਦੀ ਕਾਰਨ ਹੀ ਉਨ੍ਹਾਂ ਦੀ ਚੇਤਨਾ, ਉਨ੍ਹਾਂ ਨੂੰ ਬਹੁਤ ਕੁਰੇਦਦੀ ਏ।"

ਅਫ਼ਸਰ ਕਹਿੰਦਾ ਏ, "ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਆਪਣੀ ਦਿੱਖ, ਦਿੱਬ-ਦ੍ਰਿਸ਼ਟੀ ਅਤੇ ਸਮੁੱਚ ਨੂੰ ਲੈ ਕੇ ਜਾ ਰਿਹਾ ਏਂ। ਤੇਰੀ ਦਸਤਾਰ ਵੀ ਬਾਹਰ ਜਾ ਰਹੀ ਏ, ਦਾੜ੍ਹੀ ਵੀ, ਦਰਿਆਦਿਲੀ ਅਤੇ ਦਰਦਵੰਤਾ ਵੀ ਤੇਰੇ ਨਾਲ ਹੀ ਵਿਰਾਸਤੀ ਰੂਪ ਵਿੱਚ ਬਾਹਰ ਨੂੰ ਤੁਰ ਪਈ ਏ। ਜਦ ਤੂੰ ਆਪਣੇ ਪਹਿਰਾਵੇ, ਸੂਰਤ ਅਤੇ ਰੋਅਬ-ਦਾਅਬ ਵਿੱਚੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪਛਾਣ ਨਵੀਂ ਧਰਤੀ 'ਤੇ ਸਿਰਜੇਂਗਾ ਤਾਂ ਪੰਜਾਬ ਨੂੰ ਬਹੁਤ ਹਿਰਖ਼ ਹੋਵੇਗਾ ਕਿਉਂਕਿ ਕਿਸੇ ਹੋਰ ਦੇਸ਼ ਦਾ ਹਾਸਲ ਪੰਜਾਬ ਲਈ ਤਾਂ ਵੱਡਾ ਘਾਟਾ ਹੋਵੇਗਾ ਹੀ।

"ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਪੰਜਾਬੀਅਤ ਰੰਗੀ ਸੱਭਿਆਚਾਰਕ ਦਿੱਖ ਵੀ ਲੈ ਕੇ ਜਾ ਰਿਹਾ ਏਂ। ਪੰਜਾਬ ਦੀ ਧਰਤੀ ਨੂੰ ਨਕਾਰਿਆ ਤੇ ਦੁਰਕਾਰਿਆ ਜਾ ਰਿਹਾ ਏ। ਜਦ ਪੰਜਾਬੀ ਹੀ ਇਸ ਦੀ ਅਣਦੇਖੀ ਕਰਨ ਲੱਗ ਪੈਣਗੇ ਜਾਂ ਇਸ ਦੀ ਉੱਚਤਮਤਾ 'ਤੇ ਪ੍ਰਸ਼ਨ ਉੱਗ ਪੈਣ ਤਾਂ ਸਿਰਫ਼ ਕੁਝ ਹੀ ਫ਼ਿਕਰਮੰਦ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਪੰਜਾਬੀਅਤ ਨਾਲ ਮੋਹ ਹੁੰਦਾ ਹੈ। ਉਹ ਮੋਹ ਵੀ ਤੂੰ ਆਪਣੇ ਨਾਲ ਤਾਂ ਲੈ ਕੇ ਜਾ ਰਿਹਾ ਏਂ।"

"ਤੂੰ ਬਾਹਰ ਜਾ ਰਿਹਾ ਏਂ ਤਾਂ ਤੂੰ ਆਪਣੇ ਨਾਲ ਆਪਣਾ ਬਚਪਨਾ ਵੀ ਲੁਕਾ ਕੇ ਲਿਜਾ ਰਿਹਾ ਏਂ। ਪੁਰਾਣੀਆਂ ਸਾਂਝਾਂ, ਯਾਰੀਆਂ ਅਤੇ ਦੋਸਤੀਆਂ ਦੀ ਮਹਿਕੀਲੀ ਯਾਦ ਨੂੰ ਆਪਣੇ ਸੀਨੇ ਵਿੱਚ ਛਿਪਾ ਕੇ ਤਾਂ ਲੈ ਜਾ ਰਿਹਾ ਏਂ। ਇਸ ਤੋਂ ਤੂੰ ਕਿਵੇਂ ਮੁੱਕਰ ਸਕਦੈਂ? ਤੇਰੇ ਨਾਲ ਹੀ ਜਾ ਰਿਹਾ ਏ ਉਹ ਪਿੰਡ, ਉਸ ਦੀ ਮਿੱਟੀ ਦੀ ਮਹਿਕ, ਗਲੀਆਂ ਵਿੱਚ ਫਿਰਨ ਦਾ ਚਾਅ ਅਤੇ ਭੱਠੀ 'ਤੇ ਦਾਣੇ ਭਨਾਉਣ ਦਾ ਸ਼ੌਂਕ। ਪੁਰਾਣੇ ਸਕੂਲ ਦੀਆਂ ਕੰਧਾਂ 'ਤੇ ਉਕਰੀਆਂ ਇਬਾਰਤਾਂ ਜਿਨ੍ਹਾਂ ਨੇ ਤੈਨੂੰ ਸੁਪਨੇ ਦਿੱਤੇ ਸਨ। ਲੈ ਕੇ ਜਾ ਰਿਹਾ ਏਂ ਪੁਰਾਣਾ ਘਰ, ਹਵੇਲੀ, ਖੂਹ, ਮੋਟਰਾਂ ਅਤੇ ਉਨ੍ਹਾਂ ਦੀਆਂ ਨਿਆਮਤਾਂ ਵਿੱਚੋਂ ਪੁੰਗਰ ਕੇ ਪ੍ਰਵਾਨ ਚੜ੍ਹੀ ਉਸ ਸੋਚ ਨੂੰ ਜੋ ਪਿੰਡ, ਪਰਿਵਾਰ ਅਤੇ ਪ੍ਰਕਿਰਤੀ ਦਾ ਹਾਸਲ ਸੀ।"

"ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਉਹ ਸਾਰਾ ਗਿਆਨ ਵੀ ਲੈ ਕੇ ਜਾ ਰਿਹਾ ਏਂ ਜੋ ਤੂੰ ਆਪਣੇ ਬਜ਼ੁਰਗਾਂ, ਅਧਿਆਪਕਾਂ, ਵਿਦਿਅਕ ਅਦਾਰਿਆਂ, ਵਡੇਰਿਆਂ ਅਤੇ ਚੰਗੇ ਬੰਦਿਆਂ ਦੀ ਸੰਗਤ ਵਿੱਚੋਂ ਸਿੱਖਿਆ ਸੀ। ਗਿਆਨ ਜਿਸ ਨੇ ਤੈਨੂੰ ਇਨਸਾਨੀਅਤ ਦੇ ਰਾਹ ਤੋਰਿਆ ਸੀ। ਤੇਰਾ ਜਾਣਾ ਸਿਰਫ਼ ਬਰੇਨ-ਡਰੇਨ ਹੀ ਨਹੀਂ ਹੈ। ਇਹ ਤਾਂ



ਨੌਜਵਾਨੀ ਦੀ ਲਾਚਾਰੀ, ਬੇਜ਼ਾਰੀ ਤੇ ਬੇਰੁਜ਼ਗਾਰੀ ਤੋਂ ਬੇਵੱਸ ਹੋ ਕੇ ਵਿਦੇਸ਼ ਵੱਲ ਨੂੰ ਵਹੀਰਾਂ ਘੱਤਣ ਦਾ ਨਾਮ ਹੈ। ਤੂੰ ਤਾਂ 40 ਸਾਲ ਤੀਕ ਆਪਣੇ ਦੇਸ਼ ਅਤੇ ਲੋਕਾਂ ਲਈ ਕੰਮ ਕਰਨਾ ਸੀ। ਇਸ ਦੀ ਭਲਾਈ ਅਤੇ ਚੰਗਿਆਈ ਨੂੰ ਚਾਰ ਚੰਨ ਲਾਉਣੇ ਸਨ। ਮਾਤਭੂਮੀ ਲਈ ਸਪੂਤ ਹੋਣਾ ਸਾਬਤ ਕਰਨਾ ਸੀ। ਤੇਰੇ ਜਾਣ ਸਮੇਂ, ਤੇਰੇ ਬਾਪ-ਦਾਦੇ ਦੀ ਜ਼ਮੀਨ, ਬਜ਼ੁਰਗੀ ਘਰ ਅਤੇ ਖੇਤ-ਬੰਨਿਆਂ 'ਤੇ ਖੜ੍ਹੀਆਂ ਟਾਹਲੀਆਂ, ਤੂਤ, ਅੰਬਾਂ ਅਤੇ ਪਿੱਪਲਾਂ ਦੀ ਵਿਕਰੀ ਵੀ ਤੇਰੀ ਚੇਤਨਾ ਵਿੱਚ ਬੈਠੀ ਹੈ ਜੋ ਤੂੰ ਆਪਣੇ ਨਾਲ ਲੈ ਕੇ ਜਾ ਰਿਹਾ ਏਂ।"

"ਤੂੰ ਜਾਂਦੇ ਸਮੇਂ ਆਪਣੇ ਨਾਲ ਮਾਂ ਦੇ ਚਰਖੇ ਦੀ ਹੂਕ ਅਤੇ ਸੰਦੂਕ ਵਿੱਚ ਪਈਆਂ ਦਰੀਆਂ ਦੀਆਂ ਘੁੱਗੀਆਂ ਅਤੇ ਤੋਤਿਆਂ ਨੂੰ ਮਨ-ਜੂਹ ਵਿੱਚ ਧਰ ਕੇ ਲੈ ਜਾ ਰਿਹਾ ਏਂ। ਤੇਰੀ ਸੋਚ ਵਿੱਚ ਓਟੇ ਦੀਆਂ ਚਿੜੀਆਂ ਵੀ ਚੁੱਪ ਨੇ। ਤੇਰੇ ਨੈਣਾਂ ਵਿੱਚ ਛਹਿ ਕੇ ਬੈਠੀ ਹੈ ਚੁੱਲ੍ਹੇ 'ਤੇ ਤੌੜੀ ਵਿੱਚ ਰਿੱਝਦੀ ਮਾਂਹ ਦੀ ਦਾਲ, ਤਵੇ 'ਤੇ ਪਾਈ ਰੋਟੀ ਅਤੇ ਆਲੇ-ਦੁਆਲੇ ਵਿੱਚ ਘੁਲੀ ਹੋਈ ਪਰਿਵਾਰਕ ਮਹਿਕ। ਇਹ ਸਭ ਕੁਝ ਤਾਂ ਨਾਲ ਹੀ ਲੈ ਕੇ ਜਾ ਰਿਹਾ ਏਂ ਅਤੇ ਤੂੰ ਕਹਿਨਾ ਏਂ ਕਿ ਕੁਝ ਵੀ ਨਹੀਂ ਲੈ ਕੇ ਜਾ ਰਿਹਾ?"

"ਮੇਰੇ ਦੋਸਤ ਤੂੰ ਤਾਂ ਆਪਣੇ ਨਾਲ ਉਨ੍ਹਾਂ ਤਲਖ਼ੀਆਂ ਨੂੰ ਆਪਣੀ ਮਨ-ਚੇਤਨਾ ਵਿੱਚ ਧਰ ਕੇ ਲਿਜਾ ਰਿਹਾ ਏਂ ਜਿਸ ਕਰਕੇ ਤੈਨੂੰ ਇਸ ਸਿਸਟਮ ਨਾਲ ਨਫ਼ਰਤ ਹੋਈ ਸੀ। ਇਸ ਨਾਕਸ ਰਾਜਸੀ, ਸਮਾਜਿਕ ਅਤੇ ਪਰਿਵਾਰਕ ਸਿਸਟਮ ਨੇ ਬਹੁਤ ਲੋਕਾਂ ਨੂੰ ਆਪਣੇ ਨਾਲੋਂ ਤੋੜਿਆ ਏ ਅਤੇ ਤੂੰ ਉਨ੍ਹਾਂ ਵਿੱਚੋਂ ਇੱਕ ਏਂ। ਤੇਰੀ ਰੂਹ ਵਿੱਚ ਪਿੰਡੇ ਹੰਢਾਈਆਂ ਤੰਗੀਆਂ ਦੀਆਂ ਲਾਸਾਂ ਦੀ ਚਸਕ, ਭੁੱਖੇ ਰਹਿਣ ਦੀ ਪੀੜਾ ਅਤੇ ਆਪਣੇ ਪੈਰਾਂ ਨੂੰ ਖੁਦਕੁਸ਼ੀ ਤੋਂ ਵਰਜਣ ਦੀ ਹਿੰਮਤ ਅਤੇ ਇਸ ਦੀ ਕਰੂਰ ਯਾਦ ਨੂੰ ਸੀਨੇ ਵਿੱਚ ਸਦਾ ਲਈ ਵਸਾਉਣ ਲਈ ਤੂੰ ਇਸ ਨੂੰ ਵੀ ਲਿਜਾ ਰਿਹਾ ਏਂ।"

"ਤੂੰ ਜਾ ਰਿਹਾ ਏਂ ਤਾਂ ਆਪਣੀਆਂ ਪੁਰਾਣੀਆਂ ਕਿਤਾਬਾਂ ਅਤੇ ਕਾਪੀਆਂ ਵਿੱਚ ਰੱਖੇ ਹੋਏ ਮੋਰਪੰਖ, ਡਾਇਰੀ ਦੇ ਮੋੜੇ ਹੋਏ ਵਰਕਿਆਂ ਅਤੇ ਲਾਈਆਂ ਨਿਸ਼ਾਨੀਆਂ ਦੇ ਚਿੱਤਰਪੱਟ ਰੂਪੀ ਯਾਦ ਵਿੱਚ ਬਹੁਤ ਕੁਝ ਛਿਪਾ ਕੇ ਲਿਜਾ ਰਿਹਾ ਏ।

"ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਉਹ ਗਿਆਨ-ਬੋਧ ਅਤੇ ਅੱਖਰ-ਜੋਤ ਨੂੰ ਆਪਣੇ ਮਸਤਕ ਵਿੱਚ ਧਰ ਕੇ ਨਾਲ ਹੀ ਲਿਜਾ ਰਿਹਾ ਏਂ। ਆਪਣੀਆਂ ਕੀਰਤੀਆਂ ਦੀ ਉਡਾਣ ਨੂੰ ਨਵੇਂ ਅੰਬਰਾਂ ਦੇ ਨਾਵੇਂ ਕਰਨ ਦੀ ਚਾਹਨਾ ਵੀ ਤੇਰੇ ਮਨ ਵਿੱਚ ਬੈਠੀ ਹੋਈ ਹੈ।"

"ਤੇਰੇ ਜਾਣ ਵੇਲੇ ਬਹੁਤ ਕੁਝ ਤੇਰੇ ਮਨ ਵਿੱਚ ਹੈ ਜੋ ਨਾ ਚਾਹੁੰਦਿਆਂ ਵੀ ਤੇਰੇ ਨਾਲ ਹੀ ਜਾਵੇਗਾ। ਬਹੁਤ ਕੁਝ ਹੈ ਤੇਰੇ ਦਿਲ ਦੇ ਡੂੰਘੇ ਖੂਹ ਵਿੱਚ ਜਿਸ ਦੀ ਹਾਥ ਕੋਈ ਵਿਰਲਾ ਹੀ ਲੈ ਸਕਦਾ ਅਤੇ ਇਹ ਸਭ ਕੁਝ ਤੇਰੇ ਨਾਲ ਹੀ ਉਡਾਣ ਭਰਨ ਲਈ ਕਾਹਲਾ ਹੈ। ਬਹੁਤ ਕੁਝ ਹੈ ਤੇਰੀ ਮਸਤਕ-ਕੈਨਵਸ 'ਤੇ ਉਕਰੇ ਜਾਣ ਲਈ ਕਾਹਲਾ ਜਿਸ ਦੀਆਂ ਰੇਖਾਵਾਂ ਨੇ ਤੈਨੂੰ ਤਕਦੀਰ ਤੇ ਤਦਬੀਰ ਦੇਣੀ ਏ। ਇਹ ਵੀ ਤਾਂ ਨਾਲ ਹੀ ਜਾ ਰਿਹਾ ਏ ਨਾ।"

"ਜਾਣ ਵਾਲਿਆ! ਬਹੁਤ ਕੁਝ ਹੈ ਤੇਰੀ ਅਰਧ-ਚੇਤਨਾ ਵਿੱਚ ਜੋ ਤੂੰ ਜਾਣੇ-ਅਣਜਾਣੇ ਨਾਲ ਹੀ ਲੈ ਜਾ ਰਿਹਾ ਏਂ। ਬਹੁਤ ਮਹੀਨ, ਡੂੰਘੀਆਂ ਅਤੇ ਅਥਾਹ ਹੁੰਦੀਆਂ ਨੇ ਇਸ ਦੀਆਂ ਪਰਤਾਂ। ਬਹੁਤ ਕੁਝ ਹੁੰਦਾ ਅਵਚੇਤਨ ਵਿੱਚ ਬੈਠਾ ਜੋ ਤੁਹਾਡੇ ਸੁਪਨਿਆਂ ਵਿੱਚ ਆਉਂਦਾ ਹੈ। ਤੁਹਾਨੂੰ ਬੀਤੇ ਨਾਲ ਜੋੜਦਾ ਹੈ। ਸ਼ਾਇਦ ਤੈਨੂੰ ਪਤਾ ਹੀ ਹੋਣਾ ਕਿ ਬੰਦਾ ਕਿਧਰੇ ਵੀ ਚਲਾ ਜਾਵੇ, ਉਸ ਨੂੰ ਸੁਫ਼ਨੇ ਸਿਰਫ਼ ਉਸ ਦੇ ਪਿੰਡ, ਸਕੂਲ, ਖੇਤਾਂ, ਪੁਰਾਣੇ ਸਾਥੀਆਂ, ਬਚਪਨੀ ਘਟਨਾਵਾਂ ਦੇ ਹੀ ਆਉਂਦੇ ਹਨ ਕਿਉਂਕਿ ਇਹ ਉਸ ਦੇ ਅਵਚੇਤਨ ਦਾ ਅਣਮੁੱਲਾ ਹਿੱਸਾ ਹੁੰਦੇ ਹਨ। ਸੋ ਉਹ ਸਭ ਕੁਝ ਤਾਂ ਲੈ ਕੇ ਹੀ ਜਾ ਰਿਹਾ ਏਂ।"

"ਪ੍ਰਦੇਸ ਜਾਣ ਵਾਲਿਆ! ਤੈਨੂੰ ਤਾਂ ਸ਼ਾਇਦ ਚੇਤਾ ਨਾ ਹੋਵੇ ਪਰ ਤੂੰ ਜਾਣ ਵੇਲੇ ਆਪਣੇ ਮਾਪਿਆਂ ਤੋਂ ਦੂਰ ਜਾਣ ਦਾ ਦਰਦ,



ਭੈਣ-ਭਰਾਵਾਂ ਤੋਂ ਵਿੱਛੜਣ ਦੀ ਪੀੜਾ, ਸੰਗੀਆਂ-ਸਾਥੀਆਂ ਦੀ ਸੰਗਤ ਨੂੰ ਮਾਣਨ ਤੋਂ ਵਿਰਵੇ ਹੋਣ ਦੀ ਚੀਸ ਅਤੇ ਮਾਣੇ ਹੋਏ ਚੌਗਿਰਦੇ ਦੀ ਘਾਟ ਵੀ ਆਪਣੇ ਨਾਲ ਹੀ ਲੈ ਕੇ ਜਾ ਰਿਹਾ ਏਂ। ਇਸ ਨੇ ਤੈਨੂੰ ਦੇਰ-ਸਵੇਰ ਤੇ ਗਾਹੇ-ਬਗਾਹੇ ਸਤਾਉਂਦੇ ਰਹਿਣਾ ਹੈ ਅਤੇ ਤੇਰੇ ਮਨ ਵਿੱਚ ਵਾਪਸ ਪਰਤਣ ਦਾ ਖ਼ਿਆਲ ਉਪਜਾਉਂਦੇ ਰਹਿਣਾ ਏ।"

"ਮਿੱਤਰ ਯਾਦ ਰੱਖਣਾ, ਜਦ ਕੋਈ ਬਾਹਰ ਨੂੰ ਪੈਰ ਪੁੱਟਦਾ ਏ ਤਾਂ ਉਹ ਬਹੁਤ ਕੁਝ ਦਿਸਦਾ ਅਤੇ ਅਣਦਿਸਦਾ ਵੀ ਆਪਣੇ ਨਾਲ ਲਈ ਫਿਰਦਾ ਏ। ਇਸ ਨੇ ਸਦਾ ਉਸ ਦੇ ਨਾਲ ਹੀ ਰਹਿਣਾ ਹੁੰਦਾ ਹੈ ਭਾਵੇਂ ਉਹ ਸਮਝੇ ਜਾਂ ਨਾ-ਸਮਝੇ। ਇਸ ਤੋਂ ਤੂੰ ਕਿਵੇਂ ਅਣਜਾਣ ਹੋ ਸਕਦੈਂ?"

"ਮਿੱਤਰਾ ਤੂੰ ਬਹੁਤ ਕੁਝ ਤਾਂ ਲੈ ਕੇ ਜਾ ਰਿਹਾ ਹੈ ਪਰ ਜ਼ਰਾ ਇਹ ਵੀ ਦੱਸੀਂ ਕਿ ਆਪਣੇ ਬਜ਼ੁਰਗਾਂ, ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਰੁਲਣ ਲਈ ਕਿਉਂ ਛੱਡ ਕੇ ਜਾ ਰਿਹਾ ਏਂ? ਕੌਣ ਬਣੇਗਾ ਉਨ੍ਹਾਂ ਦੀ ਡੰਗੋਰੀ ਜਿਨ੍ਹਾਂ ਦੇ ਆਪਣੇ ਪ੍ਰਦੇਸੀਂ ਉਡਾਰੀ ਮਾਰਨ ਲਈ ਕਾਹਲੇ ਨੇ? ਕਿਸ ਨੇ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਪਾਣੀ ਦੀ ਘੁੱਟ ਪਿਆਣੀ ਏ? ਕਿਸ ਨੇ ਭਰਨਾ ਏ ਹੂੰਗਰ ਦਾ ਹੁੰਗਾਰਾ? ਕੌਣ ਲਵੇਗਾ ਉਨ੍ਹਾਂ ਦੀ ਸਾਰ? ਕੌਣ ਉਨ੍ਹਾਂ ਦੀ ਉਡੀਕ ਨੂੰ ਆਸ ਦੇ ਪਰ ਲਾਵੇਗਾ? ਕੌਣ ਸੁੰਨੇ ਘਰ ਵਿੱਚ ਰੌਣਕ ਬਣ ਕੇ ਇਸ ਨੂੰ ਚਹਿਕਣ ਦਾ ਵਰਦਾਨ ਦੇਵੇਗਾ? ਕੌਣ ਰੋਂਦੇ ਖੇਤਾਂ ਨੂੰ ਪਲੋਸੇਗਾ ਜੋ ਬਜ਼ੁਰਗੀ ਛੋਹ ਤੋਂ ਵਿਰਵੇ ਹੋ ਰੋਣ ਹਾਕੇ ਹੋ ਜਾਣਗੇ? ਕਿਸ ਨੇ ਬੁਝੇ ਚੁੱਲ੍ਹੇ ਵਿੱਚ ਅੱਗ ਬਾਲਣੀ ਅਤੇ ਘਰ ਨੂੰ ਘਰ ਬਣਾਉਣਾ ਹੈ? ਬਹੁਤ ਕੁਝ ਛੱਡ ਕੇ ਜਾ ਰਿਹਾ ਏਂ। ਇਸ ਨੂੰ ਵੀ ਆਪਣੇ ਨਾਲ ਹੀ ਲੈ ਜਾਂਦਾ ਤਾਂ ਚੰਗਾ ਹੋਣਾ ਸੀ।"

"ਦੋਸਤ ਤੂੰ ਤਾਂ ਆਪਣੀਆਂ ਪੈੜਾਂ ਦੇ ਨਿਸ਼ਾਨ ਵੀ ਛੱਡ ਕੇ ਜਾ ਰਿਹਾ ਏਂ। ਖੇਤਾਂ ਵਿੱਚ ਚੋਏ ਮੁੜਕੇ ਤੇ ਰਾਤਾਂ ਦੀ ਹੰਘਾਲੀ ਨੀਂਦ ਦੀਆਂ ਮਿੱਠੀਆਂ ਯਾਦਾਂ ਅਤੇ ਨੰਗੇ ਪੈਰੀਂ ਗਾਹੀਆਂ ਰਾਹਾਂ-ਥਾਵਾਂ ਦੇ ਨਿਸ਼ਾਨ ਛੱਡ ਕੇ ਜਾ ਰਿਹਾ ਏਂ। ਤੂੰ ਕਦ ਪਰਤ ਕੇ ਉਨ੍ਹਾਂ ਨਾਲ ਬੀਤੇ ਦੀਆਂ ਬਾਤਾਂ ਪਾਵੇਂਗਾ?"

"ਦੋਸਤ ਸ਼ਾਇਦ ਤੂੰ ਜਾਣਦਾ ਹੀ ਨਹੀਂ ਕਿ ਇੱਕ ਹੋਰ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਵਸਤ ਤੂੰ ਆਪਣੇ ਨਾਲ ਕਦੇ ਨਹੀਂ ਲਿਜਾ ਸਕੇਂਗਾ। ਉਹ ਹੈ ਗੁਰੂਆਂ ਪੀਰਾਂ ਦੀ ਛੋਹ ਮਾਣਨ ਵਾਲੀ ਮਿੱਟੀ ਦੀ ਮਹਿਕ, ਉਨ੍ਹਾਂ ਨਾਲ ਵਰਸੋਏ ਅਸਥਾਨ, ਅਕੀਦਤੀ ਵਿਰਾਸਤ। ਤੂੰ ਨਹੀਂ ਲੈ ਕੇ ਜਾ ਸਕਦਾ ਜਲ੍ਹਿਆਂਵਾਲਾ ਬਾਗ਼, ਭਗਤ ਸਿੰਘ ਦੀ ਸਮਾਧ, ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹਰਿਮੰਦਰ ਸਾਹਿਬ ਅਤੇ ਖਾਲਸਾ ਸਿਰਜਣ ਵਾਲੀ ਭੂਮੀ ਆਨੰਦਪੁਰ ਸਾਹਿਬ ਆਦਿ। ਤੂੰ ਆਪਣੇ ਬਜ਼ੁਰਗਾਂ ਦੀਆਂ ਨਿਸ਼ਾਨੀਆਂ, ਸਮਾਧਾਂ ਜਾਂ ਸਿਵਿਆਂ, ਪੀਰਾਂ ਦੀਆਂ ਥਾਵਾਂ ਨੂੰ ਕਿੰਝ ਲੈ ਕੇ ਜਾਵੇਂਗਾ?"

"ਮੇਰੇ ਪਿਆਰੇ ਤੂੰ ਚਾਹੁੰਦਾ ਹੋਇਆ ਵੀ ਆਪਣੇ ਪੁਰਾਣੇ ਮਿੱਤਰਾਂ, ਅਧਿਆਪਕਾਂ, ਰਾਹ-ਦਸੇਰਿਆਂ ਜਾਂ ਜਿਨ੍ਹਾਂ ਨਾਲ ਤੇਰੀ ਰੂਹ ਜੁੜੀ ਹੋਈ ਏ, ਉਨ੍ਹਾਂ ਨੂੰ ਨਾਲ ਨਹੀਂ ਲਿਜਾ ਸਕਦਾ। ਇਨ੍ਹਾਂ ਦੀ ਯਾਦ ਹੀ ਤੇਰੇ ਜੀਵਨ ਦਾ ਸਰਮਾਇਆ ਬਣ ਜਾਵੇਗੀ।"

"ਪ੍ਰਦੇਸੀ ਹੋਣ ਵਾਲਿਆ! ਪ੍ਰਦੇਸ ਵਿੱਚ ਤੈਨੂੰ ਬਹੁਤ ਕੁਝ ਮਿਲੇਗਾ ਜਿਸਦੀ ਚਾਹਨਾ ਤੂੰ ਮਨ ਵਿੱਚ ਪਾਲੀ ਏ। ਸਮੂਹ ਸੁੱਖ-ਸਹੂਲਤਾਂ ਅਤੇ ਜੀਵਨ ਪ੍ਰਾਪਤੀਆਂ ਤੇਰਾ ਹਾਸਲ ਹੋਣਗੀਆਂ ਪਰ ਤੇਰੇ ਮਨ ਵਿੱਚ ਇੱਕ ਚਸਕ ਜ਼ਰੂਰ ਰਹੇਗੀ।"

"ਮਿੱਤਰ, ਤੂੰ ਸਿਰਫ਼ ਅੱਧਾ-ਪਚੱਧਾ ਹੀ ਜਾ ਰਿਹਾ ਏਂ, ਪੂਰਨ ਨਹੀਂ। ਤੂੰ ਚਾਹੁੰਦਾ ਹੋਇਆ ਵੀ ਆਪਣੇ ਵਿੱਚੋਂ ਆਪਣਾ ਪਿੰਡ, ਘਰ, ਖੇਤ ਅਤੇ ਮਾਣੀਆਂ ਨਿਆਮਤਾਂ ਨੂੰ ਨਹੀਂ ਕੱਢ ਸਕਦਾ। ਫਿਰ ਕਿਵੇਂ ਕਹਿਨਾ ਏਂ ਕੁਝ ਨਹੀਂ ਲੈ ਕੇ ਜਾ ਰਿਹਾ?"

"ਮੈਨੂੰ ਤਾਂ ਇਹ ਵੀ ਪਤਾ ਹੈ ਕਿ ਤੇਰੇ ਦਿਲ ਦੇ ਕਿਸੇ ਕੋਨੇ ਵਿੱਚ ਉਨ੍ਹਾਂ ਯਾਦਾਂ ਦਾ ਸਰਮਾਇਆ ਵੀ ਪਿਆ ਹੈ ਜਿਹੜੀਆਂ ਤੇਰੇ ਦਿਲ ਦੇ ਬਹੁਤ ਕਰੀਬ ਨੇ। ਜਿਨ੍ਹਾਂ ਵਿੱਚੋਂ ਤੂੰ ਆਪਣੇ ਨਕਸ਼ ਨਿਹਾਰੇ ਸਨ। ਖ਼ੁਦ ਨੂੰ ਆਪਣੇ ਨੈਣਾਂ ਵਿੱਚ ਦੇਖਿਆ ਸੀ। ਆਪਣੇ ਰਾਹਾਂ ਨੂੰ ਮੁੜ ਤੋਂ ਨਿਹਾਰਿਆ ਸੀ। ਯਾਦ-ਜੂਹ ਵਿੱਚੋਂ ਬਹੁਤ ਕੁਝ ਤੇਰਾ ਨਸੀਬ ਬਣ ਕੇ ਤੇਰੀ ਵਿਰਾਸਤ ਦਾ ਮਾਣ ਏ।"

"ਤੂੰ ਦੱਸ ਤੇ ਭਾਵੇਂ ਨਾ ਦੱਸ, ਬਹੁਤ ਕੁਝ ਤੇਰੇ ਮਨ ਵਿੱਚ ਮਚਲਦਾ ਤੂਫ਼ਾਨ ਬਣ ਕੇ ਨਾਲ ਜਾਣ ਲਈ ਕਾਹਲਾ ਏ ਕਿਉਂਕਿ ਸੋਚਾਂ ਦੀਆਂ ਘੁੰਮਣਘੇਰੀਆਂ ਕਦੋਂ ਬੰਦੇ ਵਿੱਚੋਂ ਮਨਫ਼ੀ ਹੁੰਦੀਆਂ ਨੇ? ਮਨ ਵਿੱਚ ਕਦੋਂ ਮਿਟਦੀ ਹੈ ਤਿੜਕੇ ਸੁਫ਼ਨਿਆਂ ਦੀ ਟੀਸ? ਕਦੋਂ ਨਿਕਲਦੀ ਹੈ ਉਨ੍ਹਾਂ ਪਲਾਂ ਦੀ ਰਹਿਨੁਮਾਈ ਜਿਨ੍ਹਾਂ ਵਿੱਚ ਜੀਵਨ ਨੂੰ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਮਿਲੀ ਸੀ। ਉਹ ਵੀ ਤਾਂ ਨਾਲ ਹੀ ਲੈ ਕੇ ਜਾ ਰਿਹਾ ਏਂ।"

"ਮਿੱਤਰ ਤੂੰ ਮੁਨਕਰ ਨਾ ਹੋ ਅਤੇ ਜੋ ਚਾਹੁੰਨਾ ਏਂ ਲੈ ਜਾ ਪਰ ਆਪਣਾ ਕੁਝ ਕੁ ਅਜਿਹਾ ਛੱਡ ਜਾਵੀਂ ਕਿ ਤੇਰਾ ਆਉਣਾ-ਜਾਣਾ ਬਣਿਆ ਰਹੇ। ਤੂੰ ਕਦੇ ਕਦਾਈਂ ਆਪਣੀ ਮਾਂ ਦੇ ਸਿਵੇ ਦੀ ਪਰਿਕਰਮਾ ਕਰਨ, ਖੇਤਾਂ ਵਿੱਚ ਉੱਗਦੀ ਖਾਮੋਸ਼ੀ ਨੂੰ ਮੁਖਾਤਬ ਹੋਣ ਜਾਂ ਰਿਸ਼ਤਿਆਂ ਵਿੱਚ ਪਸਰ ਰਹੀ ਮਾਤਮੀ ਚੁੱਪ ਦਾ ਹੁੰਗਾਰਾ ਭਾਲਣ ਲਈ ਆਪਣੀ ਮਿੱਟੀ ਵੰਨੀਂ ਪਰਤਦਾ ਰਹੀਂ। ਬਹੁਤ ਕਠਿਨ ਹੁੰਦਾ ਏ ਆਪਣੇ ਆਪ ਤੋਂ ਦੂਰ ਹੋਣਾ। ਉਨ੍ਹਾਂ ਨਿਸ਼ਾਨੀਆਂ ਅਤੇ ਵਸਤਾਂ ਤੋਂ ਦੂਰੀ ਬਣਾਉਣਾ ਜਿਨ੍ਹਾਂ ਨੇ ਤੁਹਾਡੇ ਜੀਵਨ ਨੂੰ ਜਿਊਣ-ਜੋਗਾ ਕੀਤਾ ਹੋਵੇ। ਜਿਸ 'ਚੋਂ ਤੁਸੀਂ ਸੁਪਨਕਾਰੀ ਕੀਤੀ ਅਤੇ ਅੰਬਰ ਦਾ ਤਾਰਾ ਬਣਨ ਦੀ ਤਮੰਨਾ ਨੂੰ ਪੂਰਾ ਕੀਤਾ।"

"ਮਿੱਤਰ ਪ੍ਰਦੇਸ ਵਿੱਚ ਜਾ ਅਤੇ ਸੁਖੀ ਵੱਸੀਂ। ਬਹੁਤ ਕੁਝ ਖੁੱਸ ਰਿਹਾ ਏ। ਮੇਰੇ ਮਨ ਵਿੱਚ ਬਹੁਤ ਵਿਗੋਚਾ ਹੈ ਤੇਰੇ ਜਾਣ ਦਾ ਪਰ ਮੈਂ ਕੁਝ ਨਹੀਂ ਕਰ ਸਕਦਾ। ਪਰਵਾਸ ਦੀ ਹਨੇਰੀ ਵਿੱਚ ਗਵਾਚ ਰਹੀ ਇਨਸਾਨੀਅਤ, ਜੀਵਨ ਸਾਰਥਿਕਤਾ ਅਤੇ ਟੁੱਟੇ ਰਿਸ਼ਤਿਆਂ ਦੀ ਸਾਰ ਲੈਣ ਦਾ ਹੀਆ ਕੌਣ ਕਰੇਗਾ? ਵਕਤ ਹੀ ਭਲੀ ਕਰੇ!

ਤੇ ਮੇਰਾ ਸੁਫ਼ਨਾ ਟੁੱਟ ਜਾਂਦਾ ਏ। ਤ੍ਰਭਕ ਕੇ ਅੱਭੜਵਾਹੇ ਉੱਠਦਾ ਹਾਂ ਤੇ ਸੋਚਦਾ ਹਾਂ ਕਿ ਇਹ ਸੁਫ਼ਨਾ ਹੀ ਨਹੀਂ ਸਗੋਂ ਇਹੀ ਤਾਂ ਸੱਚ ਏ ਜੋ ਅਜੋਕੇ ਸਮੇਂ ਵਿੱਚ ਵਾਪਰ ਰਿਹਾ ਏ। ਸੋਚਦਾ ਹਾਂ ਕਿ ਜੇ ਇਸ ਸੰਵੇਦਨਸ਼ੀਲ ਅਫ਼ਸਰ ਨੂੰ ਸਭ ਪਤਾ ਹੈ ਤਾਂ ਕੀ ਇਹ ਸਭ ਕੁਝ ਸਮਾਜਿਕ, ਰਾਜਨੀਤਕ ਜਾਂ ਧਾਰਮਿਕ ਰਹਿਨੁਮਾਵਾਂ ਨੂੰ ਨਹੀਂ ਪਤਾ? ਕੀ ਉਹ ਜਾਣਬੁੱਝ ਕੇ ਇਹ ਸਭ ਕੁਝ ਵਾਪਰਨ ਵਿੱਚ ਭਿਆਲ ਨੇ?"

ਕਲਮ ਕੂਕਣ ਲੱਗ ਪਈ
ਪੈਰ ਪੁੱਟਿਆ ਜਾ ਦਰੋਂ
ਬੜਾ ਅੰਦਰੋਂ ਸੀ ਰੋਇਆ।
ਬਾਹਰੋਂ ਸਾਬਤ-ਸਬੂਤਾ
ਗਿਆ ਵਿੱਚੋ-ਵਿੱਚ ਕੋਹਿਆ।
ਘੁਲੀ ਸਾਹਾਂ ਵਿੱਚ ਮਹਿਕ ਨੇ
ਕੇਹੀਆਂ ਦਿੱਤੀਆਂ ਸਜ਼ਾਵਾਂ।
ਵੱਸੇ ਸੋਚੀਂ ਬੁੱਢੇ ਘਰ ਨੂੰ
ਭੁਲਾ ਵੀ ਨਾ ਪਾਵਾਂ।
ਕਦੇ ਦੀਦਿਆਂ 'ਚ ਉੱਗਿਆ
ਸੁਪਨਾ ਨਿਹਾਰਾਂ। ਇਹਦੇ ਮੁੱਢ ਹੇਠ ਬਹਿ ਕੇ
ਭਾਵ-ਆਰਤੀ ਉਤਾਰਾਂ।
ਇਹਦੀ ਜੂਹੇ ਉੱਗੇ ਸੂਰਜਾਂ ਨੂੰ
ਮੁੱਖ 'ਤੇ ਸਜਾਵਾਂ।
ਤਦ ਬੜਾ ਚੇਤੇ ਆਉਂਦੀਆਂ ਮਾਂ ਦੀਆਂ
ਦੁਆਵਾਂ।
ਕਦੇ ਮੈਟਰੋ 'ਚੋਂ ਦਿਸਦਾ ਏ
ਛੋਟਾ ਜੇਹਾ ਪਿੰਡ।
ਕਦੇ ਹਾਈਵੇ 'ਚੋਂ ਝਾਕਦਾ ਏ
ਫਿਰਨੀ ਦਾ ਬਿੰਬ।
ਜਦ ਬੀਤਿਆ ਫਰੋਲਾਂ
ਤਾਂ ਬੜਾ ਮਨ ਸਮਝਾਵਾਂ।
ਕਿ ਮੁੜ ਨਾ ਥਿਆਉਂਦੀਆਂ ਜੋ ਲੰਘ ਆਏ
ਰਾਹਵਾਂ।
ਕਦੇ ਸਾਈਕਲ ਸਵਾਰੀ
ਮੇਟੀ ਮੰਜ਼ਲਾਂ ਦੀ ਵਾਟ।
ਹੁਣ ਜਹਾਜ਼ 'ਚ ਬੈਠਿਆਂ ਵੀ
ਬਣ ਜਾਈਏ ਆਹਟ।
ਪਾਕ ਸਾਂਝਾਂ ਦੀ ਦੁਹਾਈ
ਕੀਹਦੇ ਕੋਲ ਪਾਵਾਂ।
ਤਾਂ ਹੀ 'ਕੱਲਾ ਬਹਿ ਕੇ
ਹਰਫ਼ਾਂ ਨੂੰ ਦੁੱਖੜਾ ਸੁਣਾਵਾਂ।

ਤੇ ਕਈ ਦਿਨ ਇਸ ਸੁਫ਼ਨੇ ਨੇ ਮੈਨੂੰ ਸੌਣ ਹੀ ਨਹੀਂ ਦਿੱਤਾ। ਸ਼ਾਇਦ ਸਾਰਿਆਂ ਨਾਲ ਅਕਸਰ ਅਜਿਹਾ ਹੀ ਵਾਪਰਦਾ ਹੋਵੇ। ਕੀ ਤੁਹਾਡੇ ਨਾਲ ਵੀ ਕਦੇ ਅਜਿਹਾ ਵਾਪਰਿਆ ਏ? ਦੱਸਣਾ ਜ਼ਰੂਰ।

# ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ . . .

**ਜੋਗਿੰਦਰ ਕੌਰ ਅਗਨੀਹੋਤਰੀ**

ਸਮਾਜ ਵਿੱਚ ਵੱਖ-ਵੱਖ ਰਿਸ਼ਤਿਆਂ ਦਾ ਮਹੱਤਵ ਵੱਖ-ਵੱਖ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਮਾਂ-ਧੀ, ਮਾਂ-ਪੁੱਤ, ਪਿਓ-ਧੀ, ਪਿਓ-ਪੁੱਤ ਅਤੇ ਭੈਣ-ਭਰਾ ਦਾ ਰਿਸ਼ਤਾ ਬਹੁਤ ਅਹਿਮ ਸਥਾਨ ਰੱਖਦਾ ਹੈ। ਇਸ ਤੋਂ ਇਲਾਵਾ ਕੁਝ ਰਿਸ਼ਤੇ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਅਹਿਮੀਅਤ ਤਾਂ ਬਹੁਤ ਹੁੰਦੀ ਹੈ ਪਰ ਉਹ ਦੂਜੇ ਨੰਬਰ 'ਤੇ ਆ ਜਾਂਦੇ ਹਨ ਜਿਵੇਂ ਭੂਆ-ਭਤੀਜਾ, ਭਤੀਜੀ, ਦਾਦੀ-ਪੋਤਾ, ਪੋਤੀ ਅਤੇ ਦਾਦੇ ਤੋਂ ਬਿਨਾਂ ਚਾਚੇ ਤਾਇਆਂ ਦੇ ਰਿਸ਼ਤੇ ਵੀ ਹੁੰਦੇ ਹਨ।

ਸਮਾਜ ਵਿੱਚ ਕੁਝ ਰਿਸ਼ਤੇ ਅਹਿਮ ਹੁੰਦੇ ਹੋਏ ਵੀ ਉਨ੍ਹਾਂ ਨੂੰ ਦੂਜੇ ਦਰਜੇ ਤੋਂ ਵੀ ਘੱਟ ਸਮਝਿਆ ਜਾਂਦਾ ਹੈ ਜਿਵੇਂ ਸੱਸ, ਨਣਦ, ਜੇਠ ਤੇ ਦਿਓਰ। ਇਹ ਰਿਸ਼ਤੇ ਭਾਵੇਂ ਕਿੰਨੇ ਹੀ ਸਾਫ਼ ਦਿਲ ਕਿਉਂ ਨਾ ਹੋਣ ਪਰ ਸਮਾਜ ਇਨ੍ਹਾਂ ਨੂੰ ਕੁਣੱਖੀਆਂ ਨਜ਼ਰਾਂ ਨਾਲ ਹੀ ਦੇਖਦਾ ਹੈ। ਇਸ ਦਾ ਪ੍ਰਭਾਵ ਲੜਕੀਆਂ 'ਤੇ ਵੀ ਪੈਂਦਾ ਹੈ। ਲੜਕੀ ਦੇ ਵਿਆਹ ਤੋਂ ਬਾਅਦ ਅਜਿਹੇ ਰਿਸ਼ਤੇ ਉਸ ਦੇ ਪਤੀ ਲਈ ਤਾਂ ਅਹਿਮ ਹੁੰਦੇ ਹਨ ਪਰ ਉਸ ਦੀ ਘਰਵਾਲੀ ਲਈ ਨਹੀਂ ਹੁੰਦੇ। ਨਵਵਿਆਹੀ ਲੜਕੀ ਨੂੰ ਉਨ੍ਹਾਂ ਰਿਸ਼ਤਿਆਂ ਵਿੱਚ ਦੂਈ ਦਵੈਤ ਦੀ ਭਾਵਨਾ ਨਜ਼ਰ ਆਉਂਦੀ ਹੈ। ਕਈ ਵਾਰ ਘਰ ਵਿੱਚ ਨਿੱਕੀ ਮੋਟੀ ਟੋਕ ਟਕਾਈ ਨੂੰ ਉਹ ਆਪਣੀ ਨਿੱਜੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਸਮਝਦੀ ਹੈ।

ਸਦੀਆਂ ਤੋਂ ਹੀ ਜੇਠ ਤੇ ਸਹੁਰਾ ਜੋ ਵੱਡੇ ਥਾਂ ਹੁੰਦੇ ਹਨ ਉਨ੍ਹਾਂ ਤੋਂ ਘੁੰਢ ਕੱਢਣਾ ਜਾਂ ਪੱਲਾ ਕਰਨ ਦਾ ਰਿਵਾਜ ਰਿਹਾ ਹੈ। ਵੱਡੇ ਹੋਣ ਦੇ ਕਾਰਨ ਉਨ੍ਹਾਂ ਵੱਲੋਂ ਸਮਝਾਉਣਾ ਵੀ ਹੱਕ ਸਮਝਿਆ ਜਾਂਦਾ ਹੈ ਪਰ ਨਵੀਂ ਵਿਆਹੀ



ਵਹੁਟੀ ਜਾਂ ਸੰਯੁਕਤ ਪਰਿਵਾਰ ਵਿੱਚ ਰਹਿ ਰਹੀ ਔਰਤ ਨੂੰ ਇਹ ਗੱਲ ਬਿਲਕੁਲ ਵੀ ਪਸੰਦ ਨਹੀਂ। ਉਸ ਨੂੰ ਆਪਣੇ ਲਈ ਤਾਂ ਪਸੰਦ ਹੀ ਨਹੀਂ ਬਲਕਿ ਜੇ ਕਰ ਉਸ ਦੇ ਪਤੀ ਨੂੰ ਵੀ ਕੋਈ ਟੋਕਾ ਟਾਕੀ ਕਰਦਾ ਹੈ ਤਾਂ ਉਹ ਵੀ ਉਸ ਨੂੰ ਪਸੰਦ ਨਹੀਂ। ਉਸ ਨੂੰ ਆਪਣੇ ਪਤੀ 'ਤੇ ਉਦੋਂ ਗੁੱਸਾ ਆਉਂਦਾ ਹੈ ਜਦੋਂ ਉਹ ਆਪਣੇ ਵੱਡੇ ਭਰਾ ਜਾਂ ਪਿਤਾ ਦੀ ਗੱਲ ਨੂੰ ਸਵੀਕਾਰ ਕਰ ਲੈਂਦਾ ਹੈ। ਜਦੋਂ ਉਹ ਆਪਣੀ ਮਾਂ ਜਾਂ ਭੈਣ ਦੀ ਗੱਲ ਸੁਣਦਾ ਹੈ ਤਾਂ ਉਹ ਉਸ ਨੂੰ ਲਾਈਲੱਗ ਕਹਿ ਦਿੰਦੀ ਹੈ। ਇਸ ਤਰ੍ਹਾਂ ਸੰਯੁਕਤ ਪਰਿਵਾਰਾਂ ਅਤੇ ਵੱਡੇ ਪਰਿਵਾਰਾਂ ਵਿੱਚ ਇਹ ਰਿਸ਼ਤੇ ਦੂਜੇ ਨੰਬਰ ਦੇ ਬਣ ਕੇ ਰਹਿ ਜਾਂਦੇ ਹਨ।

ਕਈ ਵਾਰ ਵੱਡੇ ਪਰਿਵਾਰਾਂ ਵਿੱਚ ਕੁਝ ਲੜਕੇ ਵੱਡੀ ਉਮਰ ਦੇ ਹੋਣ ਕਰਕੇ ਅਣਵਿਆਹੇ ਰਹਿ ਜਾਂਦੇ ਹਨ, ਉਨ੍ਹਾਂ ਦਾ ਘਰ ਵਿੱਚ ਮਾਂ-ਪਿਓ ਤੇ ਭੈਣ-ਭਰਾਵਾਂ ਵੱਲੋਂ ਤਾਂ ਆਦਰ ਕੀਤਾ ਜਾਂਦਾ ਹੈ ਪਰ ਭਰਜਾਈ ਵੱਲੋਂ ਉਸ ਨੂੰ ਮਾਣ ਸਤਿਕਾਰ ਨਹੀਂ ਦਿੱਤਾ ਜਾਂਦਾ ਸੋ ਉਸ ਦੇ ਖਾਣ-ਪੀਣ 'ਤੇ ਵੀ ਨੁਕਤਾਚੀਨੀ ਹੋ ਜਾਂਦੀ ਹੈ। ਕਈ ਵਾਰ ਕੋਈ ਚੁਭਵੀਂ ਗੱਲ ਕਹਿਣ 'ਤੇ ਘਰ ਵਿੱਚ ਲੜਾਈ ਹੋ ਜਾਂਦੀ ਹੈ ਅਤੇ ਕਲੇਸ਼ ਵੀ ਵਧ ਜਾਂਦਾ ਹੈ। ਜੇਠ ਹੋਣ ਕਰਕੇ ਜੇਕਰ ਭਰਜਾਈ ਉਸ ਨੂੰ ਕੋਈ ਅਹਿਮੀਅਤ ਨਹੀਂ ਦਿੰਦੀ ਤਾਂ ਜੇਠ ਕੰਮ ਵੀ ਕਿਉਂ ਕਰੇ ਤੇ ਆਪਣੀ ਜ਼ਮੀਨ ਜਾਇਦਾਦ ਦਾ ਹਿੱਸਾ ਵੀ ਉਨ੍ਹਾਂ ਨੂੰ ਕਿਉਂ ਦੇਵੇ। ਛੋਟਾ ਭਰਾ, ਵੱਡੇ ਭਰਾ ਦਾ ਅਦਬ ਰੱਖਦਾ ਹੈ ਪ੍ਰੰਤੂ ਉਸ ਦੀ ਪਤਨੀ ਉਸ ਨੂੰ ਕੁਝ ਨਹੀਂ ਸਮਝਦੀ ਤੇ ਉਸ ਨੂੰ ਸਪੱਸ਼ਟ ਜਵਾਬ ਦਿੰਦੀ ਹੈ:

ਦਿਓਰ ਭਾਵੇਂ ਮੱਝ ਚੁੰਘ ਜਾਏ
ਛੜੇ ਜੇਠ ਨੂੰ ਲੱਸੀ ਨਹੀਂ ਪਿਆਉਣੀ।

ਵਿਆਹੇ ਹੋਏ ਜੇਠ ਨਾਲ ਵੀ ਈਰਖਾ ਘੱਟ ਨਹੀਂ ਹੁੰਦੀ। ਉਸ ਨੂੰ ਵੀ ਔਰਤਾਂ ਨਹੀਂ ਜਰਦੀਆਂ। ਕਈ ਵਾਰ ਜੇਠਾਣੀ ਨਾਲ ਵੀ ਟੱਕਰ ਹੋ ਜਾਂਦੀ ਹੈ। ਜੇਕਰ ਜੇਠ ਅਤੇ ਜੇਠਾਣੀ ਦੀ ਆਪਸੀ ਲੜਾਈ ਹੋਵੇ ਤਾਂ ਵੀ ਦਰਾਣੀ ਖ਼ੁਸ਼ੀ ਮਨਾਉਂਦੀਹੈ। ਜੇਠ ਦੇ ਵੜੱਪਣ ਦੀ ਵਰਤੋਂ ਕਰਕੇ ਜੇਠਾਣੀ ਦੀ ਸ਼ਿਕਾਇਤ ਵੀ ਦਰਾਣੀ ਕਰ ਦਿੰਦੀ ਹੈ। ਅਜਿਹੇ ਮੌਕੇ ਗੱਲ ਕੁੱਟਮਾਰ ਤੱਕ ਵੀ ਪਹੁੰਚ ਜਾਂਦੀ ਹੈ ਤਾਂ ਦਰਾਣੀ ਆਪਣੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੀ ਹੈ:

ਜੇਠਾਣੀ ਹੁਬਕੀਂ ਹੁਬਕੀਂ ਰੋਵੇ
ਰਾਤੀਂ ਜੇਠ ਨੇ ਕੁੱਟੀ।

ਜੇਠਾਣੀ ਨਾਲ ਮੇਲ ਅਤੇ ਜੇਠ ਨਾਲ ਗੁੱਸੇ ਦਾ ਪ੍ਰਗਟਾਅ ਵੀ ਔਰਤਾਂ ਖੁੱਲ੍ਹ ਕੇ ਕਰਦੀਆਂ ਹਨ:

ਜੇਠਾਣੀ ਤਾਂ ਮੇਰੀ ਭੈਣਾਂ ਵਰਗੀ
ਜੇਠ ਠੇਠਾਂ ਦਾ ਠੇਠ।
ਨੀਂ ਇੱਕ ਦਿਨ ਲੈਣਾ ਪਊ
ਲੈਣਾ ਪਊ ਗੋਡਿਆਂ ਹੇਠ।

ਭਾਵੇਂ ਇਨ੍ਹਾਂ ਰਿਸ਼ਤਿਆਂ ਵਿੱਚ ਤਲਖੀ ਹੁੰਦੀ ਹੈ ਪਰ ਸਿਆਣਿਆਂ ਦੇ ਕਹਿਣ ਅਨੁਸਾਰ ਵੱਡੇ ਵਿਅਕਤੀ ਦਾ ਆਦਰ ਕਰਨਾ ਛੋਟਿਆਂ ਦਾ ਫਰਜ਼ ਹੈ ਅਤੇ ਵੱਡੇ ਦਾ ਵੀ ਇਹ ਅਧਿਕਾਰ ਹੈ ਕਿ ਛੋਟਿਆਂ ਨੂੰ ਉਹ ਆਪਣੇ ਤਜਰਬੇ ਅਨੁਸਾਰ ਗ਼ਲਤੀਆਂ ਕਰਨ ਤੋਂ ਵਰਜੇ। ਵਰਜਣਾ ਕੋਈ ਮਾੜੀ ਗੱਲ ਨਹੀਂ ਅਤੇ ਨਾ ਹੀ ਉਸ ਦੇ ਅੰਦਰ ਕੋਈ ਗ਼ਲਤ ਭਾਵਨਾ ਹੁੰਦੀ ਹੈ। ਵੱਡੇ ਵਿਅਕਤੀ ਇਸ ਦੌਰ ਵਿੱਚੋਂ ਲੰਘੇ ਹੁੰਦੇ ਹਨ ਅਤੇ ਉਹ ਤਜਰਬੇ ਅਨੁਸਾਰ ਹੀ ਦੂਜੇ ਨੂੰ ਉਸ ਦੇ ਭਲੇ ਲਈ ਵਰਜਦੇ ਹਨ।




# ਪੰਜਾਬ ’ਚ ਖੇਤੀ ਆਧਾਰਿਤ ਸਨਅਤਾਂ ਲਗਾਉਣ ਦੀ ਲੋੜ

**ਪ੍ਰੋਫੈਸਰ ਰਣਜੀਤ ਸਿੰਘ**

ਖੇਤੀ ਪ੍ਰਧਾਨ ਅਤੇ ਸਰਹੱਦੀ ਸੂਬਾ ਹੋਣ ਕਰਕੇ ਕਾਰਨ ਅਤੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਬਣਦੇ ਵਿਗੜਦੇ ਸੰਬੰਧਾਂ ਦੇ ਸੰਦਰਭ ਵਿੱਚ ਰਾਜ ਲਈ ਉਦਯੋਗਿਕ ਨੀਤੀ ਬਣਾਉਣਾ ਤੇ ਲਾਗੂ ਕਰਨਾ ਇੱਕ ਵੱਡੀ ਚੁਣੌਤੀ ਹੈ। ਹਿਮਾਚਲ ਤੇ ਉੱਤਰਾਖੰਡ ਆਦਿ ਨੇੜੇ ਦੇ ਪਹਾੜੀ ਰਾਜਾਂ ਨੂੰ ਸਨਅਤੀ ਵਿਕਾਸ ਲਈ ਮਿਲੀਆਂ ਕੇਂਦਰੀ ਰਿਆਇਤਾਂ ਕਾਰਨ ਵੀ ਰਾਜ ਵਿੱਚ ਸਨਅਤੀ ਵਿਕਾਸ ਲਈ ਇਧਰ-ਉਧਰ ਕਿਸੇ ਹੋਰ ਸੂਬੇ ਦੇ ਉਦਯੋਗ ਦੀ ਸਫਲਤਾ ਜਾਂ ਅਸਫਲਤਾ ਨੂੰ ਆਧਾਰ ਬਣਾ ਕੇ ਇਥੇ ਕਿਸੇ ਪ੍ਰਕਾਰ ਦੇ ਤਜਰਬੇ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਨੂੰ ਖੇਤੀ ਆਧਾਰਿਤ ਹੀ ਆਪਣਾ ਸਨਅਤੀ ਮਾਡਲ ਵਿਕਸਿਤ ਕਰਨ ਦੀ ਲੋੜ ਹੈ।

ਪੰਜਾਬ ’ਚ ਜੋਤਾਂ ਦੇ ਸੁੰਗੜਦੇ ਆਕਾਰ, ਰੁਜ਼ਗਾਰ ਦੇ ਸਰੋਤਾਂ ਦਾ ਲੋੜੀਂਦੀ ਦਰ ਨਾਲ ਵਿਕਸਿਤ ਨਾ ਹੋ ਸਕਣਾ ਅਤੇ ਨੌਜਵਾਨ ਸ਼੍ਰੇਣੀ ਦਾ ਪੜ੍ਹਾਈ ਬਹਾਨੇ ਪ੍ਰਵਾਸ, ਸੂਬੇ ਸਾਹਮਣੇ ਇਹ ਤਿੰਨ ਉਹ ਚੁਣੌਤੀਆਂ ਹਨ, ਜਿਨ੍ਹਾਂ ਨਾਲ ਫੌਰੀ ਤੌਰ ’ਤੇ ਨਜਿੱਠਿਆ ਜਾਣਾ ਬਣਦਾ ਹੈ। ਲਗਭਗ ਛੇ ਕੁ ਮਹੀਨੇ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ‘ਸਰਕਾਰ ਸਨਅਤਕਾਰ ਮਿਲਣੀ’ ਪ੍ਰੋਗਰਾਮ ਤਹਿਤ ਉਦਯੋਗਪਤੀਆਂ ਦੇ ਇੱਕ ਵਫਦ ਨੂੰ ਮਿਲਣ ਤੋਂ ਬਾਅਦ ਉਮੀਦ ਜਤਾਈ ਸੀ ਕਿ ਸੂਬੇ ਵਿੱਚ ਡੇਢ ਤੋਂ ਦੋ ਲੱਖ ਕਰੋੜ ਰੁਪਏ ਦਾ ਨਿਵੇਸ਼ ਹੋ ਸਕਦਾ ਹੈ ਅਤੇ ਪੰਜਾਹ ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਸੰਬੰਧੀ ਤਾਂ ‘ਪੇਪਰ ਦਿਖਾਉਂਦਿਆਂ’ ਸਮਝੌਤਿਆਂ ਅਤੇ ਜ਼ਮੀਨਾਂ ਦੀ ਖਰੀਦ ਤੱਕ ਹੋ ਜਾਣ ਦਾ ਦਾਅਵਾ ਕੀਤਾ ਗਿਆ ਸੀ। ਜੋ ਸਭ ਤੋਂ ਮਹੱਤਵਪੂਰਨ ਗੱਲ ਉਨ੍ਹਾਂ ਕਹੀ, ਉਹ ਇਹ ਸੀ ਕਿ ਸਨਅਤਕਾਰ ਸੂਬੇ ਵਿੱਚ ਮਾਹੌਲ ਤੋਂ ਪੂਰੀ ਤਰ੍ਹਾਂ ਸਤੁੰਸ਼ਟ ਹਨ।

ਪਰੰਤੂ ਹਾਲ ਹੀ ਵਿੱਚ ਉਪਰੋ-ਥੱਲੀ ਵਾਪਰੀਆਂ ਘਟਨਾਵਾਂ ਨੇ ਸਭ ਦਾ ਧਿਆਨ ਖਿੱਚਿਆ ਹੈ। ਪੰਜਾਬ ਦੇ ਪੰਜ ਦਰਜਨ ਦੇ ਕਰੀਬ ਵੱਡੇ ਉਦਯੋਗਿਕ ਘਰਾਣੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਮਿਲੇ ਅਤੇ ਉੱਤਰ ਪ੍ਰਦੇਸ਼ ਵਿੱਚ ਵੱਡਾ ਨਿਵੇਸ਼ ਕਰਨ ’ਚ ਦਿਲਚਸਪੀ ਦਾ ਪ੍ਰਗਟਾਵਾ ਕੀਤਾ।

ਇਸ ਪਹਿਲੂ ਦਾ ਹੈਰਾਨੀਜਨਕ ਪੱਖ ਕਹੋ ਜਾਂ ਚਿੰਤਾਜਨਕ, ਇਨ੍ਹਾਂ ਕਾਰੋਬਾਰੀਆਂ ਨੇ ਉੱਤਰ ਪ੍ਰਦੇਸ਼ ’ਚ ਨਿਵੇਸ਼ ਕਰਨ ਦੀ ਮਜਬੂਰੀ ਪਿੱਛੇ ਪੰਜਾਬ ’ਚ ਅਮਨ ਕਾਨੂੰਨ ਪੱਖੋਂ ਵਿਗੜ ਰਹੇ ਹਾਲਾਤ ਨੂੰ ਜ਼ਿੰਮੇਵਾਰ ਦੱਸਿਆ। ਸੂਬੇ ’ਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਕਾਰੋਬਾਰੀ ਘਰਾਣੇ ਪੰਜ ਲੱਖ ਕਰੋੜ ਰੁਪਏ ਉੱਤਰ ਪ੍ਰਦੇਸ਼ ਵਿੱਚ ਇਸ ਕਰਕੇ ਨਿਵੇਸ਼ ਕਰ ਰਹੇ ਹਨ, ਕਿਉਂਕਿ ਸਨਅਤਕਾਰ ਵਰਗ ਨੂੰ ਸੂਬੇ ਦਾ ਸੁਰੱਖਿਆ ਦੇ ਪੱਖ ਤੋਂ ਮਾਹੌਲ ਇਸ ਵਕਤ ਉਦਯੋਗਾਂ ਲਈ ਸੁਖਾਵਾਂ ਨਹੀਂ ਲਗਦਾ।

ਲੁਧਿਆਣੇ ਦੇ ਇੱਕ ਹੌਜ਼ਰੀ ਸਨਅਤਕਾਰ ਨੂੰ ਦਿਨ-ਦਿਹਾੜੇ ਉਸੇ ਦੀ ਗੱਡੀ ’ਚ ਅਗਵਾ ਕਰ ਲੈਣ ਉਪਰੰਤ ਘੰਟਿਆਂਬੱਧੀ ਉਸ ਨੂੰ ਨਾ ਕੇਵਲ ਸ਼ਹਿਰ ’ਚ ਘੁੰਮਾਇਆ ਗਿਆ ਬਲਕਿ ਉਸੇ ਦੇ ਹੀ ਫ਼ੋਨ ਤੋਂ ਉਸ ਦੀ ਪਤਨੀ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਅਤੇ ਅਸਫਲ ਰਹਿਣ ਉਪਰੰਤ ਉਸ ਨੂੰ ਗੋਲੀ ਮਾਰ ਕੇ ਗੱਡੀ ’ਚੋਂ ਸੁੱਟ ਜਾਣ ਉਪਰੰਤ ਜਿਵੇਂ ਅਗਵਾਕਾਰ ਬਗੈਰ ਕਿਸੇ ਡਰ-ਭੈਅ ਤੋਂ ਫਰਾਰ ਹੋਣ ’ਚ ਸਫਲ ਹੋਏ ਹਨ, ਉਸ ਨਾਲ ਸੂਬੇ ਦੇ ਵਪਾਰੀ ਅਤੇ ਕਾਰੋਬਾਰੀ ਵਰਗ ’ਚ ਡਾਢੀ ਚਿੰਤਾ ਪਾਈ ਜਾਣੀ ਸੁਭਾਵਿਕ ਹੈ। ਦੂਜੇ ਪਾਸੇ ਯੋਗੀ ਆਦਿੱਤਿਆਨਾਥ ਦੀ ਸਮਾਜ ਵਿਰੋਧੀ ਤੱਤਾਂ ਪ੍ਰਤੀ ਦਿਖਾਈ ਗਈ ਸਖ਼ਤੀ ਤੋਂ ਸਮਾਜ ਦਾ ਕਾਰੋਬਾਰੀ ਤਬਕਾ ਪ੍ਰਭਾਵਿਤ ਹੋਇਆ ਹੈ।

ਪਾਠਕ ਵਰਗ ਦਾ ਧਿਆਨ ਤਜਰਬੇ ਦੀ ਜ਼ਰੂਰੀ ਲੋੜ ’ਤੇ ਇਸ ਕਰਕੇ ਕੇਂਦਰਿਤ ਕਰਨਾ ਚਾਹੁੰਦੇ ਹਾਂ, ਕਿਉਂਕਿ ਮੁੱਦਾ ਬੇਹੱਦ ਸੰਵੇਦਨਸ਼ੀਲ ਹੈ। ਨਵੇਂ ਉਦਯੋਗ ਨੂੰ ਪ੍ਰਫੁਲਿਤ ਕਰਨਾ ਹੈ ਇਸ ਲਈ ਨਵਿਆਂ ਨੂੰ ਸਬਸਿਡੀ ਅਤੇ ਹੋਰ ਟੈਕਸ ’ਚ ਸਹੂਲਤਾਂ ਦੇਣੀਆਂ ਬਣਦੀਆਂ ਹਨ। ਪਰੰਤੂ ਪਹਿਲਾਂ ਤੋਂ ਚੱਲ ਰਹੇ ਉਦਯੋਗ ਦੇ ਹਿਤਾਂ ਦਾ ਵੀ ਧਿਆਨ ਰੱਖਣਾ ਹੈ।

ਪੁਰਾਣੇ ਦੀ ਕੀਮਤ ’ਤੇ ਨਵਾਂ ਨਹੀਂ ਉਸਾਰਿਆ ਜਾਣਾ ਚਾਹੀਦਾ। ਇਸ ਦੇ ਨਾਲ ਹੀ ਗੁਆਂਢੀ ਅਤੇ ਪਹਾੜੀ ਸੂਬਿਆਂ ’ਚ ਉਦਯੋਗਿਕ ਖੇਤਰ ਨੂੰ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਗੁਆਂਢੀ ਸੂਬਿਆਂ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਰਿਆਇਤਾਂ ਦੀ ਤਰਜ਼ ’ਤੇ ਹੀ ਪੰਜਾਬ ਸਰਕਾਰ ਵੱਲੋਂ ਨਵੇਂ ਉਦਯੋਗਾਂ ਲਈ ਨੀਤੀ ਬਣਾਈ ਗਈ ਸੀ, ਜਿਸ ਦੇ ਤਹਿਤ ਨਵੇਂ ਉਦਯੋਗ ਨੂੰ ਸਰਕਾਰ ਵੱਲੋਂ ਨਿਵੇਸ਼ ਕੀਤੀ ਧਨ ਰਾਸ਼ੀ ਦਾ 200 ਫ਼ੀਸਦੀ ਰਿਫੰਡ ਕਰਨ ਦਾ ਵਾਅਦਾ ਕੀਤਾ ਗਿਆ ਸੀ, ਸਸਤੀ ਦਰ ’ਤੇ ਬਿਜਲੀ ਅਤੇ ਜ਼ਮੀਨ ਖਰੀਦਣ ਲਈ ਅਸ਼ਟਾਮ ਖਰਚਾ ਸੌ ਪ੍ਰਤੀਸ਼ਤ ਮੁਆਫ ਕੀਤਾ ਗਿਆ।

ਪੁਰਾਣੇ ਸਨਅਤਕਾਰਾਂ ਦੇ ਵਫਦ ਨੇ ਨਿਵੇਸ਼ ਸੰਮੇਲਨ ’ਚ ਸਰਕਾਰ ਕੋਲ ਬਾਕਾਇਦਾ ਚਿੰਤਾ ਜ਼ਾਹਿਰ ਕੀਤੀ ਸੀ ਕਿ ਨਵੀਂ ਉਦਯੋਗਿਕ ਨੀਤੀ ਸੂਬੇ ’ਚ ਪਹਿਲਾਂ ਚੱਲ ਰਹੇ ਉਦਯੋਗ ਨੂੰ ਵੱਡੀ ਸੱਟ ਮਾਰੇਗੀ। ਕਾਰਨ ਸਸਤੀ ਬਿਜਲੀ, ਜੀ.ਐਸ.ਟੀ. ’ਚ 8 ਸਾਲ ਦੀ ਛੋਟ ਵਾਲੇ ਉਦਯੋਗ ਦੀ ਪੈਦਾਵਾਰ ਦੀਆਂ ਕੀਮਤਾਂ ਦਾ ਮੁਕਾਬਲਾ ਪੁਰਾਣਾ ਉਦਯੋਗਿਕ ਖੇਤਰ ਕਿਵੇਂ ਕਰ ਸਕੇਗਾ? ਇੱਥੋਂ ਤਕ ਕੁਝ ਨਿਵੇਸ਼ਕਾਂ ਨੇ ਕਿਹਾ ਕਿ ਜੇਕਰ ਨਵੀਂ ਉਦਯੋਗਿਕ ਨੀਤੀ ਨੂੰ ਮੁੜ ਨਾ ਵਿਚਾਰਿਆ ਗਿਆ ਤਾਂ ਪੰਜਾਬ ਦੇ ਉਦਯੋਗਪਤੀਆਂ ਨੂੰ ਸੂਬੇ ਤੋਂ ਬਾਹਰ ਕਾਰੋਬਾਰ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਯੋਗੀ ਆਦਿੱਤਿਆਨਾਥ ਨੂੰ ਮਿਲਣ ਵਾਲੇ ਵਫਦ ਨੇ ਇਹੀ ਗੱਲ ਦੁਹਰਾਈ ਹੈ ਕਿ ਸਾਨੂੰ ਉੱਤਰ-ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਪੇਸ਼ਕਸ਼ ਮਜਬੂਰੀ ਵਿੱਚ ਸਵੀਕਾਰ ਕਰਨੀ ਪਈ ਹੈ।

ਇਸੇ ਲਈ ਅਸੀਂ ਲਿਖਿਆ ਸੀ ਕਿ ਕਾਰਜ ਖੇਤਰ ਕੋਈ ਵੀ ਹੋਵੇ, ‘ਤਜਰਬੇ’ ਦੇ ਮਹੱਤਵ ਨੂੰ ਅਣਗੌਲਿਆਂ ਕਰਕੇ ਨਹੀਂ ਦੇਖਿਆ ਜਾ ਸਕਦਾ। ਅਜਿਹੇ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨ ਲਈ ਪ੍ਰੌੜ੍ਹ ਅਤੇ ਦੂਰ-ਅੰਦੇਸ਼ੀ ਸਿਆਣਪ ਭਰੇ ਫ਼ੈਸਲੇ ਲੈਣ ਦੀ ਲੋੜ ਹੁੰਦੀ ਹੈ, ਜਿਸ ਦੀ ਅਣਹੋਂਦ ਦੇ ਚਲਦਿਆਂ ਹੀ ਸੂਬੇ ਦੇ ਕਾਰੋਬਾਰੀ ਸ਼ਾਇਦ ਉੱਤਰ ਪ੍ਰਦੇਸ਼ ਵੱਲ ਰੁਖ ਕਰਨ ਲਈ ਮਜਬੂਰ ਹੋਏ ਹੋਣਗੇ। ਇਸ ਦੀ ਪੰਜਾਬ ਨੂੰ ਆਉਣ ਵਾਲੇ ਸਮੇਂ ’ਚ ਡਾਢੀ ਕੀਮਤ ਚੁਕਾਉਣੀ ਪੈ ਸਕਦੀ ਹੈ।

**ਉਦਯੋਗਾਂ ਦਾ ਮਹੱਤਵ**

ਸੂਬੇ ਦੇ ਕੁੱਲ ਰੁਜ਼ਗਾਰ ਵਸੀਲਿਆਂ ਦਾ 23% ਇਕੱਲਾ ਉਦਯੋਗਿਕ ਖੇਤਰ ਸੰਭਾਲ ਰਿਹਾ ਹੈ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਉਦਯੋਗ ਤਰੱਕੀ ਕਰਦਾ ਹੈ, ਸੂਬੇ ਦੀ ਆਰਥਿਕਤਾ ਨੂੰ ਬਹੁ-ਧਾਰਾਵੀ ਹੁਲਾਰਾ ਮਿਲਦਾ ਹੈ। ਮਸਲਨ ਬੈਂਕਾਂ, ਬੀਮਾ ਖੇਤਰ, ਸੜਕਾਂ, ਟਰਾਂਸਪੋਰਟ, ਸੰਚਾਰ ਵਿਵਸਥਾ ਆਦਿ ਨਾਲ ਜੁੜੀਆਂ ਸੇਵਾਵਾਂ ’ਚ ਇਜ਼ਾਫਾ ਹੋਣਾ ਲਾਜ਼ਮੀ ਹੈ। ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਉਕਤ ਸੇਵਾਵਾਂ ’ਚ ਵਾਧਾ ਅੱਗੇ ਕਿੰਨੇ ਹੀ ਲੋਕਾਂ ਲਈ ਰੁਜ਼ਗਾਰ ਦੇ ਅਵਸਰ ਲੈ ਕੇ ਹਾਜ਼ਰ ਹੋਵੇਗਾ।

ਹੁਣ ਇਸੇ ਕੜੀ ਨੂੰ ਉਲਟ ਦਿਸ਼ਾ ਵੱਲੋਂ ਸ਼ੁਰੂ ਕਰਕੇ ਅੱਗੇ ਵਧਣ ਦੀ ਕੋਸ਼ਿਸ਼ ਕਰੋ। ਜੇਕਰ ਸਥਾਪਿਤ ਉਦਯੋਗ ਆਪਣਾ ਬੋਰੀਆ-ਬਿਸਤਰਾ ਸਮੇਟ ਕੇ ਸੂਬੇ ਤੋਂ ਰੁਖਸਤ ਹੋ ਜਾਂਦੇ ਹਨ ਤਾਂ ਰੁਜ਼ਗਾਰ ਅਤੇ ਵਿਕਾਸ ਦੇ ਉਹ ਸਾਰੇ ਪਹਿਲੂ ਪ੍ਰਭਾਵਿਤ ਹੋਏ ਬਿਨਾਂ ਕਿਵੇਂ ਰਹਿ ਸਕਦੇ ਹਨ? ਇਕੱਲਾ ਹੀਰੋ ਸਾਈਕਲ ਗਰੁੱਪ ਹੀ 500 ਕਰੋੜ ਰੁਪਏ ਉੱਤਰ ਪ੍ਰਦੇਸ਼ ’ਚ ਨਿਵੇਸ਼ ਕਰਨ ਦੇ ਸਮਝੌਤਾ ਪੱਤਰ ’ਤੇ ਦਸਤਖ਼ਤ ਕਰਕੇ ਆਇਆ ਹੈ, ਜਦੋਂ ਕਿ ਇਸ ਦਿਸ਼ਾ ਵੱਲ 300 ਕਰੋੜ ਰੁਪਏ ਨਾਲ ਦੂਜੇ ਨੰਬਰ ’ਤੇ ਅੱਗੇ ਵਧਣ ਵਾਲਾ ‘ਏਵਨ ਸਾਈਕਲ ਸਮੂਹ’ ਹੈ। ਫਿਰ ਇਹ ਘਰਾਣੇ ਆਪਣੇ ਕਾਰੋਬਾਰ ਦਾ ਵਿਸਤਾਰ ਉੱਤਰ ਪ੍ਰਦੇਸ਼ ਵਿਚ ਹੀ ਕਰਨਗੇ, ਪੰਜਾਬ ਕੀ ਕਰਨ ਆਉਣਾ ਹੈ ਅਗਲਿਆਂ ਨੇ?

ਪੰਜਾਬ ’ਚ ਸੜਕੀ ਅਤੇ ਰੇਲ ਆਵਾਜਾਈ ਦਾ ਵਿਵਸਥਾਗਤ ਢਾਂਚਾ ਬਾਕੀ ਸੂਬਿਆਂ ਦੇ ਮੁਕਾਬਲਤਨ ਵਧੀਆ ਹੀ ਮੰਨਿਆ ਜਾਂਦਾ ਹੈ ਪਰੰਤੂ ਫਿਰ ਵੀ ਰਾਸ਼ਟਰੀ ਘਰੇਲੂ ਪੈਦਾਵਾਰ ’ਚ ਪੰਜਾਬ ਦਾ ਔਸਤਨ ਯੋਗਦਾਨ ਘੱਟ ਰਿਹਾ ਹੈ, ਜਦੋਂ ਕਿ ਹੋਰ ਸੂਬੇ ਇਸ ਔਸਤ ’ਚ ਵਾਧਾ ਦਿਖਾ ਰਹੇ ਹਨ, ਭਾਵੇਂ ਕਿ ਉਹ ਸੂਬੇ ‘ਵਿਕਾਸ ਮੁਲਾਂਕਣ ਦੀ ਕਿਸੇ ਵੀ ਪੱਧਤੀ’ ’ਤੇ ਪੰਜਾਬ ਤੋਂ ਅੱਗੇ ਨਹੀਂ ਹਨ। ਜਿਸ ਦਾ ਸਪੱਸ਼ਟ ਭਾਵ ਇਹੀ ਬਣਦਾ ਹੈ ਕਿ ਪੰਜਾਬ ਵਿੱਚ ਉਦਯੋਗ ਬੁਰੀ ਤਰ੍ਹਾਂ ਲੜਖੜਾ ਗਿਆ ਹੈ। ਲੋਹਾ ਇਸਪਾਤ ਦੇ ਉਦਯੋਗ ’ਚ ਮੰਡੀ ਗੋਬਿੰਦਗੜ੍ਹ ਦਾ ਨਾਂਅ ਕਿਸੇ ਵਕਤ ਦੁਨੀਆਂ ਦੇ ਨਕਸ਼ੇ ’ਤੇ ਦਿਖਾਈ ਪੈਂਦਾ ਸੀ ਪਰੰਤੂ ਹੁਣ ਇਸ ਨਗਰੀ ਦੀ ਹਾਲਤ ਕਿਸੇ ਤੋਂ ਗੁੱਝੀ ਨਹੀਂ ਹੈ। ਕਿਸੇ ਖੇਤਰ ਦੀ ਨਾਂਹ-ਪੱਖੀ ਰਿਪੋਰਟ ਰਾਤੋ-ਰਾਤ ਪੈਦਾ ਹੋਏ ਹਾਲਾਤ ਦੀ ਵਜ੍ਹਾ ਨਾਲ ਨਹੀਂ ਬਣਦੀ। ਉੱਤਰ ਪ੍ਰਦੇਸ਼ ਜਾ ਕੇ ਕਾਰੋਬਾਰ ਕਰਨ ਦੀ ਦਿਲਚਸਪੀ ਦਾ ਪ੍ਰਗਟਾਵਾ ਮਹਿਜ਼ ਪੰਜ-ਸੱਤ ਲੱਖ ਕਰੋੜ ਰੁਪਏ ਦੇ ਨਿਵੇਸ਼ ਦਾ ਸਵਾਲ ਨਹੀਂ ਹੈ, ਬਲਕਿ ਮਾਮਲਾ ਭਵਿੱਖ ਵਿਚਲੀ ਉਦਯੋਗ ਦੀ ਦਿਸ਼ਾ ਦਾ ਹੈ।

**ਸੈਰ ਸਪਾਟਾ ਵਿਭਾਗ**

ਇਸ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ ‘ਸੈਰ ਸਪਾਟਾ ਸਨਅਤ’ ਨੂੰ ਪ੍ਰਫੁਲਿਤ ਕਰਨ ਦੀ ਮਨਸ਼ਾ ਨਾਲ ਕਰੋੜਾਂ ਰੁਪਏ ਖਰਚ ਕੇ ‘ਨਿਵੇਸ਼ ਸੰਮੇਲਨ’ ਕਰਵਾਇਆ ਗਿਆ ਸੀ। ਇੱਕ ਵੀ ਨਿਵੇਸ਼ਕ ਪੰਜਾਬ ’ਚ ਨਿਵੇਸ਼ ਕਰਨ ਲਈ ਰਾਜ਼ੀ ਨਹੀਂ ਹੋਇਆ। ਵਿਭਾਗ ਦੇ ਇੱਕ ਅਧਿਕਾਰੀ ਨੇ ਦੱਬਵੀਂ ਸੁਰ ਵਿੱਚ ਕਿਹਾ ਕਿ ਸੰਮੇਲਨ ਦੀ ਅਸਫ਼ਲਤਾ ਪਿੱਛੇ ਕਾਰਨ ਭਾਵੇਂ ਬਾਹਰੀ ਵਾਤਾਵਰਨ ਦਾ ਅਨੁਕੂਲ ਨਾ ਹੋਣਾ ਦੱਸਿਆ ਜਾ ਰਿਹਾ ਹੋਵੇ ਪਰੰਤੂ ਅਸਲ ’ਚ ਇਹ ‘ਤਿਆਰੀ ਤੇ ਤਜਰਬੇ’ ਦੀ ਘਾਟ ਹੀ ਸੀ ਕਿ ਅਸੀਂ ਨਿਵੇਸ਼ਕਾਂ ਵੱਲੋਂ ਉਠਾਏ ਗਏ ਪ੍ਰਸ਼ਨ ਕਿ ‘ਸਰ੍ਹੋਂ ਦੇ ਖੇਤਾਂ ਤੋਂ ਬਿਨਾਂ ਪੰਜਾਬ ’ਚ ਦੇਖਣਯੋਗ ਕੀ ਹੈ?’ ਦਾ ਉੱਤਰ ਦੇਣ ’ਚ ਨਾਕਾਮਯਾਬ ਰਹੇ ਹਾਂ। ਸੂਬੇ ਦੇ ਕਰੋੜਾਂ ਰੁਪਏ ਅਜਾਈਂ ਚਲੇ ਗਏ। ਇੱਕ ਵੀ ਐਮ.ਓ.ਯੂ. ਸਾਈਨ ਨਹੀਂ ਹੋਇਆ। ਇਥੇ ਇੰਨਾ ਹੀ ਕਹਿਣਾ ਉਚਿਤ ਹੋਵੇਗਾ ਕਿ ਕਿਸੇ ਪ੍ਰਾਂਤਕ ਜਾਂ ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਦੋ ਸਾਲ ਦਾ ਸਮਾਂ ਥੋੜ੍ਹਾ ਨਹੀਂ ਹੁੰਦਾ। ਬਾਕੀ ਰਹਿ ਗਏ ਤਿੰਨ ਸਾਲਾਂ ਵਿੱਚ ਸੂਬੇ ਦੀ ਤਸਵੀਰ ਕਿਹੋ ਜਿਹੀ ਉੱਘੜ ਕੇ ਸਾਹਮਣੇ ਆਵੇਗੀ, ਅੰਦਾਜ਼ਾ ਲਗਾਉਣਾ ਵੀ ਕਠਿਨ ਨਹੀਂ ਹੈ।



# ਘੱਲੂਘਾਰਾ ਜਾਂ ਇੰਡੋ ਸਿੱਖ ਵਾਰ?

ਕਿਸ਼ਤ ਦੂਜੀ

ਗੁਰਚਰਨਜੀਤ ਸਿੰਘ ਲਾਂਬਾ

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਇਸ ਤਰ੍ਹਾਂ ਪੰਡਿਤ ਨਹਿਰੂ ਦੇ ਕਾਲ ਵਿੱਚ ਘਟੀ ਘਟਨਾ ਇੱਕ ਬੀਜ ਮਾਤਰ ਸੀ ਜੋ ਨਾਸੂਰ ਬਣ ਕੇ 1984 ਵਿੱਚ ਫ਼ਟਿਆ।

ਦਰਬਾਰ ਸਾਹਿਬ ’ਤੇ ਹਮਲੇ ਬਾਰੇ ਭਾਵੇਂ ਸਰਕਾਰ ਨੇ ਅਤੇ ਭਾਵੇਂ ਸ਼੍ਰੋਮਣੀ ਕਮੇਟੀ ਨੇ ਵੀ ਵਾਈਟ ਪੇਪਰ ਛਾਪੇ ਹਨ। ਭਾਵੇਂ ਇਸ ਬਾਰੇ ਸੈਂਕੜੇ ਕਿਤਾਬਾਂ ਛਪ ਚੁਕੀਆਂ ਹਨ ਪਰ ਇਤਨੇ ਵੱਡੇ ਕਾਂਡ ਦੇ ਪਿਛੇ ਮਨਸ਼ਾ ਕੀ ਸੀ? ਇਸ ਬਾਰੇ ਬਹੁਤ ਕੁਝ ਜ਼ਾਹਿਰ ਹੋਣਾ ਬਾਕੀ ਹੈ। ਇਸ ਪਿਛੋਕੜ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਭਾਰਤ ਸਰਕਾਰ ਤੇ 1000 ਕਰੋੜ ਦੇ ਹਰਜਾਨੇ ਦਾ ਮੁਕੱਦਮਾ ਦਰਜ ਕਰਵਾਇਆ ਸੀ। ਉਸ ਵਿੱਚ ਟੋਹੜਾ ਸਾਹਿਬ ਨੇ ਦਿੱਲੀ ਉੱਚ ਅਦਾਲਤ ਵਿੱਚ ਆਪਣਾ ਹਲਫੀਆ ਬਿਆਨ ਦਰਜ ਕਰਵਾਇਆ ਸੀ। ਇਹ ਇਕ ਅਹਿਮ ਕੜੀ ਅਤੇ ਦਸਤਾਵੇਜ਼ ਹੈ। ਇਸ ਵਿੱਚ ਅੰਕਤ ਹੈ ਕਿ ਇੰਦਰਾ ਗਾਂਧੀ ਨਾਲ ਇੱਕ ਮੀਟਿੰਗ ਹੋਈ। ਇਸ ਵਿੱਚ ਪ੍ਰਣਬ ਮੁਖਰਜੀ, ਜ਼ੈਲ ਸਿੰਘ, ਪ੍ਰਕਾਸ਼ ਸਿੰਘ ਬਾਦਲ, ਹਰਚੰਦ ਸਿੰਘ ਲੌਂਗੋਵਾਲ, ਰਵੀ ਇੰਦਰ ਸਿੰਘ ਅਤੇ ਦੋ ਵਜ਼ੀਰ ਸ਼ਾਮਲ ਸਨ। ਟੋਹੜਾ ਸਾਹਿਬ ਦੇ ਮੁਤਾਬਕ ਉਹਨਾਂ ਨੇ ਇੰਦਰਾ ਗਾਂਧੀ ਨੂੰ ਬਾਰ ਬਾਰ ਪੁੱਛਿਆ ਗਿਆ ਕਿ ਉਸ ਦਾ ਵਤੀਰਾ ਸਿੱਖਾਂ ਨਾਲ ਇਸ ਤਰ੍ਹਾਂ ਕਿਉਂ ਹੈ, ਜਿਸਦਾ ਜਵਾਬ ਉਹ ਦੇਣਾ ਨਹੀਂ ਸੀ ਚਾਹ ਰਹੀ। ਆਖ਼ਰ ਜ਼ਿਆਦਾ ਜ਼ੋਰ ਦੇਣ ’ਤੇ ਇੰਦਰਾ ਗਾਂਧੀ ਨੇ ਕਿਹਾ ਕਿ ਤੁਸੀਂ ਅਕਾਲ ਤਖ਼ਤ ਤੋਂ ਐਮਰਜੈਂਸੀ ਵਿੱਚ ਮੋਰਚਾ ਲਗਾਇਆ। ਇਸ ਬਿਆਨ ਵਿੱਚ ਅੰਕਤ ਹੈ,

'On my insistence for a reply Mrs. Gandhi replied that during the emergency days Sikhs of Akali Dal had made Ardas at Akal Takhat and had participated in the Morcha against the emergency in a similar way they had performed Ardas at Akal Takhat and were coming to Delhi for march against here. I told her that despite the first time that the participants in the Morcha were beaten .. on the way and three of them were shot dead at Madhuban in Haryana State they did not break their pledge to remain peaceful and could not have any revenge to that.....Our ardas at Akal Takhat was that we would remain peaceful and would not raise and slogan and accordingly we took out peaceful silent procession carrying only placards and even without raising slogans 'Jaikara'. He went on to say that we got the impression that Smt. Gandhi had vendetta against Sikhs for their role in emergency morchas.

(ਮੇਰੇ ਵੱਲੋਂ ਜਵਾਬ ਲਈ ਜ਼ੋਰ ਦੇਣ ’ਤੇ ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਐਮਰਜੈਂਸੀ ਦੇ ਦੌਰਾਨ ਅਕਾਲੀ ਦਲ ਅਤੇ ਇਸਦੇ ਸਿੱਖਾਂ ਵੱਲੋਂ ਅਕਾਲ ਤਖ਼ਤ ’ਤੇ ਅਰਦਾਸ ਕੀਤੀ ਇਸੇ ਤਰ੍ਹਾਂ ਅਕਾਲ ਤਖ਼ਤ ’ਤੇ ਅਰਦਾਸ ਕਰਕੇ ਐਮਰਜੈਂਸੀ ਦੇ ਖ਼ਿਲਾਫ਼ ਮਾਰਚ ਲਈ ਦਿੱਲੀ ਆ ਰਹੇ ਸਨ। ਮੈਂ ਉਸਨੂੰ ਦੱਸਿਆ ਕਿ ਭਾਵੇਂ ਸਿੱਖਾਂ ਦੀ ਮਾਰ ਕੁੱਟ ਕੀਤੀ ਗਈ .........ਰਸਤੇ ਵਿੱਚ ਮਧੂਬਨ ਉਹਨਾਂ ’ਤੇ ਗੋਲੀ ਚਲਾਈ ਗਈ ਅਤੇ ਇਸ ਨਾਲ ਤਿੰਨ ਸ਼ਹੀਦ ਹੋ ਗਏ ਪਰ ਇਸ ਦੇ ਬਾਵਜੂਦ ਉਹਨਾਂ ਨੇ ਸ਼ਾਂਤਮਈ ਰਹਿਣ ਦੀ ਅਰਦਾਸ ਨੂੰ ਭੰਗ ਨਹੀਂ ਕੀਤਾ.......ਅਕਾਲ ਤਖ਼ਤ ਸਾਹਿਬ ’ਤੇ ਸਾਡੀ ਅਰਦਾਸ ਸੀ ਕਿ ਮਾਰਚ ਵਿੱਚ ਅਸੀਂ ਸ਼ਾਂਤਮਈ ਰਹਾਂਗੇ ਅਤੇ ਕੋਈ ਨਾਅਰੇ ਨਹੀਂ ਲਾਵਾਂਗੇ, ਇਸ ਮੁਤਾਬਕ ਇਹ ਮਾਰਚ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ। ਕੇਵਲ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਇੱਥੋਂ ਤਕ ਕਿ ਜੈਕਾਰਾ ਵੀ ਨਹੀਂ ਗਜਾਇਆ ਗਿਆ। ਸਾਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਸ਼੍ਰੀਮਤੀ ਗਾਂਧੀ ਸਿੱਖਾਂ ਵਲੋਂ ਐਮਰਜੈਂਸੀ ਦੌਰਾਨ ਹਿੱਸਾ ਲੈਣ ਲਈ ਖੁੰਦਕ ਰਖ ਰਹੀ ਸੀ।)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ ਮਾਤਰ ਲਈ ਰੂਹਾਨੀਅਤ ਦਾ ਕੇਂਦਰ ਹੈ ਅਤੇ ਸ੍ਰੀ ਅਕਾਲ ਤਖ਼ਤ ਜ਼ੁਲਮ, ਨਾ-ਇਨਸਾਫੀ ਲਈ ਇੱਕ ਦੁਰਗ ਹੈ। ਹਾਲਾਂਕਿ ਇਸੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਬਲਾਵਾਂ ਨੂੰ ਮੁਕਤ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ। ਇਸੇ ਅਕਾਲ ਤਖ਼ਤ ਸਾਹਿਬ ਤੋਂ ਲਾਲ ਕੁੜਤੀ ਮੁਹਿੰਮ ਸਮੇਂ ਪਠਾਣਾ ਦੀ ਹਿਮਾਇਤ ’ਤੇ ਜਥੇ ਭੇਜੇ ਗਏ। ਇਸੇ ਹੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਲਈ ਜਦੋਜਹਿਦ ਹੋਈਆਂ। ਹੁਣ ਅਕਾਲ ਤਖ਼ਤ ਸਾਹਿਬ ਦਾ ਇਹੀ ਕਰਤਬ ਸਰਕਾਰ ਨੂੰ ਨਾ-ਮਨਜ਼ੂਰ ਹੋ ਗਿਆ। ਯਾਨਿ ਕਿ ਮੀਰੀ ਪੀਰੀ ਦੇ ਇਸ ਸਥਾਨ ਤੋਂ ਕੋਈ ਮੋਰਚਾ ਜਾਂ ਮੁਹਿੰਮ ਨਹੀਂ ਚਲਣ ਦਿੱਤੀ ਜਾਏਗੀ। ਇਹ ਸਹੀ ਹੈ ਕਿ 1984 ਤੋਂ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਕੋਈ ਮੋਰਚਾ, ਭਾਵੇਂ ਸੰਕੇਤਕ ਹੀ ਕਿਉਂ ਨਾ ਹੋਵੇ ਨਹੀਂ ਲਗਿਆ। ਇੱਥੇ ਯਾਦ ਰਖਣ ਦੀ ਲੋੜ ਹੈ ਕਿ ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਸਿਰਜੇ ਮੀਰੀ ਪੀਰੀ ਦੇ ਇਸ ਤਖ਼ਤ ਦਾ ਮਾਲਕ ਮਾਲਕ ਖੁਦ ਅਕਾਲ ਪੁਰਖ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਰਪਾ ਕਰਦੇ ਹਨ ਕਿ ਅਕਾਲ ਪੁਰਖ ਹੀ ਮੀਰੀ-ਪੀਰੀ ਦਾ ਮਾਲਕ ਹੈ।

ਖੁਦਾਵੰਦ ਬਖਸ਼ਿੰਦਹੇ ਦਿਲ ਕਰਾਰ॥
ਰਜ਼ਾ ਬਖ਼ਸ਼ ਰੋਜ਼ੀ ਦਿਹੋ ਨਉਬਹਾਰ॥੧॥
ਕਿ ਮੀਰ ਅਸਤ ਪੀਰ ਅਸਤ ਹਰ ਦੋ ਜਹਾਂ॥
ਖੁਦਾਵੰਦ ਬਖ਼ਸ਼ਿੰਦਹ ਹਰ ਯਕ ਅਮਾਂ॥੨॥

(ਵਾਹਿਗੁਰੂ ਬਖ਼ਸ਼ਣ ਹਾਰ, ਮਨ ਨੂੰ ਟਿਕਉ ਦੇਣ ਵਾਲਾ ਅਤੇ ਹਮੇਸ਼ਾ ਖੇੜਾ ਬਖ਼ਸ਼ਣ ਵਾਲਾ ਹੈ। ਉਹ ਮੀਰੀ ਪੀਰੀ ਦਾ ਬਾਦਸ਼ਾਹ, ਦੋਹਾਂ ਜਹਾਨਾਂ ਦਾ ਮਾਲਕ ਹੈ ਅਤੇ ਹਰ ਇੱਕ ’ਤੇ ਬਖ਼ਸ਼ਿਸ਼ਾਂ ਕਰਨ ਵਾਲਾ ਹੈ।)

ਮੀਰੀ ਪੀਰੀ ਦੇ ਇਸ ਸੰਕਲਪ ਦਾ ਵਾਰਿਸ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਹੈ। ਉਹ ਇਹ ਬਿਰਦ ਨਿਭਾਉਂਦਾ ਰਿਹਾ ਹੈ ਅਤੇ ਨਿਭਾਉਂਦਾ ਰਹੇਗਾ।

ਗੁਰਚਰਨਜੀਤ ਸਿੰਘ ਲਾਂਬਾ

ਘੱਲੂਘਾਰਾ ਜਾਂ ਇੰਡੋ ਸਿੱਖ ਵਾਰ?

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਨਿਸ਼ਚਿਤ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਇਹ ਮਹਾਨ ਪਵਿਤ੍ਰਤਮ ਸਥਾਨ ਮਾਤਾ ਧਰਤਿ ਮਹਤੁ ਦੀ ਗੋਦੀ ਵਿੱਚ ਸਾਖਿਆਤ ਪ੍ਰਗਟ ਹੋਇਆ ਹੈ। ਹਰਿਦਾਸ ਕਵੀ ਨੇ ਅੰਕਤ ਕੀਤਾ ਹੈ ਕਿ ਕਰਤਾ ਪੁਰਖ ਨੇ ਜਦੋਂ ਬੈਕੁੰਠ ਅਤੇ ਹਰਿਮੰਦਰ ਨੂੰ ਤੋਲਿਆ ਤਾਂ ਬੈਕੁੰਠ ਹੋਲਾ ਹੋਣ ਕਾਰਨ ਉਤੇ ਚਲਾ ਗਿਆ ਅਤੇ ਹਰਿਮੰਦਰ ਸਾਹਿਬ ਭਾਰਾ ਹੋਣ ਕਰਕੇ ਧਰਤੀ ’ਤੇ ਆ ਗਿਆ।

ਹਰਿਮੰਦਰ ਬੈਕੁੰਠ ਕੌ, ਤੋਲਿਓ ਹਰਿ ‘ਹਰਿਦਾਸ’।
ਗੌਰਾ ਸੁ ਧਰਨੀ ਰਹਿਓ, ਹੌਰਾ ਚੜਿਓ ਅਕਾਸ॥

ਪਰ ਜੂਨ 1984 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਹੋਇਆ ਹਮਲਾ ਮਾਨਵਤਾ ਦੇ ਇਤਿਹਾਸ ਦਾ ਕਰੂਰਤਮ ਅਤੇ ਕਹਿਰ ਵਾਲਾ ਕਾਲਾ ਦਿਨ ਹੈ। 1984 ਤੋਂ 2024 ਤਕ ਦਾ ਸਫ਼ਰ 40 ਸਾਲ ਬੀਤ ਜਾਣ ਦੇ ਬਾਵਜੂਦ ਇਹ ਜ਼ਖਮ ਅਜੇ ਵੀ ਪੂਰੀ ਤਰ੍ਹਾਂ ਅੱਲ੍ਹੇ ਹਨ। ਹਰਿਮੰਦਰ ਸਾਹਿਬ ਸਿੱਖੀ ਦੀ ਆਤਮਾ ਹੈ। ਹਰਿਮੰਦਰ ਸਾਹਿਬ ’ਤੇ ਟੈਂਕ ਅਤੇ ਤੋਪਾਂ ਚਾੜ੍ਹ ਕੇ ਕੀਤਾ ਗਿਆ ਹਮਲਾ ਸਿੱਖਾਂ ਅਤੇ ਸਿੱਖੀ ’ਤੇ ਹਮਲਾ ਹੈ। ਇਹ ਹਮਲਾ ਕੋਈ ਅਚਨਚੇਤ ਵਾਪਰੀ ਘਟਨਾ ਨਹੀਂ ਸੀ। ਇਸ ਪਿੱਛੇ ਦਹਾਕਿਆਂ ਲੰਮਾ ਇਤਿਹਾਸ ਅਤੇ ਮਾਨਸਿਕਤਾ ਸੀ। ਇਸ ਕਾਰਵਾਈ ਲਈ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਹੀ ਚੁਣਨਾ, ਇਸ ਤੋਂ ਪਹਿਲਾਂ ਸਾਰੇ ਦੇਸ਼ ਦੀਆਂ ਭਾਵਨਾਵਾਂ ਨੂੰ ਸਿੱਖਾਂ ਵਿਰੁੱਧ ਕਰਨਾ, ਸਰਕਾਰੀ ਪੱਤਰ ‘ਬਾਤਚੀਤ’ ਵਿੱਚ ਅੰਮ੍ਰਿਤਧਾਰੀਆਂ ਨੂੰ ਦਹਿਸ਼ਤਗਰਦ ਕਰਾਰ ਦੇਣਾ, ਦਰਬਾਰ ਸਾਹਿਬ ਬਾਰੇ ਨਿਤ ਨਵੀਆਂ ਦੂਸ਼ਣਬਾਜੀਆਂ, ਹਰ ਮਾੜੀ ਘਟਨਾ ਦਾ ਕੇਂਦਰ ਬਿੰਦੂ ਸੱਚਖੰਡ ਸਾਹਿਬ ਨੂੰ ਦਰਸ਼ਾਉਣਾ, ਹਰਿਮੰਦਰ ਸਾਹਿਬ ਦੇ ਮਾਡਲ ਦੀ ਘਿਰਣਤ ਬੇ-ਹੁਰਮਤੀ ਕਰ ਕੇ ਭੰਨਤੋੜ ਕਰਨੀ ਆਦਿ ਆਦਿ ਅਤੇ ਇਸ ਲਈ ਪੂਰੀ ਸੋਚੀ ਸਮਝੀ ਵਿਉਂਤਬੰਦੀ ਨਾਲ ਕੀਤੀ ਤਿਆਰੀ।

1849 ਵਿੱਚ ਅੰਗਰੇਜ਼ਾਂ ਨੇ ਸਾਰੇ ਭਾਰਤ ’ਤੇ ਕਬਜ਼ਾ ਕਰਨ ਉਪਰੰਤ ਮਾਤਹਿਤ ਹੋ ਚੁੱਕੀਆਂ ਬਾਕੀ ਦੇਸ਼ ਦੀਆਂ ਫ਼ੌਜਾਂ ਨਾਲ ਮਿਲ ਕੇ ਪੰਜਾਬ ’ਤੇ ਹਮਲਾ ਕੀਤਾ ਅਤੇ ਇਸ ਨੂੰ ਗੁਲਾਮ ਬਣਾਇਆ। ਇਸ ਨੂੰ ਪੰਜਾਬ ਦੇ ਸ਼ਾਇਰ ਸ਼ਾਹ ਮੁਹੰਮਦ ਨੇ ‘ਜੰਗ ਹਿੰਦ ਪੰਜਾਬ’ ਅਤੇ ਫ਼ਿਰੰਗੀਆਂ ਨੇ ‘ਐਂਗਲੋ ਸਿੱਖ ਵਾਰ’ ਦਾ ਨਾਮ ਦਿੱਤਾ। ਇਸ ਤੋਂ ਪਹਿਲਾਂ ਸਿੱਖ ਮੁਗਲ ਵਾਰ, ਪਠਾਣ ਸਿੱਖ ਵਾਰ ਵੇਖੀਆਂ ਜਾ ਚੁਕੀਆਂ ਸਨ। ਪਰ ਆਜ਼ਾਦ ਭਾਰਤ ਵਿੱਚ ਇਹ ਹਮਲਾ ਵਿਸ਼ਵਾਸਘਾਤ ਦੀ ਇੰਤਹਾ ਸੀ ਤਾਂ ਤੇ ਹਰਿਮੰਦਰ ਸਾਹਿਬ ਅਤੇ ਹੋਰ ਦਰਜਨਾਂ ਗੁਰਦੁਆਰਿਆਂ ’ਤੇ ਹਮਲੇ ਨੂੰ ‘ਇੰਡੋ ਸਿੱਖ ਵਾਰ’ ਕਿਹਾ ਜਾ ਸਕਦਾ ਹੈ।

ਸਰੀਰ ਨੂੰ ਲੱਗੇ ਡੂੰਘੇ ਤੋਂ ਡੂੰਘੇ ਫੱਟ ਤਾਂ ਸਮਾਂ ਵਿਹਾਅ ਕੇ ਪੂਰੇ ਜਾਂਦੇ ਹਨ, ਪਰ ਕਰਕ ਕਲੇਜੇ ਮਾਹਿ ਆਤਮਾ ਨੂੰ ਲੱਗੇ ਜ਼ਖਮ ਕਦੀ ਵੀ ਨਹੀਂ ਮਿਟਦੇ। ਇਹ ਇਤਿਹਾਸ ਵਿੱਚ ਉਕਰ ਜਾਂਦੇ ਹਨ। ਇਹ ਕਹਿਣਾ ਅਤੇ ਸੋਚਣਾ ਕਿ ਸਮਾਂ ਪਾ ਕੇ ਇਹ ਭੁੱਲ ਜਾਣਗੇ ਜਾਂ ਭੁਲਾ ਦਿੱਤੇ ਜਾਣਗੇ ਤਾਂ ਇਹ ਬਹੁਤ ਵੱਡੀ ਭੁੱਲ ਹੈ। ਬਲਕਿ ਜਿਉਂ ਜਿਉਂ ਸਮਾਂ ਬੀਤੇਗਾ, ਇਹ ਜ਼ਖਮ ਉਭਰਨਗੇ ਅਤੇ ਹਰ ਸਾਲ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਆਏਗਾ ਇਹ ਹੋਰ ਹਰੇ ਹੁੰਦੇ ਰਹਿਣਗੇ।

ਜ਼ੁਲਮ ਤੋ ਜ਼ੁਲਮ ਹੈ ਬਰਪੇ ਗਾ ਤੋ ਥਮ ਜਾਏਗਾ।
ਲਹੂ ਤੋ ਲਹੂ ਹੈ ਟਪਗੇ ਗਾ ਤੋਂ ਜਮ ਜਾਏਗਾ।

ਇਸ ਤੋਂ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ’ਤੇ ਤਬਾਹਕੁਨ ਹਮਲੇ ਹੁੰਦੇ ਰਹੇ ਹਨ। ਹਰਿਮੰਦਰ ਸਾਹਿਬ ਤੇ ਅਬਦਾਲੀ, ਦੁੱਰਾਨੀ, ਰੰਗੜਾਂ, ਫਿਰੰਗੀਆਂ ਵੱਲੋਂ ਕੀਤਾ ਹਰ ਹਮਲਾ ਸਿੱਖਾਂ ਅਤੇ ਸਿੱਖੀ ’ਤੇ ਹੁੰਦਾ ਸੀ। ਇਹ ਹਮਲੇ ਵਿਦੇਸ਼ੀ ਜਰਵਾਣਿਆਂ ਅਤੇ ਹਕੂਮਤਾਂ ਵੱਲੋਂ ਸਰਅੰਜਾਮ ਦਿੱਤੇ ਗਏ ਪਰ 1984 ਵਿੱਚ ਦਰਬਾਰ ਸਾਹਿਬ ’ਤੇ ਪੂਰੀ ਸਰਕਾਰੀ ਤਾਕਤ ਨਾਲ ਕੀਤਾ ਹਮਲਾ ਸਾਰੀ ਸਿੱਖ ਕੌਮ ’ਤੇ ਸੀ। ਇਸਦੀ ਪੀੜਾ ਵੀ ਸਿੱਖ ਕੌਮ ਨੇ ਹੀ ਆਪਣੇ ਸੀਨੇ ’ਤੇ ਹੰਢਾਈ ਹੈ।

ਦਰਬਾਰ ਸਾਹਿਬ ’ਤੇ ਹੋਏ ਇਸ ਭਿਆਨਕ ਹਮਲੇ ਦਾ ਜ਼ਿਆਦਾ ਦੁਖਦਾਈ ਪਹਿਲੂ ਇਹ ਵੀ ਹੈ ਕਿ ਜਿਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ਆਪਣਾ ਸਭ ਕੁਝ ਵਾਰਿਆ ਇਹ ਉਸੇ ਆਪਣੇ ਹੀ ਦੇਸ਼ ਅਤੇ ਆਪਣੀ ਹੀ ਸਰਕਾਰ ਵੱਲੋਂ ਕੀਤਾ ਗਿਆ। ਕਿਸੇ ਵੀ ਦਲੀਲ ਜਾਂ ਪਰਚਾਵੇ ਨਾਲ ਇਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਖੁਸ਼ ਹੁਆ ਥਾ ਤੋੜ ਕਰ ਅਪਨੇ ਕਫ਼ਸ ਕੀ ਤੀਲੀਆਂ।
ਹਾਏ ਕਹਿ ਕੇ ਰਹਿ ਗਿਆ ਟੂਟੇ ਪਰੋਂ ਕੋ ਦੇਖ ਕਰ।

ਇਹ ਕਿਹਾ ਜਾ ਰਿਹਾ ਹੈ ਕਿ ਜੋ ਹੋ ਗਿਆ ਉਸ ਨੂੰ ਭੁਲ ਜਾਉ ਅਤੇ ਭੁਲਾ ਦਿਉ। ਹੋ ਸਕਦਾ ਹੈ ਹਰ ਸਾਲ ਰਾਵਣ ਦਾ ਸਾੜਨਾ ਬੰਦ ਹੋ ਜਾਏ, ਕਰਬਲਾ ਦੀ ਸ਼ਹਾਦਤ ਭੁਲਾ ਦਿੱਤੀ ਜਾਏ, ਈਸਾ ਮਸੀਹ ਦੀ ਸ਼ਹਾਦਤ ਮਨਾਈ ਜਾਣੀ ਬੰਦ ਹੋ ਜਾਏ ਪਰ ਜੂਨ 1984 ਦਾ ਘੱਲੂਘਾਰਾ ਨਾ ਤਾਂ ਭੁਲਿਆ ਜਾਏਗਾ ਅਤੇ ਨਾ ਹੀ ਭੁਲਾਇਆ ਜਾ ਸਕਦਾ ਹੈ।

ਸੰਸਾਰ ਵਿੱਚ ਲੱਖਾਂ ਕਰੋੜਾਂ ਹੀ ਨਹੀਂ ਬਲਿਕ ਅਨਗਿਣਤ ਇਮਾਰਤਾਂ ਹਨ। ਕਿਸੇ ਨੂੰ ਕੋਈ ਖ਼ਤਰਾ ਨਹੀਂ। ਪਰ ਕੀ ਕਾਰਨ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਢ ਕਦੀਮ ਤੋਂ ਹੀ ਹਰ ਕਾਲ ਖੰਡ ਅਤੇ ਰਾਜ ਕਾਲ ਵਿੱਚ ਖ਼ਤਰਾ ਰਿਹਾ। ਬਿਨਾ ਅਪਵਾਦ ਦੇ ਹਰ ਹਕੂਮਤ ਇਸ ਵਲ ਕੈਰੀ ਨਜ਼ਰ ਰਖਦੀ ਰਹੀ। ਇਸ ਨੂੰ ਬੰਦ ਕਰਾਉਣ ਦੀ ਕਵਾਇਦ ਕਰਦੀ ਰਹੀ। ਇਸਨੂੰ ‘ਦੁਕਾਨ-ਏ-ਬਾਤਲ’ ਤਕ ਐਲਾਨਦੀ ਰਹੀ। ਇਸ ’ਤੇ ਹਮਲੇ ਦੇ ਮਨਸੂਬੇ ਤਿਆਰ ਕਰਦੀ ਰਹੀ। ਪਰ ਇਹ ਇੱਕ ਐਸੀ ਨਿਤ ਨਵੀਂ, ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਇਮਾਰਤ ਹੈ ਜੋ ਕਦੀ ਗਿਰ ਕੇ ਵੀ ਗਿਰਦੀ ਨਹੀਂ। ਕਿਉਂ ਕਿ ਇਸਦਾ ਸਿਰਜਨਹਾਰਾ ਵੀ ਨੀਤ ਨਵਾਂ ਹੈ। ਇਸ ਇਮਾਰਤ ਨੂੰ ਖ਼ਤਰਾ ਰਿਹਾ ਹੈ ਅਤੇ ਅਗੋਂ ਵੀ ਰਹੇਗਾ। ਕਾਰਨ ਇਹ ਕਿ ਜਾਨਾਂ ਹੂਲ ਕੇ ਅਤੇ ਹਰ ਕੀਮਤ ਤਾਰ ਕੇ ਸਿੱਖ ਇਸਦੇ ਕੋਲ ਆਉਂਦੇ ਹਨ। ਹਰਿਮੰਦਰ ਸਾਹਿਬ ਦੀ ਰਾਖੀ ਦਾ ਇਤਿਹਾਸ ਸ਼ਹਾਦਤਾਂ ਦਾ ਇਤਿਹਾਸ ਹੈ। ਜਿਸ ਦਿਨ ਸਿੱਖ ਇੱਥੇ ਆਉਣੇ ਬੰਦ ਹੋ ਗਏ ਹਰਿਮੰਦਰ ਸਾਹਿਬ ਨੂੰ ਖ਼ਤਰਾ ਖ਼ਤਮ ਹੋ ਜਾਏਗਾ। ਪਰ ਇਹ ਵੀ ਨਿਸ਼ਚਿਤ ਹੈ ਕਿ ਉਸ ਤੋਂ ਬਾਅਦ ਸਿੱਖ ਵੀ ਖ਼ਤਮ ਹੋ ਜਾਣਗੇ। ਸਿੱਖ ਅਤੇ ਹਰਿਮੰਦਰ ਸਾਹਿਬ ਦੀ ਹੋਂਦ ਅਤੇ ਹਸਤੀ ਇੱਕ ਦੂਜੇ ਦੀ ਪੂਰਕ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਜ਼ਿੰਦਾ ਇਤਿਹਾਸ ਹੈ। ਇਸ ਤੋਂ ਲਗਾਤਾਰ ਸੇਧ ਅਤੇ ਪ੍ਰੇਰਨਾ ਲਏ ਜਾਣ ਦੀ ਲੋੜ ਪਹਿਲੇ ਨਾਲੋਂ ਵੱਧ ਹੈ। ਇਥੇ ਕੁਝ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ।

1847 ਦੀ ਇੱਕ ਘਟਨਾ ਦਰਸਾਉਂਦੀ ਹੈ ਕਿ ਵਿਦੇਸ਼ੀ ਹਕੂਮਤ ਵੀ ਦਰਬਾਰ ਸਾਹਿਬ ਦੀ ਪਵਿਤ੍ਰਤਾ, ਮਹੱਤਤਾ ਅਤੇ ਮਹਾਨਤਾ ਬਾਰੇ ਕੀ ਵਿਚਾਰ ਰਖਦੇ ਸੀ। ਬਾ-ਹੁਕਮ ਗਵਰਨਰ ਜਨਰਲ ਲਾਹੌਰ ਸਥਿਤ ਰੈਜ਼ੀਡੈਂਟ ਐਚ ਐਮ ਲਾਰੰਸ ਨੇ 24 ਮਾਰਚ, 1847 ਨੂੰ ਤਾਂਬੇ ਦੀ ਇੱਕ ਪਲੇਟ ਦਰਬਾਰ ਸਾਹਿਬ ਦੇ ਬਾਹਰ ਲਗਵਾਈ। ਇਸ ਵਿੱਚ ਲਿਖਿਆ ਗਿਆ ਸੀ ਦਰਬਾਰ ਸਾਹਿਬ ਜਾਂ ਇਸ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਵਿਅਕਤੀ ਜੁੱਤੀਆਂ ਪਾ ਕੇ ਦਾਖ਼ਲ ਨਹੀਂ ਹੋ ਸਕਦਾ।

The Priests of Amritsur having complained of annoyances this is to make known to all concerned that, by Order of the Governor General British Subjects are forbidden to enter the Temple (called the Durbar) or its precincts at Amritsur, or indeed any Temple with their Shoes on, Kine are not to be killed at Amritsur, nor are the Sikhs to bemolested, or in any way to be interfered with. Shoes are to be taken off at the Bhoonga at the corner of the Tank and no Person is to walk round the Tank with his shoes on.

ਅੰਮ੍ਰਿਤਸਰ ਦੇ ਪੁਜਾਰੀਆਂ ਵੱਲੋਂ ਦਰਪੇਸ਼ ਪਰੇਸ਼ਾਨੀਆਂ ਦੀ ਸ਼ਿਕਾਇਤ ਕੀਤੇ ਜਾਣ ’ਤੇ ਗਵਰਨਰ ਜਨਰਲ ਦੇ ਹੁਕਮ ਨਾਲ ਕੋਈ ਵੀ ਵਿਅਕਤੀ ਹਰਿਮੰਦਿਰ (ਦਰਬਾਰ) ਜਾਂ ਇਸਦੇ ਪਰਿਸਰ ਵਿੱਚ ਜੁੱਤੀਆਂ ਸਣੇ ਦਾਖ਼ਲ ਨਹੀਂ ਹੋਏਗਾ, ਅੰਮ੍ਰਿਤਸਰ ਵਿੱਚ ਗੋ ਹੱਤਿਆ ਨਹੀਂ ਕੀਤੀ ਜਾਏਗੀ, ਕਿਸੇ ਵੀ ਢੰਗ ਨਾਲ ਸਿੱਖਾਂ ਨਾਲ ਛੇੜ ਛਾੜ ਜਾਂ ਬੇਪਤੀ ਨਹੀਂ ਕੀਤੀ ਜਾਏਗੀ ਅਤੇ ਨਾ ਹੀ ਦਖ਼ਲ ਅੰਦਾਜ਼ੀ ਕੀਤੀ ਜਾਏਗੀ। ਜੁੱਤੀਆਂ ਬੁੰਗੇ ਦੇ ਬਾਹਰ ਉਤਾਰੀਆਂ ਜਾਣਗੀਆਂ ਅਤੇ ਕੋਈ ਵੀ ਜੁੱਤੀਆਂ ਸਣੇ ਸਰੋਵਰ ਦੀ ਪਰਿਕਰਮਾ ਵਿੱਚ ਦਾਖਲ ਨਹੀਂ ਹੋਏਗਾ।

Lahore, March 24, 1847
H.M.Lawrence,
Resident.

ਇਤਿਹਾਸ ਦੀ ਗਵਾਹੀ ਦਾ ਇਹ ਦਸਤਾਵੇਜ਼ ਇੱਕ ਤਾਂਬੇ ਦੀ ਪਲੇਟ ਅੰਕਤ ਸ੍ਰੀ ਹਰਿਮੰਦਰ ਸਾਹਿਬ ਦੇ ਮਿਊਜ਼ੀਅਮ ਵਿੱਚ ਰਖੀ ਹੋਈ ਹੈ। ਪਰ ਇੱਥੇ ਇੱਕ ਪਲ ਸੋਚਣ ਦੀ ਲੋੜ ਹੈ ਕਿ ਕਈ ਵਾਰ ਆਪਸੀ ਕਲਹ ਕਾਰਨ ਕਈ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਖ਼ੁਦ ਹੀ, ਵਿਸ਼ੇਸ਼ ਕਰ ਵਿਦੇਸ਼ਾਂ ਵਿੱਚ ਪੁਲਿਸ ਨੂੰ ਸੱਦਾ ਦਿੰਦੇ ਹਨ ਅਤੇ ਪੁਲਿਸ ਬੂਟਾਂ ਸਣੇ ਦਰਬਾਰ ਹਾਲ ਵਿੱਚ ਦਾਖ਼ਲ ਹੋ ਜਾਂਦੀ ਹੈ।

ਇੱਥੇ ਇੱਕ ਅਹਿਮ ਤੱਥ ਸਮਝਣ ਦੀ ਲੋੜ ਹੈ ਕਿ ਇਤਿਹਾਸਕ ਤੌਰ ’ਤੇ ਲਫ਼ਜ਼ ਹਰਿਮੰਦਰ ਸਾਹਿਬ ਪੂਰੇ ਪਰਿਸਰ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਅਟਲ ਸਾਹਿਬ ਵੀ ਸ਼ਾਮਲ ਸੀ।

ਪਰ 1847 ਦੀ ਇਸ ਘਟਨਾ ਤੋਂ ਤਕਰੀਬਨ ਚਾਲੀ ਸਾਲ ਬਾਅਦ ਇਸੇ ਲਾਸੰਸ ਦੇ ਰਾਜ ਕਾਲ ਵਿੱਚ ਹੀ ਇਸ ਹੁਕਮ ਦੀ ਉਲੰਘਣਾ ਦੀ ਇੱਕ ਦੁਖਦਾਈ ਘਟਨਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਵਾਪਰੀ। ੧੯੮੪ ਤੋਂ ਇੱਕ ਸਦੀ ਪਹਿਲਾਂ 1884 ਦੇ ਆਰੰਭ ਵਿੱਚ ਈਸਟ ਇੰਡੀਆ ਕੰਪਨੀ ਦੀ ਇੱਕ ਫ਼ੌਜੀ ਟੁਕੜੀ ਬੂਟਾਂ ਸਣੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਦਾਖ਼ਲ ਹੋ ਗਈ। ਸੋ ਦੱਸਣ ਦੀ ਲੋੜ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿੱਚ ਤਤਪਰ ਕੁਝ ਸਿੰਘਾਂ ਨੇ ਇਨ੍ਹਾਂ ਦਾ ਮੁਕਾਬਲਾ ਕੀਤਾ ਅਤੇ ਇਸ ਝੜਪ ਵਿੱਚ ਕੰਪਨੀ ਬਹਾਦਰ ਦਾ ਸੂਬੇਦਾਰ ਮਾਰਿਆ ਗਿਆ ਤੇ ਕੰਪਨੀ ਕਮਾਂਡਰ ਸਣੇ ਹੋਰ ਫ਼ੌਜੀ ਜ਼ਖ਼ਮੀ ਹੋ ਗਏ। ਇਸ ਕੇਸ ਦਾ ਮੁਕੱਦਮਾ ਲਾਹੌਰ ਵਿੱਚ ਚਲਾ ਕੇ ਅੰਗਰੇਜ਼ ਰੈਜੀਡੈਂਟ ਸਰ ਜਾਨ੍ਹ ਲਾਰੈਂਸ ਨੇ 19 ਫਰਵਰੀ, 1848 ਨੂੰ ਸਰਦਾਰ ਗੰਡਾ ਸਿੰਘ ਤੇ ਦੋ ਹੋਰ ਸਿੰਘਾਂ ਨੂੰ ਫ਼ਾਂਸੀ ਦੇ ਦਿੱਤੀ ਤੇ ਛੇ ਹੋਰ ਸਿੰਘਾਂ ਬਬੇਗ ਸਿੰਘ, ਖੜਗ ਸਿੰਘ, ਮਸਤਾਨ ਸਿੰਘ, ਹੀਰਾ ਸਿੰਘ, ਹੁਕਮ ਸਿੰਘ ਅਤੇ ਜਵਾਹਰ ਸਿੰਘ ਨੂੰ ਕੈਦ ਬਾ-ਮੁਸ਼ੱਕਤ ਡੰਡੇ ਬੇੜੀਆਂ ਸਣੇ ਦਿੱਤੀ ਗਈ। ਬਾਅਦ ਵਿੱਚ ਜਾਨ੍ਹ ਲਾਰੈਂਸ ਨੇ ਐਚ.ਐਮ. ਇਲੀਅਟ, ਸੈਕਟਰੀ, ਗੌਰਮਿੰਟ ਆਫ਼ ਇੰਡੀਆ, ਫੋਰਟ ਵਿਲੀਅਮ, ਕਲਕੱਤਾ ਨੂੰ ਉਚੇਚਾ ਸੰਦੇਸ਼ ਭੇਜਿਆ ਕਿ ਇਨ੍ਹਾਂ ਅਕਾਲੀਆਂ ਨੂੰ ਪੰਜਾਬ ਦੀ ਸਿੱਖ ਜਨਤਾ ਸਤਿਕਾਰ ਭਰੀ ਸ਼ਰਧਾ ਨਾਲ ਦੇਖਦੀ ਹੈ, ਇਸ ਲਈ ਇਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਦੀ ਬਜਾਏ ਬਰੇਲੀ ਦੀ ਜੇਲ੍ਹ ਵਿੱਚ ਰੱਖਿਆ ਜਾਏ।

ਫਿਰੰਗੀ ਸਰਕਾਰ ਦਾ ਕਦੇ ਨਰਮ ਕਦੇ ਗਰਮ ਸਿਲਸਿਲਾ ਜਾਰੀ ਰਿਹਾ। 7 ਸਤੰਬਰ, 1915 ਈ: ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ, ਕੇ.ਸੀ.ਐਸ. ਕਿੰਗ, ਸੀ.ਆਈ.ਈ., ਨੇ ਦਰਬਾਰ ਸਾਹਿਬ ਦੀ ਪਵਿਤ੍ਰਤਾ ਨੂੰ ਮੁੱਖ ਰਖਦਿਆਂ ਹੁਕਮ ਜਾਰੀ ਕਰ ਦਿੱਤਾ ਕਿ ਗੁਰੂ ਰਾਮਦਾਸ ਜੀ ਦੀ ਪਾਵਨ ਨਗਰੀ ਦੀ ਹਦੂਦ ਅੰਦਰ ਕੋਈ ਵੀ ਸ਼ਰਾਬ ਦੀ ਦੁਕਾਨ ਨਹੀਂ ਰਹਿ ਸਕਦੀ। ਜੇਕਰ ਪੁਰਾਣੇ ਹਾਕਮ ਦੀ ਕੋਈ ਗੱਲ ਚੰਗੀ ਹੈ ਤਾਂ ਉਸਨੂੰ ਜਾਰੀ ਰੱਖਣ ਅਤੇ ਅਮਲ ਵਿੱਚ ਲਿਆਉਣ ਵਿੱਚ ਕੀ ਹਰਜ਼ ਹੈ? ਹੁਣ ਸ਼ਰਾਬ ਦੇ ਠੇਕੇ ਅੰਦਰੂਨ ਸ਼ਹਿਰ ਵਿੱਚ ਤਾਂ ਨਹੀਂ ਪਰ ਪਵਿੱਤਰ ਨਗਰ ਵਿੱਚ ਦਾਖ਼ਲ ਹੋਣ ਦੇ ਹਰ ਗੇਟ ਦੇ ਬਾਹਰ ਇਹ ਖੁਲ ਗਏ ਹਨ।

ਅਪ੍ਰੈਲ 1919 ਨੂੰ ਸਾਰੇ ਪੰਜਾਬ ਵਿੱਚ ਇੱਕ ਜ਼ਬਰਦਸਤ ਅਫਵਾਹ ਫੈਲ ਗਈ ਕਿ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ’ਤੇ ਹਵਾਈ ਬੰਬਾਰੀ ਕੀਤੀ ਹੈ ਅਤੇ ਨਾਲ ਹੀ ਦਰਬਾਰ ਸਾਹਿਬ ਵਿੱਚ ਗੋਲੀ ਚਲਾਈ ਹੈ। ਇਸ ਨਾਲ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਨੂੰ ਇਹ ਡਰ ਪੈ ਗਿਆ ਕਿ ਜੇਕਰ ਸਿੱਖ ਉਠ ਖੜੇ ਹੋਏ ਤਾਂ ਉਨ੍ਹਾਂ ਨੂੰ ਕਾਬੂ ਵਿੱਚ ਰਖਣਾ ਮੁਸ਼ਕਿਲ ਹੋਏਗਾ ਕਿਉਂ ਕਿ ਉਸ ਸਮੇਂ ਫ਼ੌਜ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਸਨ ਅਤੇ ਇਸ ਬਗਾਵਤ ਦਾ ਅਸਰ ਸਿੱਖ ਫ਼ੌਜੀ, ਜੋ ਹਿੰਦੁਸਤਾਨ ਅਤੇ ਮਿਸਰ ਵਿੱਚ ਤੈਨਾਤ ਹਨ, ਉਹਨਾਂ ’ਤੇ ਅਸਰ ਪਏਗਾ।

ਸਰਕਾਰ ਨੇ ਸਾਰੇ ਸਾਧਨ ਵਰਤ ਕੇ ਇਸ ਅਫਵਾਹ ਨੂੰ ਦੂਰ ਕਰਨ ਦੇ ਸਾਰੇ ਯਤਨ ਕੀਤੇ। ਇਸ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ, ਗ੍ਰੰਥੀ ਸਾਹਿਬਾਨ ਤੇ ਪੁਜਾਰੀ ਸਿੰਘਾਂ ਵੱਲੋਂ ਇਸ਼ਤਿਹਾਰ ਜਾਰੀ ਕਰ ਕੇ ਇਸ ਦਾ ਖੰਡਨ ਕੀਤਾ ਗਿਆ।

ਇਹ ਸ੍ਰੋਤ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗੁਰੂ ਖਾਲਸਾ ਜੀ ਦੇ ਪਵਿੱਤ੍ਰ ਅਸਥਾਨ ਵਿਖੇ ਕੋਈ ਗੋਲੀ ਚਲੀ ਹੈ ਜਾਂ ਹਵਾਈ ਜਹਾਜ਼ ਨੇ ਬੰਬ ਦਾ ਗੋਲਾ ਸੁਟਿਆ ਹੈ, ਜਾਂ ਹੋਰ ਕਿਸੇ ਤਰ੍ਹਾਂ ਬੇਅਦਬੀ ਕੀਤੀ ਗਈ ਹੈ, ਬਿਲਕੁਲ ਗਲਤ ਹੈ, ਇਸ ਦੀ ਕੋਈ ਬੁਨਿਆਦ ਨਹੀਂ।

**(ਚਲਦਾ)**

# ਆਓ ! ਭਾਈ ਵੀਰ ਸਿੰਘ ਜੀ ਦੀ ਸੋਚ ਦੇ ਹਾਣੀ ਬਣੀਏ !



ਸ. ਜਗਜੀਤ ਸਿੰਘ
ਮੀਤ-ਪ੍ਰਧਾਨ
ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ
9815444441

ਸਿੱਖ ਇਤਿਹਾਸ ਦੇ ਪਾਤਰ ਦੀਵਾਨ ਕੌੜਾ ਮੱਲ ਦੇ ਅਮੀਰ ਘਰਾਣੇ ਅੰਦਰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਨਗਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਸਨੀਕ ਡਾਕਟਰ ਚਰਨ ਸਿੰਘ ਜੀ ਦੇ ਘਰ 5 ਦਸੰਬਰ 1872 ਨੂੰ ਭਾਈ ਵੀਰ ਸਿੰਘ ਜੀ ਦੇ ਰੂਪ ਵਿੱਚ ਇੱਕ ਨਿਵੇਕਲੀ ਸੋਚ ਨੇ ਜਨਮ ਲਿਆ। ਭਾਈ ਵੀਰ ਸਿੰਘ ਜੀ ਦੇ ਤਿੰਨ ਭਰਾ ਅਤੇ ਦੋ ਭੈਣਾਂ ਸਨ। ਬਚਪਨ ਤੋਂ ਹੀ ਆਪ ਆਪਣੇ ਭੈਣ-ਭਰਾਵਾਂ ਅਤੇ ਹੋਰ ਹਾਣੀਆਂ ਨਾਲੋਂ ਕੁਝ ਅਲੱਗ ਬਿਰਤੀ ਦੇ ਮਾਲਕ ਸਨ। ਆਪਣੀ ਉਮਰ ਦੇ ਬੱਚਿਆਂ ਨਾਲੋਂ ਅਲੱਗ ਸੋਚਣਾ ਅਤੇ ਉਮਰ ਤੋਂ ਵੱਧ ਸਿਆਣੀ ਗੱਲ ਕਰਨ ਕਰਕੇ ਸਕੂਲ ਵਿੱਚ ਅਧਿਆਪਕ ਵੀ ਆਪ ਦਾ ਸਤਿਕਾਰ ਅਤੇ ਪਿਆਰ ਕਰਦੇ। ਭਾਈ ਸਾਹਿਬ ਦੇ ਭਰਾ ਡਾ. ਬਲਬੀਰ ਸਿੰਘ ਆਪਣੇ ਇੱਕ ਲੇਖ ਵਿੱਚ ਲਿਖਦੇ ਹਨ ਕਿ ਮਿਸ਼ਨ ਸਕੂਲ ਦੇ ਅੰਗਰੇਜ਼ ਪ੍ਰਿੰਸੀਪਲ ਨੇ ਸਰਟੀਫਿਕੇਟ ਵਿੱਚ ਭਾਈ ਵੀਰ ਸਿੰਘ ਬਾਰੇ ਲਿਖਿਆ ਸੀ ਕਿ ਇਹ ਨਿਰੋਲ ਸੱਚਾ, ਖਰਾ ਅਤੇ ਈਮਾਨਦਾਰ ਲੜਕਾ ਹੈ ਤੇ ਇਕ ਚੰਗੇ ਖਾਨਦਾਨ ਦਾ ਬੱਚਾ ਹੈ। ਸਹੀ ਹੁੰਦਾ ਹੈ ਕਿ ਇਸ ਦੁਨੀਆਂ ਲਈ ਇਹ ਬੜਾ ਉਪਕਾਰੀ ਸਾਬਤ ਹੋਵੇਗਾ। ਮੈਨੂੰ ਭਰੋਸਾ ਹੈ ਕਿ ਜੋ ਕੁਝ ਵੀ ਕਰੇਗਾ, ਇਸ ਦੇ ਕੰਮਾਂ ਉੱਪਰ ਪਰਮਾਤਮਾ ਦੀ ਬਰਕਤ ਅਤੇ ਰਹਿਮਤ ਹੋਵੇਗੀ। ਪ੍ਰਿੰਸੀਪਲ ਦੇ ਇਹ ਲਫ਼ਜ਼ ਉਹਨਾਂ ਭਾਈ ਵੀਰ ਸਿੰਘ ਜੀ ਦੀ ਉੱਚੀ-ਸੁੱਚੀ ਸੋਚ ਹੋਣ ਦੇ ਪ੍ਰਮਾਣ ਸਨ।

ਭਾਈ ਵੀਰ ਸਿੰਘ ਜੀ ਦੇ ਜਨਮ ਤੋਂ ਪਹਿਲਾਂ ਹੀ ਪੰਜਾਬ ਵਿੱਚ ਅੰਗਰੇਜ਼ੀ ਸਾਸ਼ਨ ਲਾਗੂ ਹੋ ਚੁੱਕਿਆ ਸੀ।ਸ਼ਹਿਰਾਂ, ਕਸਬਿਆਂ ਵਿੱਚ ਭਾਵੇਂ 19ਵੀਂ ਸਦੀ ਵਿੱਚ ਆਧੁਨਿਕਤਾ ਦਾ ਉਭਾਰ ਆਰੰਭ ਹੋ ਗਿਆ ਸੀ, ਪਰ ਭਾਈ ਵੀਰ ਸਿੰਘ ਜੀ ਦੀ ਸਖਸ਼ੀਅਤ ਉੱਪਰ ਇਸ ਦਾ ਕੋਈ ਬਹੁਤਾ ਅਸਰ ਦੇਖਣ ਨੂੰ ਨਹੀਂ ਮਿਲਦਾ। ਅੰਮ੍ਰਿਤਸਰ ਸ਼ਹਿਰ ਦੇ ਇੱਕ ਉੱਚ-ਘਰਾਣੇ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਆਪ ਜੀਵਨ ਭਰ ਸਾਦਗੀ ਅਤੇ ਸਰਲ ਜੀਵਨ ਨਾਲ ਜੁੜੇ ਰਹੇ।ਉਹਨਾਂ ਦੀ ਸੋਚ ਉੱਪਰ ਕਦੇ ਵੀ ਅਮੀਰੀ ਜਾਂ ਰੁਤਬਾ ਹਾਵੀ ਨਹੀਂ ਹੋ ਸਕਿਆ। ਉਹਨਾਂ ਦੀ ਵਿਲੱਖਣ ਸੋਚ 'ਚੋਂ ਜਨਮਿਆ ਸਾਹਿਤ ਦਾ ਦਰਿਆ ਅੱਜ ਵੀ ਪੰਜਾਬ ਦੀਆਂ ਨਸਲਾਂ ਨੂੰ ਸਿੰਜਦਾ ਹੋਇਆ, ਉਹਨਾਂ ਦੀ ਸੋਚ ਤੋਂ ਸਾਨੂੰ ਵਾਕਫ ਕਰਵਾ ਰਿਹਾ ਹੈ। ਗੁਰੂ ਕਾਲ ਤੋਂ ਬਾਅਦ ਅਠਾਰਵੀਂ ਸਦੀ ਵਿੱਚ ਪੰਜਾਬ ਵਿੱਚ ਹੀ ਨਹੀਂ ਕੁਲ ਭਾਰਤ ਅੰਦਰ ਦੋ ਤਰਾਂ ਦੀ ਸੋਚ ਦੀ ਜੰਗ ਚੱਲ ਰਹੀ ਸੀ। ਇੱਕ ਸੀ ਹੁਕਮਰਾਨਾਂ ਵੱਲੋਂ ਆਮ ਜਨਤਾ ਨੂੰ ਗੁਲਾਮ ਬਣਾ ਲੈਣ ਦੀ ਸੋਚ ਅਤੇ ਦੂਜੀ ਇਸ ਸੋਚ ਦੇ ਟਕਰਾਅ ਵਿੱਚ ਖੜੀ, ਬਗਾਵਤ ਨਾਲ ਭਰੀ ਹੋਈ ਆਜ਼ਾਦੀ ਦੀ ਸੋਚ।ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਵਿੱਚ ਹਾਕਮ ਲਈ ਵੰਗਾਰ ਅਤੇ ਤਿੱਖੇ ਵਿਅੰਗ ਪੜ੍ਹਨ ਨੂੰ ਮਿਲਦੇ ਹਨ, ਜਿਹਨਾਂ ਤੋਂ ਉਹਨਾਂ ਦੀ ਮਜ਼ਲੂਮ ਦੇ ਹੱਕ ਵਿੱਚ ਆਵਾਜ਼ ਉਠਾਉਂਦੀ ਹੋਈ ਸੋਚ ਸਾਫ਼ ਨਜ਼ਰ ਆਉਂਦੀ ਹੈ।

ਭਾਈ ਸਾਹਿਬ ਜੀ ਦੀ ਕੋਮਲ ਅਤੇ ਪਾਕ ਸੋਚ ਕੁਦਰਤ ਨੂੰ ਵਡਿਆਉਂਦੀ ਹੈ।ਉਹ ਕੁਦਰਤ ਦੇ ਕਣ-ਕਣ ਵਿੱਚ ਉਸ ਸਿਰਜਣਹਾਰ ਨੂੰ ਰਮਿਆ ਹੋਇਆ ਮਹਿਸੂਸ ਕਰਦੇ ਹਨ। ਉਹਨਾਂ ਦੀਆਂ ਕਵਿਤਾਵਾਂ ਅੰਦਰ ਕੁਦਰਤ ਦੇ ਗੁਣ-ਗਾਣ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਬਣ ਨਜ਼ਰ ਆਉਂਦੇ ਹਨ ਕਿ ਉਹਨਾਂ ਦੀ ਸੋਚ ਵਿੱਚ ਕੁਦਰਤ ਦੀ ਮਹਾਨਤਾ ਕਿੰਨੀ ਉੱਚੀ-ਸੁੱਚੀ ਹੈ। ਉਹ ਦਰੱਖਤਾਂ, ਪਹਾੜਾਂ, ਫੁੱਲਾਂ, ਨਦੀਆਂ, ਝਰਨਿਆਂ ਆਦਿ ਨੂੰ ਮਾਣਦੇ ਹੀ ਨਹੀਂ ਰਹੇ, ਬਲਕਿ ਉਹਨਾਂ ਦੀਆਂ ਕਵਿਤਾਵਾਂ ਨੂੰ ਪੜ੍ਹਕੇ ਲੱਗਦਾ ਹੈ ਕਿ ਉਹ ਕੁਦਰਤ ਦੇ ਇਹਨਾਂ ਸੋਮਿਆਂ ਨਾਲ ਸ਼ਾਇਦ ਗੁਫਤਗੂ ਕਰਦੇ ਰਹੇ ਹਨ। ਕੁਦਰਤ ਨਾਲ ਕੁਦਰਤ ਹੋ ਜਾਣ ਦਾ ਇਹ ਅਹਿਸਾਸ ਪਰਮਾਤਮਾ ਕਿਸੇ ਕੋਮਲ ਹਿਰਦੇ ਵਾਲੇ ਇਨਸਾਨ ਨੂੰ ਹੀ ਦੇ ਸਕਦਾ ਹੈ। ਇੰਨੀ ਮਾਸੂਮੀਅਤ ਅਤੇ ਕੋਮਲਤਾ ਹੋਣ ਦੇ ਨਾਲ-ਨਾਲ ਭਾਈ ਸਾਹਿਬ ਜੀ ਸਹੀ-ਗਲਤ ਬਾਰੇ ਫੈਸਲਾ ਕਰਦੇ ਇੱਕ ਸਖਤ ਸੁਭਾਅ ਦੇ ਮਾਲਕ ਵੀ ਨਜ਼ਰ ਆਉਂਦੇ ਹਨ।ਉਹਨਾਂ ਦੀ ਸਰਬਪੱਖੀ ਸੋਚ ਕਾਰਨ ਉਹਨਾਂ ਵੱਲੋਂ ਰਚੇ ਸਾਹਿਤ ਅੰਦਰ ਜ਼ਿੰਦਗੀ ਦੇ ਮਹੀਨ ਤੋਂ ਮਹੀਨ ਜ਼ਜਬਾਤ ਨੂੰ ਵੀ ਬਾਖੂਬੀ ਸ਼ਿੰਗਾਰਿਆ ਗਿਆ ਹੈ।

ਅੱਜ ਭਾਈ ਵੀਰ ਸਿੰਘ ਜੀ ਨੂੰ ਯਾਦ ਕਰਦਿਆਂ ਸਿੱਖੀ ਅਤੇ ਸਿੱਖਿਆ ਪ੍ਰਤੀ ਉਹਨਾਂ ਦੀ ਸੋਚ ਬਾਰੇ ਗੱਲ ਕਰਦੇ ਹਾਂ। ਭਾਈ ਵੀਰ ਸਿੰਘ ਜੀ ਮਹਿਜ਼ ਇੱਕ ਸਾਹਿਤਕਾਰ ਹੀ ਨਹੀਂ ਉਹ ਵੱਡੇ ਵਿਦਵਾਨ ਅਤੇ ਸਿੱਖ ਚਿੰਤਕ ਹੋਏ ਹਨ। ਉਹਨਾਂ ਦੀ ਦੂਰ-ਅੰਦੇਸ਼ੀ ਅਤੇ ਡੂੰਘੀ ਸੋਚ ਦਾ ਹੀ ਨਤੀਜਾ ਹੈ ਕਿ ਉਹਨਾਂ ਇੱਕ ਨਹੀਂ ਕਿੰਨੀਆਂ ਹੀ ਸਿੱਖ ਸੰਸਥਾਵਾਂ ਦੀ ਸਥਾਪਨਾ ਕੀਤੀ ਅਤੇ ਪੱਤਰਕਾਵਾਂ ਸ਼ੁਰੂ ਕੀਤੀਆਂ। ਉਹਨਾਂ ਦੀ ਸੋਚ ਵਰਤਮਾਨ ਵਿੱਚ ਨਾ ਠਹਿਰ ਕੇ ਭਵਿੱਖ ਬਾਰੇ ਖਿਆਲ ਕਰਦੀ ਅਤੇ ਆਉਣ ਵਾਲੀਆਂ ਨਸਲਾਂ ਬਾਰੇ ਫਿਕਰ ਕਰਦੀ ਨਜ਼ਰ ਆਉਂਦੀ ਹੈ। ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਉਹਨਾਂ ਵੱਲੋਂ ਪੰਜਾਬ ਅਤੇ ਸਿੱਖ ਕੌਮ ਨੂੰ ਦਿੱਤਾ ਗਿਆ ਇੱਕ ਤਰ੍ਹਾਂ ਦਾ ਬਹੁਮੁੱਲਾ ਤੋਹਫ਼ਾ ਹੈ। ਦੀਵਾਨ ਦੀ ਸਥਾਪਤੀ ਸਮੇਂ ਅੰਗਰੇਜ਼ੀ ਸਾਸ਼ਨ ਦੇ ਅਧੀਨ ਪੰਜਾਬ ਨਾਜ਼ੁਕ ਹਾਲਾਤਾਂ ਵਿਚੋਂ ਦੀ ਗੁਜ਼ਰ ਰਿਹਾ ਸੀ। ਉਸ ਸਮੇਂ ਪੰਜਾਬ ਆਰਥਿਕ, ਰਾਜਨੀਤਕ ਅਤੇ ਧਾਰਮਿਕ ਸੰਕਟਾਂ ਵਿੱਚ ਬੁਰੀ ਤਰਾਂ ਘਿਰਿਆ ਹੋਇਆ ਸੀ। ਭਾਈ ਸਾਹਿਬ ਅਜਿਹੇ ਹਾਲਾਤਾਂ ਵਿੱਚ ਪੰਜਾਬ ਦੀ ਅਗਲੀ ਪਨੀਰੀ ਲਈ ਚਿੰਤਤ ਸਨ ਕਿ ਸਾਡੇ ਬੱਚੇ ਵਿੱਦਿਆ ਦੇ ਪੱਖ ਤੋਂ ਜ਼ਮਾਨੇ ਤੋਂ ਪਛੜ ਰਹੇ ਹਨ।ਉਹ ਮਹਿਸੂਸ ਕਰ ਰਹੇ ਸਨ ਕਿ ਸਿੱਖਾਂ ਦੀ ਅੱਡਰੀ ਹੋਂਦ-ਹਸਤੀ ਅਤੇ ਪਛਾਣ ਨੂੰ ਬਣਾਈ ਰੱਖਣ ਲਈ ਕੁਝ ਠੋਸ ਅਤੇ ਵਕਤ ਰਹਿੰਦੇ ਸਹੀ ਕਦਮ ਚੁੱਕਣੇ ਅਤਿਅੰਤ ਜ਼ਰੂਰੀ ਹਨ। ਇਹਨਾਂ ਚਿੰਤਾਵਾਂ ਨੂੰ ਮੁੱਖ ਰੱਖਦੇ ਹੋਏ ਆਪ ਜੀ ਵੱਲੋਂ ਸਮੇਂ ਦੇ ਹੋਰਨਾਂ ਸਿੱਖ ਵਿਦਵਾਨਾਂ ਜਿਹਨਾਂ ਵਿੱਚ ਸ. ਅਰਜਨ ਸਿੰਘ ਜੀ ਬਾਗੜੀਆਂ, ਸ. ਤਰਲੋਚਨ ਸਿੰਘ ਜੀ, ਸ. ਹਰਬੰਸ ਸਿੰਘ ਜੀ ਅਟਾਰੀ ਅਤੇ ਸ. ਸੁੰਦਰ ਸਿੰਘ ਜੀ ਮਜੀਠੀਆ ਦੇ ਨਾਮ ਪ੍ਰਮੁੱਖ ਹਨ, ਨਾਲ ਸਲਾਹ-ਮਸ਼ਵਰੇ ਕੀਤੇ ਗਏ। ਇਹਨਾਂ ਸਿੱਖ ਚਿੰਤਕਾਂ ਦੀ ਸੂਝ-ਬੂਝ ਵਿਚੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਚੀਫ਼ ਖ਼ਾਲਸਾ ਦੀਵਾਨ ਵਰਗੇ ਵਿੱਦਿਆ ਦੇ ਵੱਡੇ ਅਦਾਰੇ ਹੋਂਦ ਵਿੱਚ ਆਏ।

ਜਿਥੇ ਖ਼ਾਲਸਾ ਕਾਲਜ ਅੰਮ੍ਰਿਤਸਰ ਕਰੀਬ ਕੋਈ ਡੇਢ ਸਦੀ ਤੋਂ ਪੰਜਾਬ ਅੰਦਰ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਉਥੇ ਚੀਫ਼ ਖ਼ਾਲਸਾ ਦੀਵਾਨ ਪੰਜਾਬ ਅੰਦਰ ਮੁੱਢਲੀ ਸਿੱਖਿਆ ਪ੍ਰਤੀ ਆਪਣੀ ਜ਼ਿੰਮੇਵਾਰੀ ਬਾਖੂਬ ਨਿਭਾ ਰਿਹਾ ਹੈ। ਭਾਈ ਵੀਰ ਸਿੰਘ ਜੀ ਦੀ ਸੋਚ ਉੱਤੇ ਪਹਿਰਾ ਦਿੰਦਿਆਂ 1902 ਤੋਂ ਲਗਾਤਾਰ ਚੀਫ਼ ਖ਼ਾਲਸਾ ਦੀਵਾਨ ਸਿੱਖੀ, ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਅਤੇ ਮਨੁੱਖਤਾ ਦੀ ਭਲਾਈ ਦੇ ਕਾਰਜਾਂ ਪ੍ਰਤੀ ਗਤੀਸ਼ੀਲ ਹੈ। ਇਸਦੀ ਇਸ ਗਤੀਸ਼ੀਲਤਾ ਨੂੰ ਇਸੇ ਤਰਾਂ ਬਣਾਈ ਰੱਖਣ ਦੀ ਜ਼ਿੰਮੇਵਾਰੀ ਇੱਕਲੇ ਦੀਵਾਨ ਦੇ ਮੈਂਬਰਾਂ ਦੀ ਹੀ ਨਹੀਂ ਹੈ, ਸਗੋਂ ਹਰ ਪੰਜਾਬੀ ਦੀ ਹੈ, ਕਿਉਂਕਿ ਜਿਸ ਚਿੰਤਾ ਭਰੀ ਸੋਚ ਵਿਚੋਂ ਦੀਵਾਨ ਦੀ ਨੀਂਹ ਰੱਖੀ ਗਈ, ਉਹ ਚਿੰਤਾ ਅੱਜ ਵੀ ਸਾਡੇ ਸਾਹਮਣੇ ਉਸੇ ਤਰਾਂ ਹੀ ਇੱਕ ਚੁਣੌਤੀ ਬਣੀ ਹੋਈ ਹੈ। ਅਜੋਕੇ ਯੁੱਗ ਦੀ ਆਧੁਨਿਕਤਾ ਦੇ ਪ੍ਰਭਾਵ ਹੇਠ ਅੱਜ ਵੀ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ, ਸਿੱਖ ਪਛਾਣ ਅਤੇ ਸਿੱਖ ਰਹਿਣੀ-ਬਹਿਣੀ ਸਾਹਮਣੇ ਦਰਪੇਸ਼ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਹੀ ਉਹ ਮੁਸ਼ਕਿਲਾਂ ਸਨ ਜਿਹਨਾਂ ਨਾਲ ਨਜਿੱਠਣ ਲਈ ਭਾਈ ਸਾਹਿਬ ਹੁਣਾਂ ਵੱਲੋਂ ਦੀਵਾਨ ਦਾ ਇਹ ਸਫਰ ਆਰੰਭ ਕੀਤਾ ਗਿਆ ਸੀਸਭ ਧਰਮਾਂ ਦਾ ਸਤਿਕਾਰ ਕਰਦੇ ਹੋਏ ਚੀਫ਼ ਖ਼ਾਲਸਾ ਦੀਵਾਨ ਸਿੱਖੀ ਅਤੇ ਸਿੱਖਿਆ ਦੇ ਪ੍ਰਸਾਰ ਉੱਪਰ ਡਟ ਕੇ ਪਹਿਰਾ ਦੇ ਰਿਹਾ ਹੈ।ਭਾਈ ਵੀਰ ਸਿੰਘ ਜੀ ਦੀ ਸੋਚ ਤੋਂ ਸੇਧ ਲੈਂਦਿਆਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧ ਅਧੀਨ ਚੱਲਦੇ ਸਕੂਲਾਂ ਅੰਦਰ ਹੋਰ ਭਾਸ਼ਾਵਾਂ ਜਿਵੇਂ ਅੰਗਰੇਜ਼ੀ, ਹਿੰਦੀ ਪੜਾਉਣ ਦੇ ਨਾਲ-ਨਾਲ ਪੰਜਾਬੀ ਭਾਸ਼ਾ ਉੱਪਰ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪਹਿਲੀ ਕਲਾਸ ਤੋਂ ਹੀ ਪੰਜਾਬੀ ਦਾ ਵਿਸ਼ਾ ਲਾਜ਼ਮੀ ਹੈ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਅਧਿਆਪਕਾਂ ਜਾਂ ਵਿਦਆਰਥੀਆਂ ਉੱਪਰ ਪੰਜਾਬੀ ਨਾ ਬੋਲਣ ਦੀ ਕਿਸੇ ਤਰਾਂ ਦੀ ਕੋਈ ਪਾਬੰਦੀ ਨਹੀਂ ਹੈ।ਸਗੋਂ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ ਆਦਿ ਵੀ ਕਰਵਾਏ ਜਾਂਦੇ ਹਨ।ਧਰਮ ਪ੍ਰਚਾਰ ਦੇ ਖੇਤਰ ਵਿੱਚ ਚਲਾਈ ਜਾ ਰਹੀ ਲਹਿਰ ਨੂੰ ਪ੍ਰਚੰਡ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਦੇ ਅਦਾਰਿਆਂ ਅੰਦਰ ਊੜਾ ਅਤੇ ਜੂੜਾ ਨੂੰ ਸੰਭਾਲਣ ਲਈ ਧਾਰਮਿਕ ਸੈਮੀਨਾਰ, ਅੰਮ੍ਰਿਤ-ਸੰਚਾਰ ਮੁਹਿੰਮ, ਗੁਰਮਤਿ ਸੰਗੀਤ ਖਾਸ ਕਰ ਤੰਤੀ ਸਾਜ਼ਾਂ ਸਬੰਧੀ ਵਰਕਸ਼ਾਪ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰੇ ਜਿਹਨਾਂ ਵਿੱਚ ਪ੍ਰਮੁੱਖ ਤੌਰ 'ਤੇ ਛੋਟੇ-ਵੱਡੇ ਘੱਲੂਘਾਰੇ ਦੇ ਅਸਥਾਨ, ਸ੍ਰੀ ਕਰਤਾਰਪੁਰ ਸਾਹਿਬ, ਪਾਕਿਸਤਾਨ ਆਦਿ ਸ਼ਾਮਲ ਹਨ।

ਸਿੱਖ ਕੌਮ ਦੀ ਸਿਰਮੌਰ ਅਤੇ ਪੁਰਾਤਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਰਵਿਘਨ ਨਿਭਾ ਰਹੀ ਹੈ। ਭਾਈ ਸਾਹਿਬ ਜੀ ਦੀ ਸੋਚ ਨੂੰ ਸਮਰਪਤ ਹੋਕੇ ਚਲਾਏ ਜਾ ਰਹੇ ਸੈਂਟਰਲ ਯਤੀਮਖਾਨਾ, ਬਿਰਧ ਘਰ, ਹਸਪਤਾਲ, ਮੁਫਤ ਡਿਸਪੈਂਸਰੀਆਂ ਆਦਿ ਮਨੁੱਖਤਾ ਦੀ ਭਲਾਈ ਪ੍ਰਤੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧਕਾਂ ਦੀ ਸੱਚੀ ਲਗਨ ਅਤੇ ਵੱਚਨਬੱਧਤਾ ਨੂੰ ਬਿਆਨਦੇ ਹਨ। ਉਹਨਾਂ ਦੀ ਸੋਚ ਅਨੁਸਾਰ ਪੰਜਾਬ ਅਤੇ ਸਿੱਖਾਂ ਦੇ ਬੱਚਿਆਂ ਦੇ ਵਿਦਿਅਕ ਪੱਧਰ ਨੂੰ ਸਮੇਂ ਦੇ ਹਾਣ ਦੇ ਬਣਾਉਣ ਲਈ ਸਕੂਲਾਂ ਅੰਦਰ ਰੁਜ਼ਗਾਰ ਨਾਲ ਸਬੰਧਿਤ ਕੋਰਸ ਅਤੇ ਲੋੜਵੰਦ ਬੱਚਿਆਂ ਲਈ ਮੁਫਤ ਯੂ. ਪੀ. ਐਸ.ਸੀ. ਦੇ ਇਮਤਿਹਾਨਾਂ ਦੀ ਤਿਆਰੀ ਕਰਾਉਣ ਸਬੰਧੀ ਵਿਚਾਰ-ਚਰਚਾ ਚੱਲ ਰਹੀ ਹੈ।ਸਮੂਹ ਸਿੱਖ ਜਗਤ ਨੂੰ ਅਪੀਲ ਹੈ ਕਿ ਆਪਸੀ ਵਖਰੇਵੇਂ ਅਤੇ ਮਤਭੇਦ ਇਕ ਪਾਸੇ ਰੱਖ ਕੇ ਆਓ! ਮਹਾਨ ਸਿੱਖ ਵਿਦਵਾਨ ਅਤੇ ਸਾਹਿਤਕਾਰ ਭਾਈ ਵੀਰ ਸਿੰਘ ਜੀ ਦੀ ਸੋਚ ਦੇ ਹਾਣੀ ਬਣੀਏ ਅਤੇ ਉਹਨਾਂ ਵੱਲੋਂ ਸਥਾਪਤ ਸੰਸਥਾ ਚੀਫ਼ ਖ਼ਾਲਸਾ ਦੀਵਾਨ ਰਾਹੀਂ ਆਰੰਭੇ ਕਾਰਜ ਸਿੱਖੀ, ਸਿੱਖਿਆ ਅਤੇ ਪੰਜਾਬੀਅਤ ਨੂੰ ਹੋਰ ਵੀ ਪ੍ਰਫੁਲਤ ਕਰੀਏ।

# ਸਤਿਗੁਰੂ ਬਾਬੇ ਨਾਨਕ ਦੇ ਨਾਂ 'ਤੇ ਵਸਿਆ ਅਫ਼ਰੀਕਾ ਦਾ ਪਿੰਡ 'ਬਾਮੂ ਨਾਨੀਕਾ'



ਬਲਵਿੰਦਰ ਸਿੰਘ ਭੁੱਲਰ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਕਰਦਿਆਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਜਾ ਕੇ ਲੋਕਾਂ ਦਾ ਭਲਾ ਕੀਤਾ। ਅਫਰੀਕਾ ਦੁਨੀਆਂ ਦਾ ਭਿਆਨਕ ਜੰਗਲਾਂ ਵਾਲਾ ਇੱਕ ਬਹੁਤ ਵੱਡਾ ਦੇਸ਼ ਹੈ। ਪੁਰਾਤਨ ਲਿਖਤਾਂ ਵਿੱਚ ਦਰਜ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉੱਥੇ ਵੀ ਗਏ ਸਨ। ਹੈਰਾਨੀ ਹੁੰਦੀ ਹੈ ਕਿ ਜਿਹਨਾਂ ਦੇਸ਼ਾਂ ਵਿੱਚ ਪਹੁੰਚਣ ਲਈ ਅੱਜ ਵੀ ਹਵਾਈ ਜਾਂ ਸਮੁੰਦਰੀ ਜਹਾਜਾਂ 'ਤੇ ਜਾਣਾ ਪੈਂਦਾ ਹੈ, ਬਾਬਾ ਨਾਨਕ ਉੱਥੇ ਕਿਵੇਂ ਪਹੁੰਚ ਗਏ?

ਜਦੋਂ ਬਾਬਾ ਨਾਨਕ ਈਸਟ ਅਫਰੀਕਾ ਗਏ ਤਾਂ ਟਬਉਰਾ ਸਟੇਸ਼ਨ ਤੋਂ ਥੋੜੀ ਦੂਰ ਧਰਤੀ ਦੀ ਮੱਧ ਰੇਖਾ ਦੇ ਲਾਗੇ ਜੰਗਲ ਵਿੱਚ ਕੁਝ ਚਿਰ ਲਈ ਬਿਰਾਜੇ ਸਨ। ਇਸਤੋਂ ਅੱਗੇ ਕੰਵਪਾਲਾ ਸ਼ਹਿਰ ਤੋਂ ਚੌਵੀ ਮੀਲ ਫਾਸਲੇ ਤੇ ਵਿਕਟੋਰੀਆ ਝੀਲ ਦੇ ਲਾਗੇ ਬਾਮੂ ਨਾਨੀਕਾ ਪਿੰਡ ਹੈ, ਜੋ ਬਾਬਾ ਨਾਨਕ ਦੇ ਨਾਂ 'ਤੇ ਹੀ ਬੱਝਿਆ ਦੱਸਿਆ ਜਾਂਦਾ ਹੈ। ਉੱਥੋਂ ਦੇ ਲੋਕ ਈਸ਼ਵਰ ਨੂੰ ਮੁੰਗੂ ਕਹਿੰਦੇ ਹਨ ਅਤੇ ਬਾਬਾ ਮੁੰਗੂ ਨੂੰ ਛੋਟੇ ਸ਼ਬਦ ਵਿੱਚ ਬਾਮੂ ਕਹਿਣ ਲੱਗੇ। ਉੱਥੋਂ ਦੇ ਲੋਕਾਂ ਵਿੱਚ ਇਹ ਕਥਾ ਪ੍ਰਸਿੱਧ ਹੈ, ਕਿ ਗੁਰੂ ਨਾਨਕ ਸਾਹਿਬ ਜਦ ਉੱਥੇ ਪੁੱਜੇ ਤਾਂ ਭਾਈ ਮਰਦਾਨੇ ਨੇ ਪੀਣ ਲਈ ਪਾਣੀ ਮੰਗਿਆ। ਲੋਕਾਂ ਨੇ ਕਿਹਾ ਕਿ ਇੱਥੇ ਪਾਣੀ ਦੀ ਬੜੀ ਘਾਟ ਹੈ, ਕਿਉਂਕਿ ਸਾਰੇ ਦੇਸ਼







ਅਫਰੀਕਾ ਵਿੱਚ ਕੋਈ ਖੂਹ ਜਾਂ ਨਲਕਾ ਨਹੀਂ, ਅੱਜ ਵੀ ਲੋਕਾਂ ਨੂੰ ਝੀਲਾਂ ਦਾ ਪਾਣੀ ਸਪਲਾਈ ਹੁੰਦਾ ਹੈ। ਉਹਨਾਂ ਸਮਿਆਂ ਵਿੱਚ ਤਾਂ ਅੱਜ ਵਰਗੇ ਪ੍ਰਬੰਧ ਵੀ ਨਹੀਂ ਸਨ, ਇਸ ਲਈ ਕਿੱਲਤ ਹੋਰ ਵਧੇਰੇ ਸੀ। ਟੋਇਆਂ ਛੱਪੜਾਂ ਵਿੱਚ ਇਕੱਠਾ ਹੋਇਆ ਮੀਂਹ ਦਾ ਪਾਣੀ ਹੀ ਲੋਕ ਪੀਂਦੇ ਸਨ। ਲੋਕ ਕਥਾ ਅਨੁਸਾਰ ਗੁਰੂ ਜੀ ਦੇ ਹੱਥ ਵਿੱਚ ਇੱਕ ਬਰਛਾ ਸੀ, ਉਹਨਾਂ ਜਮੀਨ ਵਿੱਚ ਮਾਰਿਆ ਤੇ ਉੱਥੋਂ ਨਿਰਮਲ ਜਲ ਦਾ ਚਸ਼ਮਾ ਫੁੱਟ ਪਿਆ, ਜੋ ਅੱਜ ਤੱਕ ਦੇਸ਼ ਵਿੱਚ ਇੱਕੋ ਇੱਕ ਚਸ਼ਮਾ ਹੈ। ਅਫਰੀਕਨ ਲੋਕ ਉਸ ਸਮੇਂ ਬੜੇ ਜੰਗਲੀ ਸੁਭਾਅ ਦੇ ਸਨ। ਖਾਸ ਕਰਕੇ ਪਿੰਡਾਂ ਵਿੱਚ ਵਸਦੇ ਲੋਕਾਂ ਨੂੰ ਕਿਸੇ ਦੇਵੀ -ਦੇਵਤੇ ਜਾਂ ਈਸ਼ਵਰ ਬਾਰੇ ਕੋਈ ਗਿਆਨ ਨਹੀਂ ਸੀ ਅਤੇ ਨਾ ਹੀ ਕਿਸੇ ਪੂਜਾ ਪਾਠ ਦੀ ਸੋਝੀ ਸੀ, ਪਰ ਚਸ਼ਮੇ ਦੀ ਉਹ ਲੋਕ ਪੂਜਾ ਕਰਨ ਲੱਗੇ ਅਤੇ ਅੱਜ ਵੀ ਕਰਦੇ ਹਨ।

ਚਸ਼ਮੇ ਦੇ ਦੁਆਲੇ ਲੋਹੇ ਦੇ ਤ੍ਰਿਸੂਲ ਜਿਹੇ ਗੱਡੇ ਹੋਏ ਹਨ। ਅਫਰੀਕਨਾਂ ਦਾ ਕਹਿਣਾ ਹੈ ਕਿ ਕਰੀਬ ਪੰਜ ਸੌ ਸਾਲਾਂ ਤੋਂ ਵੀ ਪਹਿਲਾਂ ਭਾਰਤ ਦਾ ਇੱਕ ਮਸਾਹੀ ਭਾਵ ਮਹਾਤਮਾ ਇਸ ਦੇਸ਼ ਵਿੱਚ ਆਇਆ ਸੀ, ਜਿਸਦੇ ਨਾਂ 'ਤੇ ਇਹ ਨਗਰ ਅਬਾਦ ਹੈ ਅਤੇ ਉਸੇ ਨੇ ਇਹ ਪਾਣੀ ਦਾ ਚਸ਼ਮਾ ਕੱਢਿਆ ਸੀ। ਲੋਕ ਚਸ਼ਮੇ ਨੂੰ ਪਵਿੱਤਰ ਮੰਨਦੇ ਹਨ ਤੇ ਪਾਣੀ ਰੋਗੀਆਂ ਨੂੰ ਦਿੰਦੇ ਹਨ। ਉਹਨਾਂ ਦਾ ਵਿਸਵਾਸ਼ ਹੈ ਕਿ ਉਸ ਪਾਣੀ ਨਾਲ ਰੋਗ ਦੂਰ ਹੋ ਜਾਂਦੇ ਹਨ। ਇਸ ਪਿੰਡ ਦਾ ਨਾਮ ਬਾਬਾ ਨਾਨਕ ਹੋਵੇਗਾ ਜੋ ਵਿਗੜ ਕੇ ਬਾਬਾ ਨਾਨੀਕਾ ਹੋ ਗਿਆ ਹੈ। ਕੰਪਾਲੇ ਤੋਂ ਉੱਥੇ ਤੱਕ ਜਾਣ ਵਾਲੀਆਂ ਬੱਸਾਂ 'ਤੇ ਵੀ ਆਮ ਲਿਖਿਆ ਹੁੰਦਾ ਹੈ - ਬਾਬਾ ਨਾਨੀਕਾ।

ਇਸੇ ਤਰ੍ਹਾਂ ਇਸ ਦੇਸ਼ ਦੇ ਇੱਕ ਹੋਰ ਇਲਾਕੇ ਦੇ ਜੰਗਲਾਂ ਵਿੱਚ ਜਦ ਗੁਰੂ ਜੀ ਲੰਘ ਰਹੇ ਸਨ ਤਾਂ ਕੁਝ ਜੰਗਲੀ ਲੋਕ ਉਹਨਾਂ ਨੂੰ ਮਿਲੇ ਜੋ ਪਿਆਸ ਨਾਲ ਘਬਰਾਏ ਹੋਏ ਸਨ। ਖੱਡਾਂ ਟੋਇਆ ਵਿੱਚੋਂ ਵੀ ਮੀਂਹ ਦਾ ਪਾਣੀ ਸੁੱਕ ਗਿਆ ਸੀ। ਬਾਬੇ ਨੇ ਉਹਨਾਂ ਦੀ ਹਾਲਤ ਦੇਖ ਕੇ ਇੱਕ ਦਰਖਤ ਵਿੱਚ ਬਰਛਾ ਮਾਰਿਆ, ਜਿਸ ਵਿੱਚੋਂ ਪਾਣੀ ਵਗ ਤੁਰਿਆ ਜੋ ਉਹਨਾਂ ਲੋਕਾਂ ਨੇ ਰੱਜ ਕੇ ਪੀਤਾ ਤੇ ਗੁਰੂ ਜੀ ਦੇ ਚਰਨੀਂ ਲੱਗੇ। ਇਹ ਬੂਟਾ ਅੱਜ ਵੀ ਅਫਰੀਕਾ ਵਿੱਚ ਆਮ ਪਾਇਆ ਜਾਂਦਾ ਹੈ, ਜਿਸਦਾ ਨਾਮ ਟਲੈਵਰਰ ਪਾਮ ਹੈ, ਜੋ ਕੇਲੇ ਵਰਗਾ ਹੈ। ਇਸਦੇ ਮੁੱਢ ਵਿੱਚ ਕਿਸੇ ਸੰਦ ਨਾਲ ਟੱਕ ਲਾ ਦੇਣ ਨਾਲ ਕੁਝ ਪਾਣੀ ਨਿਕਲਦਾ ਹੈ, ਜੋ ਬੜਾ ਨਿਰਮਲ ਹੁੰਦਾ ਹੈ। ਜਦ ਪਾਣੀ ਮੁੱਕ ਜਾਂਦਾ ਹੈ ਤਾਂ ਥੋੜਾ ਉਚਾ ਨੀਵਾਂ ਫੇਰ ਟੱਕ ਕੇ ਪਾਣੀ ਕੱਢਿਆ ਜਾ ਸਕਦਾ ਹੈ ਲੋਕ ਇਸ ਪਣੀ ਨੂੰ ਪੀਂਦੇ ਹਨ। ਨਦੀਆਂ ਨਾਲਿਆਂ ਝੀਲਾਂ ਦਾ ਉਹਨਾਂ ਨੂੰ ਗਿਆਨ ਨਹੀਂ ਸੀ। ਕੁਦਰਤ ਨੇ ਪਾਣੀ ਦੀ ਅਣਹੋਂਦ ਕਾਰਨ ਹੀ ਇਹ ਪੌਦੇ ਪੈਦਾ ਕੀਤੇ ਹਨ। ਗੁਰੂ ਜੀ ਤੋਂ ਪਹਿਲਾਂ ਕਿਸੇ ਨੂੰ ਅਜਿਹਾ ਗਿਆਨ ਨਹੀਂ ਸੀ। ਬਾਬਾ ਨਾਨਕ ਜੀ ਵੱਲੋਂ ਦਿੱਤੇ ਗਿਆਨ ਨਾਲ ਉਹ ਤ੍ਰੇਹ ਬੁਝਾਉਣ ਦੇ ਕਾਬਲ ਹੋ ਗਏ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

ਜਿਸਨੇ ਆਪਣੇ ਸੁਆਰਥ ਤੋਂ ਪਰੇ ਹੋ ਕੇ ਸੱਚਾਈ ਪ੍ਰਉਪਕਾਰ ਤੇ ਕੌਮੀ ਆਨ ਸ਼ਾਨ ਦੇ ਲਈ ਆਪਣਾ ਵਾਰ ਦਿੱਤਾ ਹੋਵੇ, ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਆਪਣੇ ਉੱਚੇ ਆਦਰਸ਼ ਤੇ ਪਹਿਰਾ ਦਿੰਦਾ ਹੋਇਆ ਉਹ ਇੱਕ ਚਾਨਣ ਮੁਨਾਰਾ ਹੈ, ਜੋ ਕਿ ਦੀਨ ਹੀਨ, ਗੁਲਾਮੀ ਵਿੱਚ ਫਸੇ ਲੋਕਾਂ ਨੂੰ ਨਿਰਭੈਤਾ ਦਾ ਰਾਹ ਦਸਕੇ ਆਜ਼ਾਦੀ ਤੱਕ ਪਹੁੰਚਾਉਂਦਾ ਹੈ। ਗੁਰਬਾਣੀ ਵਿੱਚ ਸਮਝਾਇਆ ਹੈ ਕਿ ਜੋ ਮਨੁੱਢ ਇਸ ਜਗਤ ਰੂਪ ਰਣ ਭੂਮੀ ਵਿੱਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾਂ ਜੀਵਨ ਹੀ ਮੌਕਾ ਹੈ ਜਦੋਂ ਇਹਨਾਂ ਨਾਲ ਲੜਿਆ ਜਾ ਸਕਦਾ ਹੈ। ਇਹ ਅਸਲ ਸੂਰਮਾ ਹੈ। ਉਸਦੇ ਦਸਮ ਦੁਆਰ ਵਿੱਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਨਾਂ ਵਿੱਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿੱਚ ਪ੍ਰਭੂ ਚਰਨਾਂ ਵਿੱਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ। ਹਾਂ, ਇਕ ਹੋਰ ਵੀ ਸੂਰਮਾ ਹੈ। ਉਸ ਮਨੁੱਖ ਨੂੰ ਵੀ ਸੂਰਮਾ ਹੀ ਸਮਝਣਾ ਚਾਹੀਦਾ ਹੈ ਜੋ ਗਰੀਬਾਂ ਵਾਸਤੇ ਲੜਦਾ ਹੈ। ਟੋਟੇ ਟੋਟੇ ਹੋ ਮਰਦਾ ਹੈ ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਇ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬ ਚਾਉਣ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਦੀ ਤਰਜ਼ਮਾਨੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਨਿਸ਼ਠਾ ਸ਼ਰਧਾ ਕਰਕੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਧ+ਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ ਆਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੁਰਤੀਆਂ ਦੀ ਨਿਖੇਧੀ ਕਰਕੇ, ਵਹਿਮਾਂ, ਭਰਮਾਂ ਦਾ ਵਿਰੋਧ ਕਰਕੇ ਸਾਵੀਂ ਪੱਧਰੀ ਜੀਵਨ ਜਾਂਚ ਸਿਖਾਈ। ਗੁਰੂ ਗਰੰਥ ਸਾਹਿਬ ਜੀ ਦੇ ਉਪਦੇਸ਼ ਵਿੱਚ ਕੇਵਲ ਅਧਿਆਤਮਕ ਉੱਚਾਈਆਂ ਹੀ ਨਹੀਂ, ਸਗੋਂ ਬੜੀ ਪ੍ਰਬਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ, ਜੋ ਕ੍ਰਾਂਤੀਕਾਰੀ ਪ੍ਰੇਰਨਾ ਪ੍ਰਦਾਨ ਕਰਦੀ ਹੈ। ਜਿਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ ਵਿੱਚ ਆਉਣ ਲਈ ਪ੍ਰੇਰਿਆ। ਜੋ ਕਿ ਕੱਟੜ ਸ਼ਰਈ ਮੁਸਲਮਾਨਾਂ ਲਈ ਦੁਖਦਾਇਕ ਸੀ।

ਉਹਨਾਂ ਨੇ ਮੁਗਲ ਬਾਦਸ਼ਾਹ ਅਕਬਰ ਦੇ ਵੇਲੇ ਗੁਰੂ ਸਾਹਿਬ ਵਿਰੁੱਧ ਧਾਰਮਿਕ ਈਰਖਾ ਦੀਆਂ ਸ਼ਿਕਾਇਤਾਂ ਲਾਈਆਂ ਪਰ ਬਾਦਸ਼ਾਹ ਨੇ ਸਿੱਖੀ ਦੇ ਅਸੂਲਾਂ, ਰਹਿਤ ਮਰਿਆਦਾ ਤੇ ਸਿੱਖੀ ਦੇ ਪ੍ਰਚਾਰ ਢੰਗ ਉਪਰੰਤ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਵਿੱਚ ਕੁਝ ਵੀ ਅਯੋਗ ਨਹੀਂ ਸੀ ਦਿਸਿਆ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਲਈ ਸੇਵਾ ਅਤੇ ਸ਼ਰਧਾ ਪ੍ਰਗਟ ਕੀਤੀ।

ਬਾਦਸ਼ਾਹ ਅਕਸਰ ਦੀ 17 ਅਕਤੂਬਰ 1605 ਵਿੱਚ ਆਗਰੇ ਵਿਖੇ ਮੌਤ ਹੋ ਗਈ। ਸ਼ੇਖ ਅਹਿਮਦ ਸਰਹਿੰਦੀ ਜਿਹੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਨੂੰ ਰਾਜ ਗੱਦੀ ਤੇ ਬਿਠਾਇਆ। ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ ਇਹ ਮੁਗਲ ਸਾਮਰਾਜ ਲਈ ਖਤਰਾ ਹੈ। ਇਸ ਵਿੱਚ ਪ੍ਰਿਥੀ ਚੰਦ, ਚੰਦੂ ਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਭੜਕਾਇਆ। ਬਾਦਸ਼ਾਹ ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਸ਼ੇਖ ਅਹਿਮਦ ਸਰਹਿੰਦੀ ਨੇ ਸਾਜਿਸ ਅਧੀਨ ਕਿਹਾ ਕਿ ਗੁਰੂ ਗ੍ਰਥ ਸਾਹਿਬ ਵਿੱਚ ਇਸਲਾਮ ਵਿਰੁੱਧ ਲਿਖਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਾਚਣ ਲਈ ਗੁਰੂ ਜੀ ਨੂੰ ਤਲਬ ਕੀਤਾ। ਜਦੋਂ ਗ੍ਰੰਥ ਵਿੱਚ ਕੁਝ ਵੀ ਵਿਰੋਧ ਵਿੱਚ ਦਰਜ਼ ਨਾ ਮਿਲਿਆ, ਤਾਂ ਗ੍ਰੰਥ ਵਿੱਚ ਇਸਲਾਮ ਦੀ ਤਾਰੀਫ਼ ਵਿੱਚ ਦਰਜ ਕਰਨ ਤੇ ਜ਼ੋਰ ਦਿੱਤਾ ਗਿਆ। ਗੁਰਨੂੰ ਜੀ ਨੇ ਅਜਿਹਾ ਕਰਨ ਦੀ ਪੁਰਜ਼ੋਰ ਨਾਂਹ ਕਰ ਦਿੱਤੀ। ਤਦ ਇਸਲਾਮ ਵਿਰੁੱਧ ਪ੍ਰਚਾਰ ਕਰਨ ਅਤੇ ਬਾਦਸ਼ਾਹ ਦੀ ਹੇਠੀ ਕਰਨ ਦਾ ਦੋਸ਼ ਲਾਇਆ। ਇਸ ਤੇ ਬਾਦਸ਼ਾਹ ਨੇ ਦੋ ਲੱਖ ਜੁਰਮਾਨਾ ਲਾਇਆ। ਗੁਰੂ ਜੀ ਨੇ ਸੰਗਤਾਂ ਨੂੰ ਜੁਰਮਾਨਾ ਅਦਾ ਕਰਨ ਤੋਂ ਮਨਾ ਕਰ ਦਿੱਤਾ।

ਦੂਸਰਾ 6 ਅਪ੍ਰੈਲ 1606 ਨੂੰ ਖੁਸਰੋ ਨੇ ਰਾਜ ਗੱਦੀ ਲਈ ਬਗਾਵਤ ਕਰ ਦਿੱਤੀ। ਖੁਸਰੋ ਆਗਰੇ ਤੋਂ ਪੰਜਾਬ ਵੱਲ ਵਧਿਆ। ਉਸਦਾ ਪਿੱਛਾ ਕਰਦਾ ਜਹਾਂਗੀਰ ਸੁਲਤਾਨਪੁਰ , ਗੋਂਦਵਾਲ, ਤਰਨ ਤਾਰਨ ਹੁੰਦਾ ਹੋਇਆ ਲਾਹੌਰ ਪੁੱਜਾ। ਰਾਹ ਵਿੱਚ ਉਹ ਲੋਕਾਂ ਨੂੰ ਸਜਾਵਾਂ ਦਿੰਦਾ ਆਇਆ, ਜਿੰਨਾਂ ਨੇ ਖੁਸਰੋ ਦੀ ਕਿਸੇ ਪ੍ਰਕਾਰ ਦੀ ਹਮਦਰਦੀ ਜਾਂ ਮਦਦ ਕੀਤੀ ਸੀ। ਉਸਨੇ ਗੁਰੂ ਜੀ ਤੇ ਦੋਸ਼ ਲਗਾਇਆ ਕਿ ਉਹਨਾਂ ਖੁਸਰੋ ਦੀਆਂ ਫੌਜਾਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਹੈ। ਗੁਰੂ ਜੀ ਨੇ ਸਮਝਾਇਆ ਕਿ ਖੁਸਰੋ ਅਤੇ ਫੌਜਾਂ ਨੇ ਗੋਂਦਵਾਲ ਪ੍ਰਸ਼ਾਦਾ ਜਰੂਰ ਛਕਿਆ ਸੀ ਪਰ ਮੈਂ ਖੁਦ ਉਸ ਵੇਲੇ ਤਰਨ ਤਾਰਨ ਵਿਖੇ ਸੀ ਪਰ ਗੁਰੂ ਘਰ ਵਿੱਚ ਪ੍ਰਸ਼ਾਦਾ ਛੱਕਣ ਕੋਈ ਵੀ ਕਿਸੇ ਵੇਲੇ ਆ ਸਕਦਾ ਹੈ ਇਥੇ ਕਦੇ ਭੇਦਭਾਵ ਨਹੀਂ ਹੋਇਆ। ਅੱਗੇ ਦੋਸ਼ ਲਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਉਸਦੇ ਮੱਥੇ ਤੇ ਤਿਲਕ ਲਗਾਇਆ ਕਿ ਖੁਸਰੋ ਜਹਾਂਗੀਰ ਦਾ ਟਾਕਰਾ ਕਰ ਸਕੇ। ਅਤੇ ਤਖਤ ਹਾਸਿਲ ਕਰਨਹੀ ਆਸ਼ੀਰਵਾਦ ਵੀ ਦਿੱਤਾ। ਵਿਰੋਧੀਆਂ ਨੇ ਬਾਦਸ਼ਾਹ ਨੂੰ ਭੜਕਾਇਟਾ ਕਿ ਖੁਸਰੋ ਦੇ ਹਿਮਾਇਤੀਆਂ ਦੀ ਤਰਾਂ ਗੁਰੂ ਜੀ ਨੂੰ ਵੀ ਖ਼ੌਫਨਾਕ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ। ਬਾਦਸ਼ਾਹ ਜਹਾਂਗੀਰ ਨੇ ਪੱਕਾ ਇਰਾਦਾ ਕਰ ਲਿਆ ਕਿ ਜਾਂ ਤਾਂ ਗੁਰੂ ਜੀ ਨੂੰ ਮੁਸਲਮਾਨ ਬਣਾਇਆ ਜਾਵੇ ਜਾਂ ਉਹਨਾਂ ਨੂੰ ਸ਼ਹੀਦ ਕੀਤਾ ਜਾਵੇ। ਆਪਣੀ ਸਵੈਜੀਵਨੀ ਤੁਜਕਿ ਜਹਾਂਗੀਰੀ ਵਿੱਚ 6 ਜੂਨ 1606 ਨੂੰ ਇਵੇਂ ਬਿਆਨ ਕੀਤਾ ਹੈ

ਬਿਆਸ ਦਰਿਆ ਦੇ ਕੰਢੇ ਇੱਕ ਅਰਜਨ ਨਾਉਂ ਦਾ ਹਿੰਦੂ ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿੱਚ ਰਹਿੰਦਾ ਸੀ। ਕਈਸ ਸਧਾਰਣ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸਨੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਨਾਉਣ ਲਈ ਨਾ ਜੋੜ ਲਿਆ ਹੈ। ਉਸਨੇ ਸੰਤਪੁਣੇ ਦੀ ਪਵਿੱਤਰਤਾ ਦਾ ਢੋਲ ਵਜਾਇਆ ਹੈ। ਉਸ ਨੂੰ ਗੁਰੂ ਅਤੇ ਸੁੱਚੇ ਪਾਤਿਸ਼ਾਹ ਕਿਹਾ ਜਾਂਦਾ ਸੀ। ਬ ਹੁਤ ਥਾਵਾਂ ਤੋਂ ਚਰਵਾਹੇ ਅਤੇ ਬੇਵਕੂਫ ਉਸਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ ਉਸਨੇ 3-4 ਪੀੜੀਆਂ ਤੋਂ ਚਲਾਇਆ ਹੈ। ਕਾਫ਼ੀ ਸਮੇਂ ਤੋਂ ਮੇਰੇ ਮਨ ਵਿੱਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸ ਨੂੰ ਮੁਸਲਮਾਨ ਮੱਤ ਵਿੱਚ ਲਿਆਉਣ ਦਾ ਖਿਆਲ ਸੀ।

ਇਸ ਤਰਾਂ ਮੁਗਲ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਸਿਰਫ਼ ਗੁਰੂ ਜੀ ਨੂੰ ਸ਼ਹੀਦ ਹੀ ਨਹੀਂ ਕਰਨਾ ਚਾਹੁੰਦਾ ਸੀ, ਸਗੋਂ ਉਹ ਸਿੱਖ ਲਹਿਰ ਦੀ ਵਿਚਾਰ ਧਾਰਾ ਨੂੰ ਮਾਰਨਾ ਚਾਹੁੰਦਾ ਸੀ। ਜਿਸ ਨੂੰ ਉਸਨੇ ਝੂਠੀ ਦੁਕਾਨਦਾਰੀ ਦਾ ਨਾਉਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ ’ਤੇ ਹਮਲਾ ਸੀ ਜੋ ਮੁਗਲ ਹਕੂਮਤ ਲਈ ਇੱਕ ਵੰਗਾਰ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ ਤੇ ਉਹ ਚੱਲ ਰਹੇ ਹਨ, ਉਸਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਦੇ ਹੋਰ ਧਰਮ ਅਪਨਾਉਣ ਵਾਲੇ ਲਈ ਮੌਤ ਦੀ ਸਜਾ ਸੀ ਪਰ ਗੁਰੂ ਜੀ ਨਾ ਤਾਂ ਆਪਣੀ ਵਿਚਾਰ ਧਾਰਾ ਬਦਲਣ ਅਤੇ ਨਾ ਹੀ ਗੁਰੂ ਮਰਿਆਦਾ ਦਾ ਰਾਹ ਛੱਡਣ ਲਈ ਤਿਆਰ ਹੋਏ। ਸਮਰਥ ਗੁਰੂ ਆਉਣ ਵਾਲੇ ਨਤੀਜਿਆਂ ਤੋਂ ਵਾਕਫ਼ ਸਨ, ਜਿਸ ਨਾਲ ਕੌਮ ਨੇ ਜ਼ੁਲਮ ਅਤੇ ਮੁਸੀਬਤਾਂ ਦੇ ਖਿਲਾਫ਼ ਤਿਆਰ ਹੋਣਾ ਸੀ।

ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ ਮੱਤ ਵਿੱਚ ਲਿਆਉਣਾਂ ਚਹੁੰਦਾ ਸੀ, ਤਾਂ ਜੋ ਗੁਰੂ ਜੀ ਦੇ ਵੱਡੀ ਗਿਣਤੀ ਵਿੱਚ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਬਾਦਸ਼ਾਹ ਜਹਾਂਗੀਰ ਨੇ ਹੁਕਮ ਦਿੱਤਾ ਕਿ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ, ਉਸ ਨੂੰ ਸਿਆਸਤ ਅਤੇ ਯਾਸਾਂ ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਜਹਾਂਗੀਰ ਹੁਕਮ ਸੁਣਾ ਕੇ ਆਪ ਉਥੋਂ ਸਿੰਧ ਇਲਾਕੇ ਵੱਲ ਚਲਾ ਗਿਆ।

ਗੁਰੂ ਜੀ ਨੂੰ ਸ਼ਹੀਦ ਕਰਨ ਦੀ ਜਿੰਮੇਵਾਰੀ ਅਹਿਲਕਾਰ ਚੰਦੂ ਨੇ ਲੈ ਲਈ। ਉਸਦਾ ਗੁਰੂ ਜੀ ਨਾਲ ਚਿਰੋਕਾ ਵੈਰ ਸੀ। ਉਸ ਦੀ ਧੀ ਦਾ ਸਾਕ ਪੁਰੋਹਿਤ ਨੇ ਗੁਰੂ ਜੀ ਦੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤਤੀ ਤਾਂ ਉਸ ਵੇਲੇ ਉਸਨੇ ਗੁੱਸੇ ਵਿੱਚ ਕਿਹਾ ਕਿ ਤੂੰ ਚੋਬਾਰੇ ਦੀ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈ। ਇਸ ਤਰਾਂ ਉਸ ਨੇ ਗੁਰੂ ਘਰ ਅਤੇ ਘਰਾਣੇ ਨੂੰ ਮੋਰੀ ਕਹਿ ਕੇ ਸਖ਼ਤ ਬੇਅਦਬੀ ਕੀਤੀ। ਬਾਅਦ ਵਿੱਚ ਉਹ ਤਜ਼ਵੀਜ਼ ਮੰਨਣ ਨੂੰ ਤਿਆਰ ਹੋ ਗਿਆ। ਗੁਰੂ ਜੀ ਨੇ ਸੰਗਤ ਦੀ ਬੇਨਤੀ ਤੇ ਸਾਕ ਲੈਣ ਤੋਂ ਨਾਂਹ ਕਰ ਦਿੱਤੀ। ਚੰਦੂ ਨੇ ਮੌਕਾ ਵੇਖ ਕੇ ਆਪਣੀ ਧੀ ਦੇ ਰਿਸ਼ਤੇ ਦੀ ਗਲ ਤੋਰੀ ਤਾਂ ਗੁਰੂ ਜੀ ਨੇ ਫਿਰ ਨਾਂਹ ਕਰ ਦਿੱਤੀ। ਜਦ ਗੁਰੂ ਜੀ ਨੂੰ ਮਨਾਉਣ ਦੇ ਉਸ ਦੇ ਸਾਰੇ ਯਤਨ ਸਫਲ ਨਾ ਹੋਏ, ਤਾਂ ਉਸ ਨੇ ਗੁਰੂ ਜੀ ਨੂੰ ਸ਼ੇਖ ਫਰੀਦ ਬੁਖਾਰੀ ਦੇ ਬੰਦਿਆਂ ਹਵਾਲੇ ਕਰ ਦਿੱਤਾ। ਗੁਰੂ ਜੀ ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਲਿਆਂਦਾ ਗਿਆ। ਗੁਰੂ ਜੀ ਨੂੰ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਭੁੱਖਾ ਪਿਆਸ ਰੱਖ ਕੇ ਦੇਗ ਵਿੱਚ ਉਬਾਲਿਆ ਗਿਆ। ਤੱਤੀ ਤਵੀ ਤੇ ਬਿਠਾਇਟਾ ਗਿਆ। ਸੜਦੀ ਬਲਦੀ ਰੇਤ ਸਰੀਰ ਉਤੇ ਪਾ ਕੇ ਸਰੀਰ ਛਾਲੇ ਛਾਲੇ ਕਰ ਦਿੱਤਾ। ਚਾਰ ਦਿਨ ਅਜਿਹੇ ਖ਼ੌਫਨਾਕ ਤਸੀਹੇ ਦੇਣ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਲਈ ਛਾਲਿਆਂ ਨਾਲ ਫਿੱਸੇ ਸਰੀਰ ਨੂੰ ਰਾਵੀ ਦੇ ਠੰਡੇ ਜਲ ਵਿੱਚ ਡੁਬੋ ਕੇ ਸਤਿਗੁਰਾਂ ਨੂੰ 30 ਮਈ 1606 ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਧਰਮ ਵਾਸਤੇ ਅਸਿਹ ਤੇ ਅਕਹਿ ਕਸ਼ਟ ਝੱਲਦੇ ਹੋਏ ਰੱਬ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸ਼ਹੀਦ ਹੋ ਗਏ। ਰਾਵੀ ਦ ਕੰਢੇ ਆਲੀਸ਼ਾਨ ਗੁਰਦੁਆਰਾ ਡੇਹਰਾ ਸਾਹਿਬ ਪਾਕਿਸਤਾਨ ਬਣਿਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਜਦੋਂ ਗੁਰੂ ਸਾਹਿਬ ਜੀ ਨੂੰ ਤਲਬ ਕੀਤਾ ਤਾਂ ਗੁਰੂ ਜੀ ਜਾਣ ਗਏ ਸਨ, ਕਿਉਹਨਾਂ ਨੇ ਵਾਪਿਸ ਨਹੀਂ ਆਉਣਾ। ਲਾਹੌਰ ਜਾਣ ਲਗਿਆਂ ਆਪ ਆਗਿਆ ਕਰਕੇ ਗਏ ਸਨ ਕਿ ਸਾਡੇ ਪਿੱਛੋਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦੀ ਜਿੰਮੇਵਾਰੀ ਸੌਂਪੀ ਜਾਵੇ, ਜੋ 25 ਮਈ 1606 ਨੂੰ ਗੁਰਗੱਦੀ ’ਤੇ ਬੈਠੇ।



ਡਾ.ਚਰਨਜੀਤ ਸਿੰਘ ਗੁਮਟਾਲਾ
9417533060

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ 1563 ਈ: ਨੂੰ ਚੌਥੇ ਗੁਰੂ ਸ੍ਰੀ ਗਰੂ ਸ੍ਰੀ ਰਾਮਦਾਸ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਆਪ ਜੀ ਦੀ ਮਾਤਾ ਦਾ ਨਾਂ ਬੀਬੀ ਭਾਨੀ ਸੀ। ਇਹ ਸਥਾਨ ਬਿਆਸ ਦਰਿਆ ਦੇ ਕੰਢੇ ਹੈ। ਆਪ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਸਨ। ਆਪ ਬਹੁਤ ਹੀ ਸੂਝਵਾਨ ਸਨ, ਇਹੋ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਸੌਂਪੀ।

ਗੁਰਗੱਦੀ ਧਾਰਨ ਤੋਂ ਪਹਿਲਾਂ ਆਪ ਬਤੌਰ ਇੱਕ ਸਫ਼ਲ ਪ੍ਰਚਾਰਕ ਦਾ ਕੰਮ ਕਰ ਚੁੱਕੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਜਨਮ ਅਸਥਾਨ ਲਾਹੌਰ ਵਿਖੇ ਬਹੁਤਾ ਸਮਾਂ ਨਾ ਰਹਿ ਸਕੇ ਪਰ ਉਨ੍ਹਾਂ ਨੇ ਆਪ ਨੂੰ ਇੱਥੇ ਪ੍ਰਚਾਰ ਕਰਨ ਲਈ ਭੇਜਿਆ। ਲਾਹੌਰ ਉਸ ਸਮੇਂ ਸੂਬਾਈ ਰਾਜਧਾਨੀ ਹੋਣ ਕਰਕੇ ਬਹੁਤ ਪ੍ਰਸਿੱਧੀ ਵਾਲਾ ਸ਼ਹਿਰ ਸੀ। ਇੱਥੇ ਹੀ ਆਪ ਜੀ ਨੇ ਸ਼ਬਦ ਹਜ਼ਾਰੇ ਆਪਣੇ ਪਿਤਾ ਜੀ ਨੂੰ ਚਿੱਠੀਆਂ ਦੇ ਰੂਪ ਵਿੱਚ ਭੇਜੇ ਜੋ ਕਿ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ।

ਆਪ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ। ਮਸੰਦਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਸੰਗਤਾਂ ਪਾਸ ਦਸਵੰਧ ਉਗਰਾਹ ਕੇ ਆਪ ਪਾਸ ਜਮਾਂ ਕਰਾਉਣ ਤਾਂ ਜੋ ਲੰਗਰ ਅਤੇ ਇਮਾਰਤਾਂ ਦੀ ਉਸਾਰੀ ਦਾ ਕੰਮ ਨਿਰਵਿਘਨ ਚੱਲਦਾ ਰਹੇ। ਆਦਿ ਗ੍ਰੰਥ ਜਿਸ ਨੂੰ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਸੰਪਾਦਨਾ ਆਪ ਜੀ ਦੀ ਇੱਕ ਮਹਾਨ ਦੇਣ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪ ਨੇ ਇਹ ਕੰਮ 1604 ਈ: ਵਿੱਚ ਮੁਕੰਮਲ ਕਰਕੇ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ। ਇਹ ਇੱਕ ਐਸਾ ਗ੍ਰੰਥ ਹੈ, ਜੋ ਕਿ ਸਭ ਧਰਮਾਂ ਦਾ ਸਾਂਝਾ ਹੈ। ਇਸ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਦੀ ਬਾਣੀ ਦਰਜ਼ ਹੈ। ਇਸ ਦਾ ਉਦੇਸ਼ ਚੌਂਹ ਵਰਣਾਂ ਲਈ ਸਾਂਝਾ ਹੈ।



ਬਾਣੀ ਰਾਗਾਂ ਵਿੱਚ ਹੈ। ਕੁਲ 30 ਰਾਗ ਹਨ। ਆਰੰਭ ਵਿੱਚ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਹੈ। ਹਰ ਰਾਗ ਵਿੱਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੌਵੀਂ ਪਾਤਸ਼ਹੀ ਦੀ ਬਾਣੀ ਬਾਅਦ ਵਿੱਚ ਦਰਜ ਕੀਤੀ। ਗੁਰੂਆਂ ਦੇ ਬਾਅਦ ਭਗਤਾਂ ਦੀ ਬਾਣੀ ਹੈ ਜੋ ਕਿ ਸਮੇਂ ਅਨੁਸਾਰ ਦਰਜ਼ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿੱਚ ਫ਼ਰੀਦ ਜੀ , ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਣ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੈਣੀ ਜੀ ਸ਼ਾਮਿਲ ਹਨ। ਭਾਈ ਮਰਦਾਨਾ ਦੇ 3 ਸਲੋਕ ਦਿੱਤੇ ਗਏ ਹਨ।

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰਨ ਵੱਲ ਆਪ ਨੇ ਧਿਆਨ ਦਿੱਤਾ। ਅੰਮ੍ਰਿਤਸਰ ਦੇ ਸਰੋਵਰ ਨੂੰ ਪੱਕਾ ਕਰਵਾਇਆ। ਇਸ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਜਿਸ ਦੀ ਨੀਂਹ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ, ਜਿਨ੍ਹਾਂ ਦਾ ਗੁਰੂ ਘਰ ਨਾਲ ਮੇਲ ਮਿਲਾਪ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਸੀ। ਇਹ ਸਥਾਨ ਸਿੱਖ ਕੌਮ ਲਈ ਇੱਕ ਅਜੂਬਾ ਬਣ ਗਿਆ। ਇਹ ਪਹਿਲਾ ਗੁਰਦੁਆਰਾ ਸੀ ਜਿਸ ਦੀ ਉਸਾਰੀ ਗੁਰੂ ਸਾਹਿਬ ਦੀ ਦੇਖ ਰੇਖ ਵਿੱਚ ਹੋਈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਲਈ ਆਲੀਸ਼ਾਨ ਦਰਸ਼ਨੀ ਡਿਉਢੀ ਬਣਾਈ। ਸ੍ਰੀ ਦਰਬਾਰ ਸਾਹਿਬ ਅੰਦਰ ਗੁਰਬਾਣੀ ਦਾ ਮਨੋਹਰ ਕੀਰਤਨ ਹੁੰਦਾ ਹੈ, ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੀ ਆਨੰਦ ਮਾਣ ਰਹੇ ਹਨ।

ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੂਰ 1590 ਈ. ਵਿੱਚ ਤਰਨਤਾਰਨ ਦਾ ਗੁਰਦੁਆਰਾ ਉਸਾਰਿਆ। ਇਸ ਵਿੱਚ ਗੁਰਦੁਆਰੇ ਦੀ ਇਮਾਰਤ ਸਰੋਵਰ ਦੇ ਇੱਕ ਪਾਸੇ ਹੈ। ਇਹ ਤਰਨਤਾਰਨ ਦੇ ਆਲੇ-ਦੁਆਲੇ ਦੀਆਂ ਸੰਗਤਾਂ ਲਈ ਇਹ ਕੇਂਦਰ ਬਣ ਗਿਆ। ਜਦ ਆਪ ਬਿਆਸ ਦਰਿਆ ਪਾਰ ਕਰਕੇ ਦੁਆਬੇ ਗਏ ਤਾਂ ਆਪ ਨੇ ਇੱਕ ਨਵਾਂ ਕੇਂਦਰ ਕਰਤਾਰਪੁਰ 1594 ਈ. ਦੇ ਆਸ ਪਾਸ ਵਸਾਇਆ ਤੇ ਗੁਰਦੁਆਰੇ ਦੀ ਸਥਾਪਨਾ ਕੀਤੀ।ਗੁਰੂ ਜੀ ਵਡਾਲੀ ਵਿਖੇ ਕੁਝ ਜ਼ਮੀਨ ਲੈ ਕੇ ਆਪ ਨੇ ਖੇਤੀ ਕਰਵਾਈ। ਇੱਥੇ ਹੀ 1595 ਈ: ਵਿੱਚ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ। ਇਸ ਦੀ ਖੁਸ਼ੀ ਵਿੱਚ ਆਪ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ। ਅਜਿਹੇ ਖੂਹ ਵਿੱਚ ਪੰਜਾਬ ਵਿੱਚ ਕੇਵਲ ਬਾਦਸ਼ਾਹ ਹੀ ਲਵਾਉਂਦੇ ਸਨ ਤੇ ਉਹ ਵੀ ਇੱਕ ਹਰਟ ਜਾਂ ਦੋ ਹਰਟਾਂ ਵਾਲਾ। ਇੱਕ ਹਰਟ ਨੂੰ ਗੇੜਨ ਲਈ ਇੱਕ ਬਲਦਾਂ ਦੀ ਜੋੜੀ ਹੁੰਦੀ ਸੀ ਜਾਂ ਇੱਕ ਊਠ ਨਾਲ ਉਸ ਨੂੰ ਗੇੜਿਆ ਜਾਂਦਾ ਸੀ। ਅੱਜ ਕੱਲ੍ਹ ਇੱਥੇ ਗੁਰਦੁਆਰਾ ਛੇਹਰਟਾ ਸਾਹਿਬ ਸਥਿਤ ਹੈ।

ਜ਼ਿਲ੍ਹਾ ਗੁਰਦਾਸਪੁਰ ਵਿੱਚ ਬਿਆਸ ਦਰਿਆ ਕੰਢੇ ਤਹਿਸੀਲ ਬਟਾਲਾ ਘੁਮਾਣ ਪਿੰਡ ਲਾਗੇ ਆਪਣੇ ਸਪੁੱਤਰ ਦੇ ਨਾਂ ’ਤੇ ਸ੍ਰੀ ਹਰਿਗੋਬਿੰਦਪੁਰ ਵਸਾਇਆ। ਇਸ ਲਈ ਇੱਕ ਮੁਰੱਬਾ ਜ਼ਮੀਨ ਖ਼ਰੀਦੀ। ਲਾਹੌਰ ਵਿੱਚ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ’ਤੇ ਸੰਗਤਾਂ ਦੀ ਸਹੂਲਤ ਲਈ ਬਾਉਲੀ ਲਗਵਾਈ।

ਆਪ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਅਰਬ ਮੁਲਕਾਂ ਵਿੱਚ ਭੇਜਿਆ ਜਿਸ ਤੋਂ ਆਪ ਦੀ ਦੀਰਘ ਦ੍ਰਿਸ਼ਟੀ ਦਾ ਪਤਾ ਚੱਲਦਾ ਹੈ। ਆਪ ਵੱਲੋਂ ਬਾਦਸ਼ਾਹ ਅਕਬਰ ਪਾਸੋਂ ਕਿਸਾਨਾਂ ਦੇ ਲਗਾਨ ਮੁਆਫ਼ ਕਰਾਉਣ ਦਾ ਹਵਾਲਾ ਸਮਕਾਲੀ ਲੇਖਕ ਸੁਜਾਨ ਰਾਏ ਭੰਡਾਰੀ ਦੀ ਲਿਖਤ ਤੋਂ ਮਿਲਦਾ ਹੈ ਕਿ ਜਦ ਅਕਬਰ ਲਾਹੌਰ ਤੋਂ ਦੱਖਣ ਬਟਾਲੇ ਗਏ ਜਿੱਥੇ ਕਿ ਮੁਸਲਮਾਨ ਫ਼ਕੀਰ ਤੇ ਹਿੰਦੂ ਸਨਿਆਸੀ ਦੀ ਲੜਾਈ ਕਰਕੇ ਮੰਦਰ ਢਾਹ ਦਿੱਤਾ ਗਿਆ। ਅਕਬਰ ਨੇ ਇਹ ਮੰਦਰ ਦੁਬਾਰਾ ਬਣਵਾਇਆ ਤੇ ਵਧੀਕੀ ਕਰਨ ਵਾਲਿਆਂ ਵਿੱਚੋਂ ਕਈ ਕੈਦ ਕਰ ਦਿੱਤੇ। ਫਿਰ ਅਕਬਰ ਗੁਰੂ ਅਰਜਨ ਦੇਵ ਜੀ ਦੇ ਸਥਾਨ ਪੁੱਜਾ ਤੇ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਨੇ ਗੁਰੂ ਜੀ ਦੇ ਕਹਿਣ ’ਤੇ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ ਕਿਉਂਕਿ ਅਨਾਜ ਸਸਤਾ ਹੋਣ ਕਰਕੇ ਕਿਸਾਨ ਏਨਾਂ ਲਗਾਨ ਨਹੀਂ ਦੇ ਸਕਦੇ ਸਨ।

ਆਪ ਨੇ ਗੁਰੂ ਨਾਨਕ ਰਾਹੀਂ ਸਥਾਪਤ ਕੀਤੇ ਗਏ ਸਿਧਾਂਤਾਂ ਨੂੰ ਸਿੱਖਾਂ ਦੇ ਮਨ ਵਿੱਚ ਵਸਾਇਆ। ਆਪ ਜੀ ਗੁਰਿਆਈ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਮਾਲਵੇ ਦੇ ਜੰਗਜੂ ਜੱਟ ਕਬੀਲਿਆਂ ਨੂੰ ਆਪ ਨੇ ਸਿੱਖ ਧਰਮ ਦੀ ਮੁੱਖ ਧਾਰਾ ਵਿੱਚ ਲਿਆਂਦਾ ਤੇ ਸਿੱਖਾਂ ਨੂੰ ਸਰਬਪੱਖੀ ਵਿਕਾਸ ਦੇ ਰਾਹ ’ਤੇ ਤੋਰਿਆ।

(ਬਾਕੀ ਸਫ਼ਾ 31 ’ਤੇ)




# ਵਿਕਾਸ ਅਤੇ ਵਿਨਾਸ਼ ਵਿਚਕਾਰ ਅੰਤਰ ਬਾਰੇ ਜਾਣਕਾਰੀ ਹੋਣੀ ਜ਼ਰੂਰੀ

## ਗਲੇਸ਼ੀਅਰਾਂ ਦੀ ਨਿਗਰਾਨੀ ਲਈ ਕੀਤੇ ਜਾਣ ਵੱਡੇ ਉਪਰਾਲੇ





ਹਿਮਾਲਿਆ ਖੇਤਰ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਕੰਪਨੀਆਂ ਵੱਲੋਂ ਲਗਾਤਾਰ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ, ਪਾਣੀ ਦੇ ਨਵੇਂ ਡੈਮ ਬਣਾਏ ਜਾ ਰਹੇ ਹਨ, ਨਵੀਂਆਂ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ, ਕਈ ਮੰਜ਼ਿਲੇ ਹੋਟਲ ਵੀ ਬਣਾਏ ਜਾ ਰਹੇ ਹਨ। ਹੁਣ ਇਸ ਵਿਕਾਸ ਨੂੰ ਲੈ ਕੇ ਦੇਸ਼ ਵਾਸੀ ਦੋ ਧਿਰਾਂ ਵਿੱਚ ਵੰਡੇ ਗਏ ਹਨ। ਇੱਕ ਧਿਰ ਇਸ ਨੂੰ ਵਿਕਾਸ ਕਹਿ ਰਹੀ ਹੈ, ਜਦੋਂ ਕਿ ਦੂਜੀ ਧਿਰ ਇਸ ਨੂੰ ਵਿਨਾਸ਼ ਕਹਿ ਰਹੀ ਹੈ। ਅਸਲੀਅਤ ਕੀ ਹੈ? ਇਸ ਬਾਰੇ ਵੱਖ-ਵੱਖ ਰਾਵਾਂ ਹੋ ਸਕਦੀਆਂ ਹਨ, ਪਰ ਇੱਕ ਗੱਲ 'ਤੇ ਹਰ ਕੋਈ ਸਹਿਮਤ ਹੈ ਕਿ ਵਿਕਾਸ ਅਤੇ ਵਿਨਾਸ਼ ਵਿਚਕਾਰਲੀ ਰੇਖਾ ਦੀ ਸਹੀ ਪਛਾਣ ਹੁਣ ਜ਼ਰੂਰੀ ਹੋ ਗਈ ਹੈ। ਵਿਕਾਸ ਦੇ ਨਾਂ 'ਤੇ ਕੁਦਰਤ ਨਾਲ ਖਿਲਵਾੜ ਕਰਨ ਲਈ ਸੀਮਾਵਾਂ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਅਮਲੀ ਵਿਕਾਸ ਵੀ ਵਾਤਾਵਰਣ ਦੀ ਦਹਿਸ਼ਤ ਦਾ ਸ਼ਿਕਾਰ ਨਾ ਹੋ ਜਾਵੇ। ਹਿਮਾਲਿਆ ਨਾ ਸਿਰਫ਼ ਸਭ ਤੋਂ ਨਵਾਂ ਪਰਬਤ ਹੈ, ਸਗੋਂ ਵਾਤਾਵਰਣ ਦੇ ਲਿਹਾਜ਼ ਨਾਲ ਸਭ ਤੋਂ ਸੰਵੇਦਨਸ਼ੀਲ ਪਹਾੜ ਵੀ ਹੈ। ਇਸ ਲਈ ਇੱਥੋਂ ਦੇ ਵਾਤਾਵਰਣ ਵਿੱਚ ਤਬਦੀਲੀ ਪ੍ਰਤੀ ਰਵੱਈਆ ਸੰਵੇਦਨਸ਼ੀਲ ਰੱਖਣਾ ਪੈਂਦਾ ਹੈ। ਕੋਈ ਵੀ ਉਸਾਰੀ, ਜੋ ਇਸ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ, ਜਲਵਾਯੂ ਪਰਿਵਰਤਨ ਦਾ ਕਾਰਨ ਬਣ ਸਕਦੀ ਹੈ ਜੋ ਕਿ ਪਿਘਲਦੇ ਗਲੇਸ਼ੀਅਰਾਂ, ਭਾਰੀ ਮੀਂਹ ਅਤੇ ਜ਼ਮੀਨ ਖਿਸਕਣ ਵਰਗੀਆਂ ਕੁਦਰਤੀ ਆਫ਼ਤਾਂ ਦਾ ਕਾਰਨ ਬਣ ਸਕਦੀ ਹੈ।

ਹਿਮਾਲਿਆ ਖੇਤਰ ਵਿੱਚ ਪੰਜ ਹਜ਼ਾਰ ਤੋਂ ਵੱਧ ਛੋਟੇ-ਵੱਡੇ ਗਲੇਸ਼ੀਅਰ ਹਨ ਅਤੇ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਵਿੱਚੋਂ ਸਿਰਫ਼ ਉੱਤਰਾਖੰਡ ਵਿੱਚ ਪੰਜ ਅਤੇ ਲਦਾਖ ਵਿੱਚ ਇੱਕ ਗਲੇਸ਼ੀਅਰ ਦੀ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ। ਜ਼ਾਹਰ ਹੈ ਕਿ ਨਿਗਰਾਨੀ ਲਈ ਸਾਧਨਾਂ ਨੂੰ ਵਧਾਉਣ ਦੀ ਲੋੜ ਹੈ, ਤਾਂ ਜੋ ਪਹਾੜਾਂ ਵਿਚ ਹੋਣ ਵਾਲੀਆਂ ਛੋਟੀਆਂ-ਛੋਟੀਆਂ ਤਬਦੀਲੀਆਂ ਵੀ ਅਣਗੌਲੀਆਂ ਨਾ ਜਾਣ।

ਵੱਡੇ ਡੈਮ ਵਿਕਾਸ ਅਤੇ ਰੁਜ਼ਗਾਰ ਦਾ ਅਹਿਮ ਸਰੋਤ ਹਨ, ਪਰ ਜੇਕਰ ਇਹ ਪਹਾੜਾਂ ਨੂੰ ਖੋਖਲਾ ਕਰ ਰਹੇ ਹਨ ਤਾਂ ਇਸ ਦੀ ਬਜਾਏ ਛੋਟੇ ਡੈਮਾਂ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਸੰਵੇਦਨਸ਼ੀਲ ਖੇਤਰਾਂ ਨੂੰ ਬਚਾਉਣ ਦੇ ਵਿਕਲਪ ਵਜੋਂ ਸੂਰਜੀ ਊਰਜਾ ਨੂੰ ਵੀ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਪਣ-ਬਿਜਲੀ ਪ੍ਰਾਜੈਕਟਾਂ ਲਈ ਵਾਤਾਵਰਣ ਅਧਿਐਨ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਡੈਮ ਪ੍ਰਭਾਵਿਤ ਲੋਕਾਂ ਦੀ ਰਾਏ ਜ਼ਰੂਰੀ ਹੁੰਦੀ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪਹਾੜਾਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਿਰਫ਼ ਇੱਥੇ ਰਹਿਣ ਵਾਲੇ ਲੋਕਾਂ ਅਤੇ ਸਰਕਾਰ ਦੀ ਨਹੀਂ ਹੈ। ਜਿਸ ਤਰ੍ਹਾਂ ਹਿਮਾਲਿਆ ਦੇਸ਼ ਦੀ ਸੁਰੱਖਿਆ ਲਈ ਮਹੱਤਵਪੂਰਨ ਹੈ, ਉਸੇ ਤਰ੍ਹਾਂ ਇਸ ਦੀ ਸੁਰੱਖਿਆ ਹਰ ਦੇਸ਼ ਵਾਸੀ ਲਈ ਜ਼ਰੂਰੀ ਹੈ।

ਅਸੀਂ ਅਕਸਰ ਇਹ ਸੋਚਦੇ ਹਾਂ ਕਿ ਕੁਝ ਮਰਜ਼ੀ ਹੋਈ ਜਾਵੇ 'ਸਾਨੂੰ ਕੀ?' ਪਰ ਇਹ ਸੋਚ ਸਹੀ ਨਹੀਂ ਹੈ। ਸਾਨੂੰ ਵਾਤਾਵਰਣ ਨੂੰ ਬਚਾਉਣ ਲਈ ਖ਼ੁਦ ਅੱਗੇ ਆਉਣਾ ਪਵੇਗਾ ਅਤੇ ਇਸ ਸਬੰਧੀ ਸਾਨੂੰ ਸਰਕਾਰ ਨੂੰ ਸਹਿਯੋਗ ਵੀ ਦੇਣਾ ਚਾਹੀਦਾ ਹੈ। ਇਕੱਲੀ ਸਰਕਾਰ ਜਾਂ ਕਿਸੇ ਵਿਸ਼ੇਸ਼ ਇਲਾਕੇ ਦੇ ਲੋਕ ਹੀ ਵਾਤਾਵਰਣ ਦੀ ਸੰਭਾਲ ਨਹੀਂ ਕਰ ਸਕਦੇ, ਸਗੋਂ ਪੂਰੇ ਮੁਲਕ ਦੇ ਲੋਕਾਂ ਨੂੰ ਵਾਤਾਵਰਣ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਜੇ ਅਸੀਂ ਵਾਤਾਵਰਣ ਨੂੰ ਬਚਾਵਾਂਗੇ ਤਾਂ ਸਮਝ ਲਵੋ ਅਸੀਂ ਆਪਣੇ ਆਪ ਨੂੰ ਬਚਾਅ ਲਿਆ ਹੈ। ਇਸ ਲਈ ਆਓ ਸਾਰੇ ਰਲ ਮਿਲ ਕੇ ਵਾਤਾਵਰਣ ਦੀ ਸੰਭਾਲ ਲਈ ਉਪਰਾਲੇ ਕਰੀਏ।

# ਵਾਤਾਵਰਣ ਨਾਲ ਮਨੁੱਖ ਨੂੰ ਰੂਹਾਨੀ ਤੌਰ 'ਤੇ ਜੁੜਨ ਦੀ ਲੋੜ

## ਵਾਤਾਵਰਣ ਨੂੰ ਬਚਾਉਣ ਲਈ ਬਦਲੋ ਰਹਿਣ- ਸਹਿਣ ਅਤੇ ਖਾਣ-ਪੀਣ ਦੀਆਂ ਆਦਤਾਂ

ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ। ਅੱਜ ਸਾਡੇ ਸਾਹਮਣੇ ਵਾਤਾਵਰਣ ਦੇ ਕਈ ਵੱਡੇ ਮੁੱਦੇ ਹਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਬਾਅ ਜਲਵਾਯੂ ਤਬਦੀਲੀ ਦਾ ਮੁੱਦਾ ਹੈ। ਇਹ ਸਮੱਸਿਆ ਮੁੱਖ ਤੌਰ 'ਤੇ ਮਨੁੱਖੀ ਗਤੀਵਿਧੀਆਂ ਤੋਂ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਇਹ ਸਮੱਸਿਆ ਵਧਦੇ ਗਲੋਬਲ ਤਾਪਮਾਨ, ਬਦਲਦੇ ਮੌਸਮ ਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ ਅਤੇ ਹੋਰ ਮਾੜੇ ਪ੍ਰਭਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ।

ਇਸ ਕਾਰਨ ਕੁਦਰਤੀ ਮੁਸੀਬਤਾਂ ਵਧ ਰਹੀਆਂ ਹਨ। ਖੇਤੀਬਾੜੀ, ਲੌਗਿੰਗ, ਸ਼ਹਿਰੀਕਰਨ ਅਤੇ ਹੋਰ ਉਦੇਸ਼ਾਂ ਲਈ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਕਾਰਨ ਆਕਸੀਜਨ ਦਾ ਸਭ ਤੋਂ ਵੱਡਾ ਭੰਡਾਰ, ਜੰਗਲਾਂ ਦਾ ਰਕਬਾ ਸੁੰਗੜਦਾ ਜਾ ਰਿਹਾ ਹੈ। ਨਤੀਜੇ ਵਜੋਂ ਜੰਗਲੀ ਜੀਵਾਂ ਦੇ ਨਿਵਾਸ ਸਥਾਨ ਦਾ ਨੁਕਸਾਨ, ਜੈਵ ਵਿਭਿੰਨਤਾ ਵਿੱਚ ਗਿਰਾਵਟ ਅਤੇ ਵਾਤਾਵਰਣ ਵਿੱਚ ਕਾਰਬਨ ਡਾਈਆਕਸਾਈਡ ਦੇ ਵਧੇ ਹੋਏ ਪੱਧਰ ਹਨ। ਜੈਵ ਵਿਭਿੰਨਤਾ ਦਾ ਤੇਜ਼ੀ ਨਾਲ ਨੁਕਸਾਨ ਵੀ ਇੱਕ ਗੰਭੀਰ ਮੁੱਦਾ ਹੈ। ਮਨੁੱਖੀ ਗਤੀਵਿਧੀਆਂ ਜਿਵੇਂ ਕਿ ਨਿਵਾਸ ਸਥਾਨਾਂ ਦਾ ਵਿਨਾਸ਼, ਪ੍ਰਦੂਸ਼ਣ, ਜ਼ਿਆਦਾ ਸ਼ੋਸ਼ਣ ਅਤੇ ਜਲਵਾਯੂ ਪਰਿਵਰਤਨ ਜੰਗਲੀ ਜੀਵਾਂ ਦੀ ਆਬਾਦੀ ਅਤੇ ਨਿਵਾਸ ਸਥਾਨਾਂ ਦੇ ਗਿਰਾਵਟ ਦਾ ਕਾਰਨ ਬਣ ਰਹੇ ਹਨ। ਇਹ ਵੀ ਮਨੁੱਖੀ-ਜੰਗਲੀ ਜੀਵ-ਜੰਤੂਆਂ ਦੇ ਵਧਦੇ ਸੰਘਰਸ਼ ਦਾ ਇੱਕ ਕਾਰਨ ਹੈ।

ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣੀ ਹੋਈ ਹੈ। ਇਸ ਦਾ ਮਨੁੱਖੀ ਸਿਹਤ, ਵਾਤਾਵਰਣ ਅਤੇ ਜੰਗਲੀ ਜੀਵਣ 'ਤੇ ਮਾੜਾ ਪ੍ਰਭਾਵ ਪੈਂਦਾ ਹੈ।

ਉਦਯੋਗਿਕ ਗਤੀਵਿਧੀਆਂ, ਆਵਾਜਾਈ ਅਤੇ ਜੈਵਿਕ ਈਂਧਨ ਦੇ ਜਲਣ ਦੇ ਕਾਰਨ ਹਵਾ ਦੀ ਮਾੜੀ ਗੁਣਵੱਤਾ ਮਨੁੱਖੀ ਸਿਹਤ 'ਤੇ ਨੁਕਸਾਨਦੇਹ ਪ੍ਰਭਾਵ ਪਾਉਂਦੀ ਹੈ ਅਤੇ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾ ਰਹੀ ਹੈ। ਉਚਿਤ ਪ੍ਰਬੰਧਨ ਅਤੇ ਸੰਭਾਲ ਤੋਂ ਬਿਨਾਂ, ਜੈਵਿਕ ਈਂਧਨ, ਖਣਿਜ ਅਤੇ ਤਾਜ਼ੇ ਪਾਣੀ ਸਮੇਤ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਖਪਤ, ਸਰੋਤਾਂ ਦੀ ਕਮੀ ਸਾਨੂੰ ਭਵਿੱਖ ਦੇ ਸੰਕਟ ਵੱਲ



ਲੈ ਜਾ ਰਹੀ ਹੈ।

ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਬਦਲੀਏ ਤਾਂ ਵਾਤਾਵਰਣ ਦੇ ਅਸੰਤੁਲਨ ਕਾਰਨ ਅਸੀਂ ਜਿਸ ਗੰਭੀਰ ਸੰਕਟ ਵੱਲ ਵਧ ਰਹੇ ਹਾਂ, ਉਸ ਨੂੰ ਰੋਕਿਆ ਜਾ ਸਕਦਾ ਹੈ ਅਤੇ ਅਸੀਂ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ। ਉਦਾਹਰਨ ਲਈ, ਜੇਕਰ ਅਸੀਂ ਊਰਜਾ-ਕੁਸ਼ਲ ਉਪਕਰਨਾਂ ਦੀ ਵਰਤੋਂ ਕਰਦੇ ਹਾਂ, ਵਰਤੋਂ ਵਿੱਚ ਨਾ ਹੋਣ 'ਤੇ ਲਾਈਟਾਂ ਅਤੇ ਇਲੈਕਟ੍ਰੋਨਿਕਸ ਬੰਦ ਕਰਦੇ ਹਾਂ ਅਤੇ ਹੀਟਿੰਗ ਅਤੇ ਕੂਲਿੰਗ ਸਿਸਟਮ ਨੂੰ ਅਨੁਕੂਲਿਤ ਕਰਕੇ ਊਰਜਾ ਦੀ ਬਚਤ ਕਰਦੇ ਹਾਂ, ਜਾਂ ਸੂਰਜੀ ਜਾਂ ਪੌਣ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਵਾਤਾਵਰਣ ਦੀ ਰੱਖਿਆ ਕਰ ਸਕਦੇ ਹਾਂ।

ਇਸੇ ਤਰ੍ਹਾਂ ਜੇਕਰ ਅਸੀਂ ਸਾਈਕਲ ਚੁਣਦੇ ਹਾਂ ਜਾਂ ਜਦੋਂ ਵੀ ਸੰਭਵ ਹੋਵੇ ਆਉਣ-ਜਾਣ ਲਈ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਕਰਦੇ ਹਾਂ। ਜੇਕਰ ਤੁਹਾਨੂੰ ਕਾਰ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਾਰਪੂਲਿੰਗ ਜਾਂ ਇਲੈਕਟ੍ਰਿਕ ਜਾਂ ਹਾਈਬ੍ਰਿਡ ਵਾਹਨਾਂ ਦੀ ਵਰਤੋਂ ਕਰਨਾ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਪਾਣੀ ਦੀ ਲੀਕੇਜ਼ ਨੂੰ ਠੀਕ ਕਰਕੇ, ਛੋਟੇ ਸ਼ਾਵਰ ਲੈ ਕੇ ਅਤੇ ਪਾਣੀ ਬਚਾਉਣ ਵਾਲੇ ਉਪਕਰਨਾਂ ਦੀ ਵਰਤੋਂ ਕਰਕੇ ਪਾਣੀ ਦੀ ਸੰਭਾਲ ਕਰੋ। ਬਰਸਾਤ ਦੇ ਪਾਣੀ ਨੂੰ ਇਕੱਠਾ ਕਰਕੇ ਅਤੇ ਤੁਪਕਾ ਸਿੰਚਾਈ ਵਰਗੀਆਂ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰਕੇ ਬਾਗਬਾਨੀ ਕੀਤੀ ਜਾ ਸਕਦੀ ਹੈ। ਵਾਤਾਵਰਣ ਨੂੰ ਬਚਾਉਣ ਲਈ, ਅਸੀਂ ਮੁੜ ਵਰਤੋਂ ਵਾਲੀਆਂ ਵਸਤੂਆਂ ਅਤੇ ਰੀਸਾਈਕਲ ਕੀਤੀਆਂ ਸਮੱਗਰੀਆਂ ਦੀ ਮਾਤਰਾ ਨੂੰ ਘਟਾ ਕੇ ਕੂੜਾ ਪ੍ਰਬੰਧਨ ਲੜੀ ਅਪਣਾ ਸਕਦੇ ਹਾਂ। ਸਿੰਗਲ-ਯੂਜ਼ ਪਲਾਸਟਿਕ ਤੋਂ ਬਚੋ ਅਤੇ ਮੁੜ ਵਰਤੋਂ ਯੋਗ ਵਿਕਲਪ ਚੁਣੋ। ਲੈਂਡਫਿਲ ਯੋਗਦਾਨ ਨੂੰ ਘਟਾਉਣ ਲਈ ਜੈਵਿਕ ਰਹਿੰਦ-ਖੂੰਹਦ ਨੂੰ ਖਾਦ ਬਣਾਇਆ ਜਾ ਸਕਦਾ ਹੈ।

ਅਸੀਂ ਵਾਤਾਵਰਣ ਨੂੰ ਬਚਾਉਣ ਲਈ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਵੀ ਬਦਲ ਸਕਦੇ ਹਾਂ। ਸਥਾਨਕ ਤੌਰ 'ਤੇ ਉਗਾਏ ਗਏ, ਜੈਵਿਕ ਅਤੇ ਮੌਸਮੀ ਉਤਪਾਦਾਂ ਦੀ ਚੋਣ ਕਰਕੇ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਓ। ਤੁਸੀਂ ਸੰਤੁਲਨ ਬਣਾ ਕੇ ਅਤੇ ਭੋਜਨ ਦੀ ਯੋਜਨਾ ਬਣਾ ਕੇ, ਬਚੇ ਹੋਏ ਖਾਦ ਬਣਾ ਕੇ, ਅਤੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਭੋਜਨ ਦੀ ਬਰਬਾਦੀ ਨੂੰ ਘਟਾ ਸਕਦੇ ਹੋ। ਈਕੋ-ਅਨੁਕੂਲ ਉਤਪਾਦਾਂ, ਨੈਤਿਕ ਅਤੇ ਟਿਕਾਊ ਬ੍ਰਾਂਡਾਂ ਅਤੇ ਵਾਤਾਵਰਣ ਸੰਭਾਲ ਨੂੰ ਤਰਜੀਹ ਦੇਣ ਵਾਲੇ ਕਾਰੋਬਾਰਾਂ ਦਾ ਸਮਰਥਨ ਕਰਕੇ ਸੂਚਿਤ ਚੋਣਾਂ ਕਰੋ।

ਦੁਨੀਆਂ ਪਾਣੀ ਦੇ ਸੰਕਟ ਵੱਲ ਵਧ ਰਹੀ ਹੈ। ਇਸ ਲਈ ਸਾਨੂੰ ਪਾਣੀ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਕਾਗਜ਼ ਦੀ ਵਰਤੋਂ ਨੂੰ ਸੀਮਤ ਕਰਕੇ ਅਤੇ ਬਿਜਲੀ ਦੀ ਖਪਤ ਪ੍ਰਤੀ ਸੁਚੇਤ ਰਹਿ ਕੇ ਜ਼ਿੰਮੇਵਾਰੀ ਨਾਲ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਘੱਟੋ-ਘੱਟ ਪੈਕੇਜਿੰਗ ਵਾਲੇ ਉਤਪਾਦਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਬੇਲੋੜੀ ਖਰੀਦਦਾਰੀ ਤੋਂ ਬਚਣਾ ਚਾਹੀਦਾ ਹੈ। ਕੁਦਰਤ ਵਿੱਚ ਵਧੇਰੇ ਸਮਾਂ ਬਿਤਾਓ, ਇਸਦੀ ਸੁੰਦਰਤਾ ਦੀ ਕਦਰ ਕਰੋ ਅਤੇ ਵਾਤਾਵਰਣ ਨਾਲ ਰੂਹਾਨੀ ਤੌਰ 'ਤੇ ਜੁੜੋ।

ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ 'ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ'। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਣ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ ਕਿਉਂਕਿ ਅਸੀਂ ਕੁਦਰਤ ਦੇ ਮਾਲਕ ਨਹੀਂ ਸਗੋਂ ਬਾਕੀ ਜੀਵਾਂ ਵਾਂਗ ਇਸ ਦਾ ਹਿੱਸਾ ਹਾਂ। ਅਸੀਂ ਕੁਦਰਤ ਨੂੰ ਆਪਣੇ ਅਨੁਸਾਰ ਨਹੀਂ ਚਲਾ ਸਕਦੇ ਅਤੇ ਜੇਕਰ ਅਸੀਂ ਖੁਸ਼ਹਾਲ ਅਤੇ ਸੁਰੱਖਿਅਤ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
AMBEST
FUEL CARDS
NO CREDIT - NO PROBLEM
BEST CUSTOMER SERVICE
QUIKQ
wex
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

ਸੁਦਰਸ਼ਨ

# ਹਾਰ ਦੀ ਜਿੱਤ



ਮਾਂ ਨੂੰ ਆਪਣੇ ਬੇਟੇ ਅਤੇ ਕਿਸਾਨ ਨੂੰ ਆਪਣੇ ਲਹਿਲਹਾਉਂਦੇ ਖੇਤ ਵੇਖਕੇ ਜੋ ਆਨੰਦ ਆਉਂਦਾ ਹੈ, ਉਹੀ ਆਨੰਦ ਬਾਬਾ ਭਾਰਤੀ ਨੂੰ ਆਪਣਾ ਘੋੜਾ ਵੇਖਕੇ ਆਉਂਦਾ ਸੀ ।ਰੱਬ ਦੀ ਬੰਦਗੀ ਤੋਂ ਜੋ ਸਮਾਂ ਬਚਦਾ, ਘੋੜੇ 'ਤੇ ਲਾ ਦਿੰਦੇ ।ਘੋੜਾ ਬਹੁਤ ਸੋਹਣਾ ਤੇ ਸੁਡੌਲ ਸੀ ।ਉਹਦੇ ਜੋੜ ਦਾ ਘੋੜਾ ਸਾਰੇ ਇਲਾਕੇ ਵਿੱਚ ਨਹੀਂ ਸੀ ।ਬਾਬਾ ਭਾਰਤੀ ਉਹਨੂੰ ਸੁਲਤਾਨ ਕਹਿ ਕੇ ਬੁਲਾਉਂਦੇ, ਆਪਣੇ ਹੱਥ ਨਾਲ ਖਰਖਰਾ ਕਰਦੇ, ਆਪ ਦਾਣਾ ਖਵਾਉਂਦੇ ਅਤੇ ਵੇਖ-ਵੇਖਕੇ ਖੁਸ਼ ਹੁੰਦੇ ਰਹਿੰਦੇ ।ਉਨ੍ਹਾਂ ਨੇ ਰੁਪਏ-ਪੈਸੇ, ਮਾਲ-ਅਸਬਾਬ, ਜ਼ਮੀਨ ਆਦਿ ਸਭ ਕੁੱਝ ਛੱਡ ਦਿੱਤਾ। ਇੱਥੋਂ ਤੱਕ ਕਿ ਉਨ੍ਹਾਂ ਨੂੰ ਸ਼ਹਿਰੀ ਦੇ ਜ਼ਿੰਦਗੀ ਨਾਲ ਵੀ ਨਫ਼ਰਤ ਹੋ ਗਈ। ਹੁਣ ਪਿੰਡ ਦੇ ਬਾਹਰ ਇੱਕ ਛੋਟੇ ਜਿਹੇ ਮੰਦਰ ਵਿੱਚ ਰਹਿੰਦੇ ਅਤੇ ਰੱਬ ਦੀ ਬੰਦਗੀ ਕਰਦੇ ਸਨ । 'ਮੈਂ ਸੁਲਤਾਨ ਦੇ ਬਿਨਾਂ ਨਹੀਂ ਰਹਿ ਸਕਣਾ', ਉਨ੍ਹਾਂ ਨੂੰ ਇੰਝ ਜਾਪਣ ਲੱਗ ਪਿਆ ਸੀ । ਉਹ ਉਸਦੀ ਚਾਲ ਦੇ ਦੀਵਾਨੇ ਸਨ ।ਕਹਿੰਦੇ, 'ਇਉਂ ਚਲਦੈ ਜਿਵੇਂ ਮੋਰ ਘਟਾ ਨੂੰ ਵੇਖਕੇ ਨੱਚ ਰਿਹਾ ਹੋਵੇ' ।ਜਦੋਂ ਤੱਕ ਸ਼ਾਮ ਵੇਲੇ ਸੁਲਤਾਨ ਉੱਤੇ ਚੜ੍ਹਕੇ ਅੱਠ-ਦਸ ਮੀਲ ਦਾ ਚੱਕਰ ਨਾ ਲਾ ਲੈਂਦੇ, ਉਨ੍ਹਾਂ ਨੂੰ ਚੈਨ ਨਾ ਆਉਂਦਾ।

ਖੜਗ ਸਿੰਘ ਉਸ ਇਲਾਕੇ ਦਾ ਮਸ਼ਹੂਰ ਡਾਕੂ ਸੀ ।ਲੋਕ ਉਸਦਾ ਨਾਂ ਸੁਣਕੇ ਕੰਬਦੇ ਸਨ । ਹੌਲੀ-ਹੌਲੀ ਸੁਲਤਾਨ ਦੀ ਸ਼ੋਭਾ ਉਸ ਤੱਕ ਵੀ ਪੁੱਜ ਗਈ । ਉਸਦਾ ਦਿਲ ਉਸਨੂੰ ਵੇਖਣ ਲਈ ਬੇਚੈਨ ਹੋ ਗਿਆ ।ਉਹ ਇੱਕ ਦਿਨ ਦੁਪਹਿਰ ਵੇਲੇ ਬਾਬਾ ਭਾਰਤੀ ਕੋਲ ਅੱਪੜਿਆ ਅਤੇ ਨਮਸਕਾਰ ਕਰਕੇ ਬੈਠ ਗਿਆ ।ਬਾਬਾ ਭਾਰਤੀ ਨੇ ਪੁੱਛਿਆ, ਖੜਗ ਸਿੰਘ, ਕੀ ਹਾਲ ਏ ?

ਖੜਗ ਸਿੰਘ ਨੇ ਸਿਰ ਝੁਕਾ ਕੇ ਜਵਾਬ ਦਿੱਤਾ, ਤੁਹਾਡੀ ਦਇਆ ਏ।

ਦੱਸੋ, ਏਧਰ ਕਿਵੇਂ ਆਏ ?

ਸੁਲਤਾਨ ਦੀ ਤਾਂਘ ਖਿੱਚ ਲਿਆਈ ।

ਕਮਾਲ ਦਾ ਜਾਨਵਰ ਹੈ ।ਵੇਖੋਗੇ ਤਾਂ ਖੁਸ਼ ਹੋ ਜਾਓਗੇ ।

ਮੈਂ ਵੀ ਬਹੁਤ ਵਡਿਆਈ ਸੁਣੀ ਏ ।

ਉਹਦੀ ਚਾਲ ਤੁਹਾਡਾ ਮਨ ਮੋਹ ਲਵੇਗੀ !

ਕਹਿੰਦੇ ਹਨ ਵੇਖਣ ਨੂੰ ਬੜਾ ਸੋਹਣਾ ਹੈ ।

ਕੀ ਕਹਿਣਾ ! ਜਿਹੜਾ ਉਹਨੂੰ ਇੱਕ ਵਾਰ ਵੇਖ ਲੈਂਦਾ ਏ, ਉਹਦੇ ਦਿਲ 'ਚ ਵਸ ਜਾਂਦਾ ਏ ।

ਬਹੁਤ ਦਿਨਾਂ ਦੀ ਇੱਛਾ ਸੀ, ਅੱਜ ਮੌਜੂਦ ਹੋ ਸਕਿਆ ਹਾਂ ।

ਬਾਬਾ ਭਾਰਤੀ ਅਤੇ ਖੜਗ ਸਿੰਘ ਤਬੇਲੇ ਵਿੱਚ ਪੁੱਜੇ। ਬਾਬੇ ਨੇ ਘੋੜਾ ਵਿਖਾਇਆ ਮਾਣ ਨਾਲ, ਖੜਗ ਸਿੰਘ ਨੇ ਵੇਖਿਆ ਹੈਰਾਨੀ ਨਾਲ। ਉਹਨੇ ਸੈਂਕੜੇ ਘੋੜੇ ਵੇਖੇ ਸਨ, ਪਰ ਅਜਿਹਾ ਬਾਂਕਾ ਘੋੜਾ ਉਹਦੀਆਂ ਅੱਖਾਂ ਅੱਗੇ ਕਦੇ ਨਹੀਂ ਲੰਘਿਆ ਸੀ । ਸੋਚਣ ਲਗਾ, ਕਿਸਮਤ ਦੀ ਗੱਲ ਹੈ। ਅਜਿਹਾ ਘੋੜਾ ਖੜਗ ਸਿੰਘ ਦੇ ਕੋਲ ਹੋਣਾ ਚਾਹੀਦਾ ਹੈ । ਇਸ ਸਾਧੂ ਨੂੰ ਅਜਿਹੀ ਚੀਜ ਦਾ ਕੀ ਫ਼ਾਇਦਾ ? ਕੁੱਝ ਦੇਰ ਤੱਕ ਹੈਰਾਨੀ ਨਾਲ ਚੁਪਚਾਪ ਖੜਾ ਰਿਹਾ । ਇਸਦੇ ਬਾਅਦ ਉਸਦੇ ਦਿਲ ਵਿੱਚ ਹਿਲਜੁਲ ਹੋਣ ਲੱਗੀ । ਬੱਚਿਆਂ ਵਾਲੀ ਬੇਚੈਨੀ ਨਾਲ ਬੋਲਿਆ,

ਪਰ ਬਾਬਾ ਜੀ, ਇਸਦੀ ਚਾਲ ਨਹੀਂ ਵੇਖੀ ਤਾਂ ਕੀ ਵੇਖਿਆ ?

ਦੂਜੇ ਦੇ ਮੂੰਹੋਂ ਤਾਰੀਫ਼ ਸੁਣਨ ਲਈ ਉਨ੍ਹਾਂ ਦਾ ਦਿਲ ਕਾਹਲਾ ਪੈ ਗਿਆ । ਘੋੜੇ ਨੂੰ ਖੋਲ੍ਹਕੇ ਬਾਹਰ ਗਏ । ਘੋੜਾ ਹਵਾ ਵਾਂਗ ਉਡਣ ਲਗਾ । ਉਹਦੀ ਚਾਲ ਨੂੰ ਵੇਖਕੇ ਖੜਗ ਸਿੰਘ ਦੇ ਦਿਲ ਉੱਤੇ ਸੱਪ ਲਿਟਣ ਲੱਗਾ ।ਉਹ ਡਾਕੂ ਸੀ ਅਤੇ ਜੋ ਚੀਜ਼ ਉਹਨੂੰ ਪਸੰਦ ਆ ਜਾਵੇ ਉਸ ਉੱਤੇ ਉਹ ਆਪਣਾ ਹੱਕ ਸਮਝਦਾ ਸੀ । ਉਹਦੇ ਕੋਲ ਤਾਕਤ ਸੀ ਅਤੇ ਆਦਮੀ ਵੀ । ਜਾਂਦੇ-ਜਾਂਦੇ ਉਸਨੇ ਕਿਹਾ, ਬਾਬਾ ਜੀ, ਮੈਂ ਇਹ ਘੋੜਾ ਤੁਹਾਡੇ ਕੋਲ ਨਹੀਂ ਰਹਿਣ ਦੇਵਾਂਗਾ ।

ਬਾਬਾ ਭਾਰਤੀ ਡਰ ਗਏ । ਹੁਣ ਉਨ੍ਹਾਂ ਨੂੰ ਰਾਤ ਨੂੰ ਨੀਂਦ ਨਾ ਆਉਂਦੀ। ਸਾਰੀ ਰਾਤ ਤਬੇਲੇ ਦੀ ਰਾਖੀ ਵਿੱਚ ਲੰਘਣ ਲੱਗੀ । ਹਰ ਪਲ ਖੜਗ ਸਿੰਘ ਦਾ ਡਰ ਲਗਿਆ ਰਹਿੰਦਾ, ਪਰ ਕਈ ਮਹੀਨੇ ਲੰਘ ਗਏ ਅਤੇ ਉਹ ਨਾ ਆਇਆ । ਇੱਥੋਂ ਤੱਕ ਕਿ ਬਾਬਾ ਭਾਰਤੀ ਕੁੱਝ ਅਵੇਸਲੇ ਹੋ ਗਏ ਅਤੇ ਇਸ ਡਰ ਨੂੰ ਸੁਪਨੇ ਦੇ ਡਰ ਵਾਂਗ ਝੂਠ ਸਮਝਣ ਲੱਗੇ । ਸ਼ਾਮ ਦਾ ਸਮਾਂ ਸੀ । ਬਾਬਾ ਭਾਰਤੀ ਸੁਲਤਾਨ ਦੀ ਪਿੱਠ ਉੱਤੇ ਸਵਾਰ ਹੋਕੇ ਘੁੰਮਣ ਜਾ ਰਹੇ ਸਨ । ਇਸ ਵੇਲੇ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਸੀ, ਮੂੰਹ ਉੱਤੇ ਖ਼ੁਸ਼ੀ । ਕਦੇ ਘੋੜੇ ਦੇ ਸਰੀਰ ਨੂੰ ਵੇਖਦੇ, ਕਦੇ ਉਸਦੇ ਰੰਗ ਨੂੰ ਅਤੇ ਮਨ ਵਿੱਚ ਫੁੱਲੇ ਨਾ ਸਮਾਉਂਦੇ। ਅਚਾਨਕ ਇੱਕ ਪਾਸਿਓਂ ਅਵਾਜ਼ ਆਈ, ਓ ਬਾਬਾ, ਇਸ ਕੰਗਲੇ ਦੀ ਸੁਣਕੇ ਜਾਇਓ ।

ਆਵਾਜ਼ ਵਿੱਚ ਲਾਚਾਰੀ ਸੀ । ਬਾਬੇ ਨੇ ਘੋੜਾ ਰੋਕ ਲਿਆ ।ਵੇਖਿਆ, ਇੱਕ ਅਪਾਹਿਜ ਰੁੱਖ ਦੀ ਛਾਵੇਂ ਪਿਆ ਕਰਾਹ ਰਿਹਾ ਹੈ । ਬੋਲੇ, ਕਿਉਂ ਤੈਨੂੰ ਕੀ ਦੁੱਖ ਹੈ ?

ਅਪਾਹਿਜ ਨੇ ਹੱਥ ਜੋੜਕੇ ਕਿਹਾ, ਬਾਬਾ, ਮੈਂ ਦੁਖਿਆਰਾ ਹਾਂ ।ਮੇਰੇ ਉੱਤੇ ਤਰਸ ਕਰੋ ।ਰਾਮਾਵਾਲਾ ਇੱਥੋਂ ਤਿੰਨ ਮੀਲ ਹੈ, ਮੈਂ ਉੱਥੇ ਜਾਣਾ ਹੈ ।ਘੋੜੇ ਉੱਤੇ ਚੜ੍ਹਾ ਲਓ, ਰੱਬ ਤੁਹਾਡਾ ਭਲਾ ਕਰੇਗਾ ।

ਉੱਥੇ ਤੁਹਾਡਾ ਕੌਣ ਹੈ ?

ਦੁਰਗਾ ਦੱਤ ਵੈਦ ਦਾ ਨਾਂ ਤੁਸੀਂ ਸੁਣਿਆ ਹੋਵੇਗਾ । ਮੈਂ ਉਨ੍ਹਾਂ ਦਾ ਸੌਤੇਲਾ ਭਰਾ ਹਾਂ ।

ਬਾਬਾ ਭਾਰਤੀ ਨੇ ਘੋੜੇ ਤੋਂ ਉਤਰ ਕੇ ਅਪਾਹਿਜ ਨੂੰ ਘੋੜੇ ਉੱਤੇ ਚੜ੍ਹਾਇਆ ਅਤੇ ਆਪ ਉਸਦੀ ਲਗਾਮ ਫੜਕੇ ਹੌਲੀ-ਹੌਲੀ ਤੁਰਨ ਲੱਗੇ । ਅਚਾਨਕ ਉਨ੍ਹਾਂ ਨੂੰ ਇੱਕ ਝੱਟਕਾ-ਜਿਹਾ ਲਗਿਆ ਅਤੇ ਲਗਾਮ ਹੱਥੋਂ ਛੁੱਟ ਗਈ । ਉਨ੍ਹਾਂ ਦੀ ਹੈਰਾਨੀ ਦਾ ਠਿਕਾਣਾ ਨਾ ਰਿਹਾ, ਜਦੋਂ ਉਨ੍ਹਾਂ ਨੇ ਵੇਖਿਆ ਕਿ ਅਪਾਹਿਜ ਘੋੜੇ ਦੀ ਪਿੱਠ ਉੱਤੇ ਤਣਿਆ ਬੈਠਾ ਹੈ ਅਤੇ ਘੋੜੇ ਨੂੰ ਭਜਾਈਂ ਲਈ ਜਾ ਰਿਹਾ ਹੈ । ਉਨ੍ਹਾਂ ਦੇ ਮੂੰਹੋਂ ਡਰ, ਹੈਰਾਨੀ ਅਤੇ ਨਿਰਾਸ਼ਾ ਦੀ ਮਿਲੀਜੁਲੀ ਚੀਕ ਨਿਕਲੀ । ਉਹ ਅਪਾਹਿਜ ਡਾਕੂ ਖੜਗ ਸਿੰਘ ਸੀ । ਬਾਬਾ ਭਾਰਤੀ ਕੁੱਝ ਸਮਾਂ ਚੁਪ ਰਹੇ ਅਤੇ ਫੇਰ ਕੁੱਝ ਫੈਸਲਾ ਕਰਕੇ ਪੂਰੇ ਜੋਰ ਨਾਲ ਉੱਚੀ ਬੋਲੇ, ਜਰਾ ਠਹਿਰ ਜਾ ।

ਖੜਗ ਸਿੰਘ ਨੇ ਆਵਾਜ਼ ਸੁਣਕੇ ਘੋੜਾ ਰੋਕ ਲਿਆ ਅਤੇ ਉਹਦੀ ਧੌਣ ਉੱਤੇ ਪਿਆਰ ਨਾਲ ਹੱਥ ਫੇਰਦੇ ਹੋਏ ਕਿਹਾ, ਬਾਬਾ ਜੀ, ਇਹ ਘੋੜਾ ਹੁਣ ਨਹੀਂ ਦੇਵਾਂਗਾ ।

ਪਰ ਇੱਕ ਗੱਲ ਸੁਣਕੇ ਜਾਵੀਂ। ਖੜਗ ਸਿੰਘ ਰੁਕ ਗਿਆ ।

ਬਾਬਾ ਭਾਰਤੀ ਨੇ ਨੇੜੇ ਜਾਕੇ ਉਸ ਵੱਲ ਇਉਂ ਵੇਖਿਆ ਜਿਵੇਂ ਬਕਰਾ ਕਸਾਈ ਵੱਲ ਵੇਖਦਾ ਹੈ ਅਤੇ ਕਿਹਾ, ਇਹ ਘੋੜਾ ਤੁਹਾਡਾ ਹੋ ਚੁੱਕਿਆ ਹੈ । ਮੈਂ ਇਸਨੂੰ ਵਾਪਸ ਕਰਨ ਲਈ ਨਹੀਂ ਕਹਾਂਗਾ । ਪਰ ਖੜਗ ਸਿੰਘ, ਕੇਵਲ ਇੱਕ ਬੇਨਤੀ ਕਰਦਾ ਹਾਂ । ਇਸਨੂੰ ਨਾਮਨਜ਼ੂਰ ਨਾ ਕਰੀਂ, ਨਹੀਂ ਤਾਂ ਮੇਰਾ ਦਿਲ ਟੁੱਟ ਜਾਵੇਗਾ ।

ਬਾਬਾ ਜੀ, ਹੁਕਮ ਕਰੋ । ਮੈਂ ਤੁਹਾਡਾ ਦਾਸ ਹਾਂ, ਕੇਵਲ ਘੋੜਾ ਨਹੀਂ ਦੇਵਾਂਗਾ ।

ਹੁਣ ਘੋੜੇ ਦਾ ਨਾਂ ਨਾ ਲਓ । ਮੈਂ ਤੁਹਾਨੂੰ ਇਸ ਬਾਰੇ ਕੁਝ ਨਹੀਂ ਕਹਾਂਗਾ। ਮੇਰੀ ਬੇਨਤੀ ਕੇਵਲ ਇਹ ਹੈ ਕਿ ਇਸ ਘਟਨਾ ਬਾਰੇ ਕਿਸੇ ਨੂੰ ਦੱਸੀਂ ਨਾ।

ਖੜਗ ਸਿੰਘ ਦਾ ਮੂੰਹ ਹੈਰਾਨੀ ਨਾਲ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਉਹਦਾ ਵਿਚਾਰ ਸੀ ਕਿ ਉਹਨੂੰ ਘੋੜੇ ਨੂੰ ਲੈ ਕੇ ਇੱਥੋਂ ਭੱਜਣਾ ਪਵੇਗਾ, ਪਰ ਬਾਬਾ ਭਾਰਤੀ ਨੇ ਆਪ ਉਸਨੂੰ ਕਿਹਾ ਕਿ ਇਸ ਘਟਨਾ ਬਾਰੇ ਕਿਸੇ ਨੂੰ ਦੱਸੀਂ ਨਾ । ਇਸਦਾ ਕੀ ਮਤਲਬ ਹੋ ਸਕਦਾ ਹੈ ? ਖੜਗ ਸਿੰਘ ਨੇ ਬਹੁਤ ਸੋਚਿਆ, ਬਹੁਤ ਸਿਰ ਮਾਰਿਆ, ਪਰ ਕੁੱਝ ਸਮਝ ਨਾ ਸਕਿਆ । ਹਾਰਕੇ ਉਹਨੇ ਆਪਣੀਆਂ ਅੱਖਾਂ ਬਾਬਾ ਭਾਰਤੀ ਦੇ ਮੂੰਹ ਉੱਤੇ ਟਿਕਾਈਆਂ ਅਤੇ ਪੁੱਛਿਆ, ਬਾਬਾ ਜੀ, ਇਸ ਵਿੱਚ ਤੁਹਾਨੂੰ ਕੀ ਡਰ ਹੈ ?

ਸੁਣਕੇ ਬਾਬਾ ਭਾਰਤੀ ਨੇ ਜਵਾਬ ਦਿੱਤਾ, ਲੋਕਾਂ ਨੂੰ ਜੇਕਰ ਇਸ ਘਟਨਾ ਦਾ ਪਤਾ ਲੱਗ ਗਿਆ ਤਾਂ ਉਹ ਦੀਨ-ਦੁਖੀਆਂ ਉੱਤੇ ਵਿਸ਼ਵਾਸ ਨਹੀਂ ਕਰਨਗੇ । ਇਹ ਕਹਿੰਦੇ-ਕਹਿੰਦੇ ਉਨ੍ਹਾਂ ਨੇ ਸੁਲਤਾਨ ਵਲੋਂ ਇੰਝ ਮੂੰਹ ਮੋੜ ਲਿਆ ਜਿਵੇਂ ਉਨ੍ਹਾਂ ਦਾ ਉਸ ਨਾਲ ਕਦੇ ਕੋਈ ਸੰਬੰਧ ਹੀ ਨਾ ਰਿਹਾ ਹੋਵੇ।

ਬਾਬਾ ਭਾਰਤੀ ਤਾਂ ਚਲੇ ਗਏ, ਪਰ ਉਨ੍ਹਾਂ ਦੇ ਸ਼ਬਦ ਖੜਗ ਸਿੰਘ ਦੇ ਕੰਨਾਂ 'ਚ ਉਸੇ ਤਰ੍ਹਾਂ ਗੂੰਜ ਰਹੇ ਸਨ । ਸੋਚਣ ਲੱਗਾ, ਕਿੰਨੇ ਉੱਚੇ ਵਿਚਾਰ ਹਨ, ਕਿੰਨਾ ਪਵਿਤਰ ਭਾਵ ਹੈ ! ਉਨ੍ਹਾਂ ਨੂੰ ਇਸ ਘੋੜੇ ਨਾਲ ਪ੍ਰੇਮ ਸੀ, ਇਸਨੂੰ ਵੇਖਕੇ ਉਨ੍ਹਾਂ ਦਾ ਮੂੰਹ ਫੁੱਲ ਵਾਂਗ ਖਿੜ ਜਾਂਦਾ ਸੀ । ਕਹਿੰਦੇ ਸਨ, ਇਸਦੇ ਬਿਨਾਂ ਮੈਂ ਰਹਿ ਨਹੀਂ ਸਕੂੰਗਾ । ਇਸਦੀ ਰਾਖੀ ਵਿੱਚ ਉਹ ਕਈ ਰਾਤ ਸੁੱਤੇ ਨਹੀਂ । ਭਜਨ-ਭਗਤੀ ਨਹੀਂ ਕੀਤੀ ਰਾਖੀ ਕਰਦੇ ਰਹੇ । ਪਰ ਅੱਜ ਉਨ੍ਹਾਂ ਦੇ ਮੂੰਹ ਉੱਤੇ ਦੁੱਖ ਦੀ ਲਕੀਰ ਵੀ ਨਹੀਂ ਦਿਸਦੀ ਸੀ । ਉਨ੍ਹਾਂ ਨੂੰ ਕੇਵਲ ਇਹ ਖਿਆਲ ਸੀ ਕਿ ਕਿਤੇ ਲੋਕ ਦੀਨ-ਦੁਖੀਆਂ ਉੱਤੇ ਵਿਸ਼ਵਾਸ ਕਰਨਾ ਨਾ ਛੱਡ ਦੇਣ । ਅਜਿਹਾ ਮਨੁੱਖ, ਮਨੁੱਖ ਨਹੀਂ ਦੇਵਤਾ ਹੈ ।

ਰਾਤ ਦੇ ਹਨੇਰੇ ਵਿੱਚ ਖੜਗ ਸਿੰਘ ਬਾਬਾ ਭਾਰਤੀ ਦੇ ਮੰਦਿਰ ਅੱਪੜਿਆ । ਚਾਰੇ ਪਾਸੇ ਚੁੱਪ ਸੀ । ਅਕਾਸ਼ ਵਿੱਚ ਤਾਰੇ ਟਿਮਟਿਮਾ ਰਹੇ ਸਨ । ਥੋੜ੍ਹੀ ਦੂਰ ਪਿੰਡ ਦੇ ਕੁੱਤੇ ਭੌਂਕ ਰਹੇ ਸਨ । ਮੰਦਿਰ ਵਿੱਚ ਕੋਈ ਸ਼ਬਦ ਸੁਣਾਈ ਨਹੀਂ ਦਿੰਦਾ ਸੀ । ਖੜਗ ਸਿੰਘ ਨੇ ਸੁਲਤਾਨ ਦੀ ਵਾਗ ਫੜੀ ਹੋਈ ਸੀ । ਉਹ ਹੌਲੀ-ਹੌਲੀ ਤਬੇਲੇ ਦੇ ਫਾਟਕ ਉੱਤੇ ਅੱਪੜਿਆ । ਫਾਟਕ ਚੁਪੱਟ ਖੁੱਲ੍ਹਾ ਪਿਆ ਸੀ । ਕਿਸੇ ਵੇਲੇ ਉੱਥੇ ਬਾਬਾ ਭਾਰਤੀ ਆਪ ਡਾਂਗ ਲੈ ਕੇ ਪਹਿਰਾ ਦਿੰਦੇ ਸਨ, ਪਰ ਅੱਜ ਉਨ੍ਹਾਂ ਨੂੰ ਕਿਸੇ ਚੋਰੀ, ਕਿਸੇ ਡਾਕੇ ਦਾ ਡਰ ਨਹੀਂ ਸੀ । ਖੜਗ ਸਿੰਘ ਨੇ ਅੱਗੇ ਵਧਕੇ ਸੁਲਤਾਨ ਨੂੰ ਉਹਦੀ ਜਗ੍ਹਾ ਬੰਨ੍ਹ ਦਿੱਤਾ ਅਤੇ ਬਾਹਰ ਆਕੇ ਚੁਪਚਾਪ ਫਾਟਕ ਬੰਦ ਕਰ ਦਿੱਤਾ । ਇਸ ਵੇਲੇ ਉਸਦੀਆਂ ਅੱਖਾਂ ਵਿੱਚ ਨੇਕੀ ਦੇ ਹੰਝੂ ਸਨ । ਰਾਤ ਦਾ ਤੀਜਾ ਪਹਿਰ ਲੰਘ ਗਿਆ ਸੀ । ਚੌਥਾ ਪਹਿਰ ਸ਼ੁਰੂ ਹੁੰਦੇ ਹੀ ਬਾਬਾ ਭਾਰਤੀ ਨੇ ਆਪਣੀ ਕੁਟੀਆ ਤੋਂ ਬਾਹਰ ਆ ਕੇ ਠੰਡੇ ਪਾਣੀ ਨਾਲ ਇਸ਼ਨਾਨ ਕੀਤਾ । ਉਸਦੇ ਪਿੱਛੋਂ, ਜਿਵੇਂ ਕੋਈ ਸੁਪਨੇ ਵਿੱਚ ਚੱਲ ਰਿਹਾ ਹੋਵੇ, ਉਨ੍ਹਾਂ ਦੇ ਪੈਰ ਤਬੇਲੇ ਵੱਲ ਵਧੇ । ਪਰ ਫਾਟਕ ਉੱਤੇ ਪੁੱਜ ਕੇ ਉਨ੍ਹਾਂ ਨੂੰ ਆਪਣੀ ਭੁੱਲ ਮਾਲੂਮ ਹੋਈ । ਨਾਲ ਹੀ ਘੋਰ ਨਿਰਾਸ਼ਾ ਨੇ ਪੈਰਾਂ ਨੂੰ ਮਣ-ਮਣ ਦੇ ਬਣਾ ਦਿੱਤਾ । ਉਹ ਉਥੇ ਹੀ ਰੁੱਕ ਗਏ । ਘੋੜੇ ਨੇ ਆਪਣੇ ਮਾਲਕ ਦੀ ਪੈੜ ਚਾਲ ਪਛਾਣ ਲਈ ਅਤੇ ਜ਼ੋਰ ਨਾਲ ਹਿਣਕਿਆ । ਹੁਣ ਬਾਬਾ ਭਾਰਤੀ ਹੈਰਾਨੀ ਅਤੇ ਖ਼ੁਸ਼ੀ ਨਾਲ ਭੱਜੇ ਭੱਜੇ ਅੰਦਰ ਗਏ ਅਤੇ ਆਪਣੇ ਪਿਆਰੇ ਘੋੜੇ ਦੇ ਗਲ ਨਾਲ ਲੱਗਕੇ ਇੰਝ ਰੋਣ ਲੱਗੇ ਜਿਵੇਂ ਕੋਈ ਪਿਤਾ ਚਿਰਾਂ ਦੇ ਵਿੱਛੜੇ ਪੁੱਤ ਨੂੰ ਮਿਲ ਰਿਹਾ ਹੋਵੇ । ਵਾਰ-ਵਾਰ ਉਹਦੀ ਪਿੱਠ ਉੱਤੇ ਹੱਥ ਫੇਰਦੇ, ਵਾਰ-ਵਾਰ ਉਹਦੇ ਮੂੰਹ ਉੱਤੇ ਥਪਕੀਆਂ ਦਿੰਦੇ । ਫਿਰ ਉਹ ਪੂਰੀ ਤਸੱਲੀ ਨਾਲ ਬੋਲੇ, 'ਹੁਣ ਕੋਈ ਦੀਨ-ਦੁਖੀਆਂ ਤੋਂ ਮੂੰਹ ਨਹੀਂ ਮੋੜੂਗਾ।'

ਕਹਾਣੀ

# ਅਲਿਫ਼ ਲੈਲਾ

ਅੰਮ੍ਰਿਤ ਕੌਰ

ਅਰਬ ਦੇਸ਼ ਵਿੱਚ ਇੱਕ ਬਾਦਸ਼ਾਹ ਸੀ ਸ਼ਹਿਰਯਾਰ। ਸ਼ਹਰਯਾਰ ਨੇ ਆਪਣੀ ਮਲਕਾ ਨੂੰ ਜਦੋਂ ਆਪਣੇ ਹੀ ਇੱਕ ਗ਼ੁਲਾਮ ਨਾਲ ਪਿਆਰ- ਮੁਹੱਬਤ ਦੀਆਂ ਗੱਲਾਂ ਕਰਦਿਆਂ ਤੱਕਿਆ ਤਾਂ ਉਸ ਨੇ ਗੁੱਸੇ ਵਿੱਚ ਆ ਕੇ ਦੋਵਾਂ ਦਾ ਕਤਲ ਕਰਵਾ ਦਿੱਤਾ। ਆਪਣੀ ਪਤਨੀ ਵੱਲੋਂ ਕੀਤੀ ਗਈ ਬੇਵਫ਼ਾਈ ਕਾਰਨ ਸਮੁੱਚੀ ਔਰਤ ਜਾਤੀ ਉਹਦੀ ਅੱਖ ਦਾ ਰੋੜ ਬਣ ਗਈ। ਔਰਤਾਂ ਤੋਂ ਬਦਲਾ ਲੈਣ ਦੀ ਨੀਤ ਨਾਲ ਉਹ ਹਰ ਰੋਜ਼ ਵਿਆਹ ਰਚਾਉਂਦਾ। ਉਸ ਨੇ ਇਹ ਸ਼ਰਤ ਰੱਖੀ ਹੋਈ ਸੀ ਕਿ ਉਹ ਉਸ ਇਸਤਰੀ ਨੂੰ ਆਪਣੀ ਮਲਕਾ ਬਣਾ ਲਵੇਗਾ ਜਿਹੜੀ ਉਸ ਨੂੰ ਹਰ ਰਾਤ ਨੂੰ ਇੱਕ ਨਵੀਂ ਕਹਾਣੀ ਸੁਣਾਇਆ ਕਰੇਗੀ ਪਰ ਜਦੋਂ ਉਸ ਦੀਆਂ ਕਹਾਣੀਆਂ ਖ਼ਤਮ ਹੋ ਗਈਆਂ, ਉਹ ਉਸ ਨੂੰ ਕਤਲ ਕਰ ਦੇਵੇਗਾ। ਇਉਂ ਜਿਹੜੀ ਵੀ ਔਰਤ ਅਜਿਹਾ ਕਰਨ ਲਈ ਅੱਗੇ ਆਉਂਦੀ, ਕੁਝ ਇੱਕ ਕਹਾਣੀਆਂ ਸੁਣਾ ਕੇ ਹਾਰ ਜਾਂਦੀ। ਅਗਲੇ ਦਿਨ ਬਾਦਸ਼ਾਹ ਉਸ ਔਰਤ ਨੂੰ ਕਤਲ ਕਰ ਦਿੰਦਾ। ਬਾਦਸ਼ਾਹ ਨਾਲ ਹੁਣ ਕੋਈ ਆਪਣੀ ਲੜਕੀ ਵਿਆਹੁਣ ਨੂੰ ਤਿਆਰ ਨਹੀਂ ਸੀ।

ਆਖ਼ਰ ਬਾਦਸ਼ਾਹ ਨੇ ਆਪਣੇ ਵੱਡੇ ਵਜ਼ੀਰ ਨੂੰ ਕੋਈ ਚੰਗਾ ਸਾਕ ਲੱਭਣ ਲਈ ਕਿਹਾ ! ਵਜ਼ੀਰ ਹੈਰਾਨ ਸੀ ਕਿ ਉਹ ਚੰਗਾ ਸਾਕ ਕਿਥੋਂ ਲੱਭੇ।

ਉਸ ਦੀ ਲੜਕੀ ਸ਼ਹਿਰਜ਼ਾਦੀ ਨੇ ਆਪਣੇ ਪਿਤਾ ਤੋਂ ਉਹਦੀ ਪਰੇਸ਼ਾਨੀ ਦਾ ਕਾਰਨ ਪੁੱਛਿਆ, ਜਿਸ ਤੇ ਵਜ਼ੀਰ ਨੇ ਉਹਨੂੰ ਸਾਰੀ ਗੱਲ ਦਿੱਤੀ । ਸ਼ਹਿਰਜ਼ਾਦੀ ਨੇ ਉੱਤਰ ਦਿੱਤਾ, ਤੁਸੀਂ ਫ਼ਿਕਰ ਨ ਕਰੋ। ਮੇਰਾ ਬਾਦਸ਼ਾਹ ਨਾਲ ਵਿਆਹ ਕਰ ਦਿਓ । ਬਾਕੀ ਸਭ ਕੁਝ ਮੈਂ ਆਪੇ ਸਾਂਭ ਲਵਾਂਗੀ।



ਸ਼ਹਿਰਜ਼ਾਦੀ ਦਾ ਵਿਆਹ ਹੋ ਗਿਆ। ਉਹਨੇ ਪਹਿਲੀ ਰਾਤ ਹੀ ਬਾਦਸ਼ਾਹ ਨੂੰ ਇਕ ਬੜੀ ਦਿਲਚਸਪ ਕਹਾਣੀ ਸੁਣਾਈ ਅਤੇ ਨਾਲ ਹੀ ਇੱਕ ਹੋਰ ਸੁਆਦਲੀ ਕਹਾਣੀ ਸ਼ੁਰੂ ਕਰ ਦਿੱਤੀ ਬਾਦਸ਼ਾਹ ਨੇ ਅਗਲੀ ਕਹਾਣੀ ਸੁਣਨ ਲਈ ਉਸਦੀ ਜਾਨ ਅਗਲੇ ਦਿਨ ਲਈ ਬਖ਼ਸ਼ ਦਿੱਤੀ । ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ, ਸ਼ਹਿਰਜ਼ਾਦੀ ਕਹਾਣੀ ਪੂਰੀ ਕਰਕੇ ਨਾਲ ਹੀ ਦੂਸਰੀ ਕਹਾਣੀ ਸ਼ੁਰੂ ਕਰ ਦਿੰਦੀ ਅਤੇ ਬਾਦਸ਼ਾਹ ਅਗਲੇ ਦਿਨ ਲਈ ਉਸਦੀ ਜਾਨ ਬਖ਼ਸ਼ ਦਿੰਦਾ ।

ਸ਼ਹਿਰਜ਼ਾਦੀ ਨੇ ਉਹਨੂੰ ਇੱਕ ਹਜ਼ਾਰ ਇੱਕ ਕਹਾਣੀਆਂ ਸੁਣਾਈਆਂ ਅਤੇ ਇਸੇ ਤਰ੍ਹਾਂ ਤਿੰਨ ਸਾਲ ਲੰਘ ਗਏ। ਕਹਾਣੀਆਂ ਸੁਣ ਕੇ ਬਾਦਸ਼ਾਹ ਸ਼ਹਿਰਜ਼ਾਦੀ ਦੀ ਅਕਲ ਅਤੇ ਚਤੁਰਾਈ ਨਾਲ ਮੋਹਿਆ ਗਿਆ ਅਤੇ ਉਹਨੂੰ ਸਦਾ ਲਈ ਆਪਣੀ ਰਾਣੀ ਬਣਾ ਲਿਆ ।

ਇਹਨਾਂ ਇੱਕ ਹਜ਼ਾਰ ਇੱਕ ਕਹਾਣੀਆਂ ਦੇ ਸੰਗ੍ਰਹਿ ਨੂੰ 'ਅਲਫ਼ ਲੈਲਾ' ਭਾਵ 'ਕਾਲੀ ਰਾਤ' ਕਹਿੰਦੇ ਹਨ ! ਇਹ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ ।

# ਗੈਰਹਾਜ਼ਰ

ਨਮਸਤੇ , ਮੈਡਮ ਜੀ

ਅਮਨ ਦੇਖ , ਐਤਕੀ ਜਗਸੀਰ ਦੀਆ ਪੰਜ ਗੈਰਹਾਜ਼ਰੀਆਂ ਹਨ ।

ਇਹ ਗੈਰਹਾਜ਼ਰੀ ਸਟਾਫ਼ ਦੀ ਸ਼ਿਕਾਇਤ 'ਤੇ ਪਾਈ ਗਈ।

ਅਮਨ :- ਮੈਡਮ ਜੀ , ਕੁਝ ਲੋਕਾਂ ਦੀ ਆਦਤ ਬਣ ਜਾਂਦੀ ਏ, ਨਿੱਕੀ ਨਿੱਕੀ ਗੱਲ 'ਤੇ ਸ਼ਿਕਾਇਤ ਕਰਨ ਦੀ। ਐਵੇਂ ਗਰੀਬ ਬੰਦਿਆਂ ਦੇ ਮਗਰ ਹੱਥ ਧੋ ਕੇ ਪਏ ਰਹਿੰਦੇ ਨੇ। ਭਲਾ ਕਿੰਨੀ ਕੁ ਤਨਖਾਹ ਏ ਵਿਚਾਰਿਆ ਦੀ !

ਇੱਕ ਦਿਨ ਵਿਚਾਰਾ ਗੱਲ ਕਰਦਾ ਸੀ । ਪਹਿਲਾਂ ਲੋਨ ਚੁੱਕ ਕੇ ਬੱਚਿਆਂ ਦਾ ਦਾਖਲਾ ਭਰਿਆ, ਕਿਤਾਬਾਂ ਲੈ ਕੇ ਦਿੱਤੀਆਂ। ਫਿਰ ਕਿਸ਼ਤਾਂ 'ਤੇ ਕੂਲਰ ਲਿਆ। ਹੁਣ ਸਾਰੀ ਤਨਖਾਹ ਕਿਸ਼ਤਾਂ 'ਚ ਚਲੀ ਜਾਂਦੀ ਏ।

ਮੈਡਮ :- ਅਮਨ , ਮੈਨੂੰ ਸਮਝ ਨਹੀ ਆਉਂਦੀ। ਐਨੀ ਘੱਟ ਤਨਖਾਹ 'ਚ ਤੁਸੀਂ ਗੁਜਾਰਾ ਕਿਵੇਂ ਕਰਦੇ ਹੋ। ਜਿੰਨੀ ਤੁਹਾਡੀ ਤਨਖਾਹ, ਏਨੇ ਦਾ ਸਾਡਾ ਦੁੱਧ ਆਉਂਦਾ।

ਅਮਨ :- ਮੈਡਮ ਜੀ , ਸਾਡੀ ਤੇ ਸਾਡੇ ਬੱਚਿਆਂ ਦੀ ਸਾਰੀ ਉਮਰ ਕਰਜ਼ੇ ਚੁਕਾਉਂਦਿਆਂ ਹੀ ਲੰਘ ਜਾਂਦੀ ਏ। ਕੁਝ ਕੁ , ਸਾਡੇ ਨਾਲ ਦੇ ਬੱਚਿਆਂ ਦੇ ਬਾਰੇ ਸੋਚਦੇ-ਸੋਚਦੇ, ਮਾਨਸਿਕ ਬੀਮਾਰੀ ਦਾ ਸ਼ਿਕਾਰ ਹੋ , ਦੁਨੀਆਂ ਨੂੰ ਅਲਵਿਦਾ ਕਹਿ ਗਏ। ਏਨਾਂ ਵਿਚਾਰਿਆ ਨੂੰ ਜਿਊਂਦੇ ਜੀਅ ਝਿੜਕਾਂ ਮਿਲਦੀਆਂ, ਪਰ ਮਰਨ ਤੋਂ ਬਾਅਦ ਸਾਰੇ ਚੰਗਾ ਕਹਿੰਦੇ , ਭੋਗ ਵਾਸਤੇ ਪੈਸੇ ਇਕੱਠੇ ਕਰਦੇ , ਜਿਊਂਦੇ ਕਦੇ ਚਾਹ ਨਾ ਪੁਛਦੇ .....

ਪਿਛਲੇ ਸਾਲ ਦੋ ਸਿਕਿਉਰਿਟੀ ਗਾਰਡਾਂ ਦੀ ਦਿਮਾਗ ਦੀ ਨਾੜੀ ਫਟਣ ਨਾਲ ਮੌਤ ਹੋ ਗਈ।

ਮੈਡਮ ਜੀ , ਪਰਸੋਂ ਆਪਣਾ ਹੈਲਪਰ 'ਰਮੇਸ਼ ਕੁਮਾਰ' ਗਲ ਫਾਹਾ ਪਾ । ਜਿੰਦਗੀ ਦੇ ਪੰਨਿਆਂ ਤੋ ਹਮੇਸ਼ਾ ਲਈ ਗੈਰਹਾਜ਼ਰ ਹੋ ਗਿਆ।

ਹੁਣ ਉਸ ਨੂੰ ਕੋਈ ਗੈਰਹਾਜ਼ਰ ਨਹੀਂ ਕਰ ਸਕਦਾ। ਉਹ ਹਮੇਸ਼ਾ ਲਈ ਗੈਰਹਾਜ਼ਰ ਹੋ ਗਿਆ।

ਸ਼ਿਵਨਾਥ ਦਰਦੀ ਫ਼ਰੀਦਕੋਟ
-9855155392

# ਮੇਰੀ ਕਲਮ

## ਉਹ ਮੈਨੂੰ ਰਾਗ ਤੋਂ ਵੈਰਾਗ ਤੀਕਣ ਜਾਣਦਾ ਹੈ

ਸੁਰਜੀਤ ਪਾਤਰ



ਉਹ ਮੈਨੂੰ ਰਾਗ ਤੋਂ ਵੈਰਾਗ ਤੀਕਣ ਜਾਣਦਾ ਹੈ,
ਮੇਰੀ ਆਵਾਜ਼ ਦਾ ਉਹ ਰੰਗ ਵੀ ਪਹਿਚਾਣਦਾ ਹੈ
ਜ਼ਰਾ ਹਉਕਾ ਭਰਾਂ ਤਾਂ ਕੰਬ ਜਾਂਦਾ, ਡੋਲ ਜਾਂਦਾ,
ਅਜੇ ਉਹ ਸਿਰਫ ਮੇਰੇ ਹਾਸਿਆਂ ਦੇ ਹਾਣ ਦਾ ਹੈ
ਮੇਰਾ ਮਹਿਰਮ ਮੇਰੇ ਇਤਿਹਾਸ ਦੀ ਹਰ ਪੈੜ ਜਾਣੇ,
ਮੇਰਾ ਮਾਲਕ ਸਿਰਫ ਜੁਗਜਾਵੀਆਂ ਹੀ ਜਾਣਦਾ ਹੈ
ਉਹਨੂੰ ਆਖੋ ਕਿਸੇ ਮਿੱਟੀ 'ਚ ਉਗ ਕੇ ਖਿੜ ਪਵੇ ਉਹ,
ਉਹ ਐਵੇਂ ਰਸਤਿਆਂ ਦੀ ਖਾਕ ਕਾਹਨੂੰ ਛਾਣਦਾ ਹੈ
ਜਦੋਂ ਬੇਮਾਨੀਅਤ ਬਰਸੇ ਖਿਲਾਅ 'ਚੋਂ ਕੌਣ ਓਦੋਂ,
ਮੇਰੇ ਸਿਰ ਤੇ ਇਹ ਛਤਰੀ ਤਾਰਿਆਂ ਦੀ ਤਾਣਦਾ ਹੈ

## ਮੈਂ ਕਵਿਤਾ ਲਿਖਦਾ ਹਾਂ

ਡਾ. ਅਮਰਜੀਤ ਕੌਂਕੇ

ਮੈਂ ਕਵਿਤਾ ਲਿਖਦਾ ਹਾਂ
ਕਿਉਂਕਿ ਮੈਂ ਜੀਵਨ ਨੂੰ
ਇਸਦੀ ਸਾਰਥਕਤਾ ਵਿੱਚ
ਜਿਉਣਾ ਚਾਹੁੰਦਾ ਹਾਂ

ਕਵਿਤਾ ਨਾ ਲਿਖਾਂ
ਤਾਂ ਮੈਂ ਨਿਰਜੀਵ ਪੁਤਲਾ
ਬਣ ਜਾਂਦਾ ਮਿੱਟੀ ਦਾ
ਖਾਂਦਾ ਪੀਂਦਾ ਸੌਂਦਾ
ਮੁਫਤ ਵਿੱਚ ਡਕਾਰਦਾ
ਰੁੱਖਾਂ ਤੋਂ ਮਿਲੀ ਆਕਸੀਜਨ
ਛੱਡਦਾ ਕਾਰਬਨ ਡਾਇਆਕਸਾਈਡ
ਹਵਾ ਪਲੀਤ ਕਰਦਾ
ਅੰਨ ਖਰਾਬ ਕਰਦਾ
ਧਰਤ 'ਤੇ ਬੋਝ ਜਿਹਾ
ਬਣ ਜਾਂਦਾ ਹਾਂ ਮੈਂ
ਆਪਣੇ ਆਪ ਨੂੰ
ਲੱਗਣ ਲੱਗਦਾ ਪਾਪ ਜਿਹਾ
ਪਰ ਜਦੋਂ ਮੈਂ ਕਵਿਤਾ ਲਿਖਦਾ ਹਾਂ
ਧਰਤੀ ਦਾ ਦਰਦ
ਸ਼ਬਦਾਂ 'ਚ ਪਰੋਂਦਾ ਹਾਂ

ਧਰਤੀ ਤੇ ਰਹਿੰਦੇ ਮਨੁੱਖਾਂ ਦੇ
ਦਰਦ ਨਾਲ ਦੁਖੀ ਹੁੰਦਾ
ਉਹਨਾਂ ਦੀ ਖੁਸ਼ੀ ਵਿੱਚ
ਮੇਰਾ ਅੰਦਰ ਖਿੜ ਜਾਂਦਾ
ਮੈਂ ਕਵਿਤਾ ਲਿਖਦਾ ਜਦੋਂ
ਉਹਨਾਂ ਦੇ ਦਰਦ
ਉਹਨਾਂ ਦੀ ਖੁਸ਼ੀ ਦੇ
ਗੀਤ ਗਾਉਂਦਾ
ਮੈਂ ਸ਼ਬਦ ਸ਼ਬਦ ਜੁੜਦਾ
ਕਵਿਤਾ ਬਣ ਜਾਂਦਾ
ਮੇਰਾ ਅੰਦਰ ਬਾਹਰ
ਅਜਬ ਜਿਹੇ ਖੇੜੇ ਨਾਲ ਭਰ ਜਾਂਦਾ
ਮੈਂ ਧਰਤੀ ਦਾ ਅੰਨ ਖਾਂਦਾ ਹਾਂ
ਹਵਾ ਤੋਂ ਸਾਹ ਲੈਂਦਾ ਹਾਂ
ਜ਼ਮੀਨ ਦੇ ਟੁਕੜੇ ਨੇ ਮੈਨੂੰ
ਰਹਿਣ ਲਈ ਥਾਂ ਦਿੱਤੀ ਹੈ
ਕਰਜ਼ਦਾਰ ਹਾਂ ਮੈਂ ਧਰਤੀ ਦਾ
ਮੈਂ ਕਵਿਤਾ ਲਿਖਦਾ ਹਾਂ
ਕਿ ਧਰਤੀ ਦਾ
ਕੁਝ ਕੁ ਕਰਜ਼ ਮੋੜ ਸਕਾਂ।

## ਸੋਸ਼ਲ ਮੀਡੀਆ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308





ਤਮਾਸ਼ਬੀਨ ਹੈ ਦੁਨੀਆਂ, ਤਰਸ ਤੋਂ ਖਾਲੀ ਹੈ,
ਬੰਦਾ ਬਣਨ ਦਾ ਢੋਂਗ, ਇਨਸਾਨੀਅਤ ਜਾਅਲੀ ਹੈ।
ਹਾਦਸੇ ਦੇ ਸ਼ਿਕਾਰਾਂ ਦੀ, ਨਾ ਕੋਈ ਮਦਦ ਕਰੇ,
ਹਰ ਕੋਈ ਫਿਲਮ ਬਣਾ ਕੇ, ਮਾਲੋ ਮਾਲੀ ਹੈ।
ਸਸਤੀ ਸ਼ੋਹਰਤ ਦੀ ਦੌੜ, ਨੇ ਝੁੱਗੇ ਚੌੜ ਕੀਤੇ,
ਇੱਜ਼ਤਾਂ ਲਈ ਝੋਲੀ ਅੱਡਦਾ, ਸ਼ਰੀਫ ਸਵਾਲੀ ਹੈ।
ਉੱਚੀਆਂ ਕਦਰਾਂ ਕੀਮਤਾਂ, ਅੱਜ ਹੋਈਆਂ ਮਿੱਟੀ,
ਗੁਲਸ਼ਨ ਉਜਾੜਨ ਲੱਗਾ, ਅੱਜ ਖ਼ੁਦ ਮਾਲੀ ਹੈ।
ਘਰ ਘਰ ਬੈਠੇ ਐਕਟਰ, ਡਰਾਮਾ ਨਿੱਤ ਕਰਦੇ,
ਨਾਇਕ ਹੈ ਅੱਜ ਪਤੀ, ਨਾਇਕਾ ਘਰ ਵਾਲੀ ਹੈ।
ਸਰਕਾਰਾਂ, ਸੈਂਸਰ, ਸੇਧਾਂ, ਛਿੱਕੇ ਟੰਗੀਆਂ ਨੇ,
ਕਾਨੂੰਨ ਦੇ ਉੱਤੇ ਛਾਈ, ਬਹੁਤ ਮੰਦਹਾਲੀ ਹੈ।
ਸੋਸ਼ਲ ਮੀਡੀਆ ਹੀ ਅੱਜ, ਸਭ ਦਾ ਧਰਮ ਹੋਇਆ,
ਇਸ ਧਰਮ ਗਰੰਥ ਦਾ ਪੱਤਰਾ, ਹਰ ਇੱਕ ਖਾਲੀ ਹੈ।
ਅਫਵਾਹਾਂ, ਝੂਠ ਨੇ ਵਿਕਦੇ, ਮਹਿੰਗੇ ਭਾਅ ਚੜ੍ਹ ਕੇ,
ਸੱਚ ਦਾ ਤਾਂ ਹੁਣ ਸਮਝੋ, ਰੱਬ ਹੀ ਵਾਲੀ ਹੈ।

## ਸ਼ਹੀਦਾਂ ਦੇ ਸਿਰਤਾਜ

ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
98552 27530



ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਸ਼ਹੀਦਾਂ ਦੇ ਸਿਰਤਾਜ।
ਰਹਿਕੇ ਸ਼ਾਂਤ ਹੈ ਭਾਣਾ ਮੰਨਣਾ, ਕੀਤੀ ਬੁਲੰਦ ਆਵਾਜ਼।
ਤੇਰਾ ਭਾਣਾ ਮਿੱਠਾ ਲੱਗੇ, ਬੈਠ ਤਵੀ 'ਤੇ ਬੋਲੇ,
ਸੀਸ 'ਤੇ ਤੱਤੀ ਰੇਤਾ ਪੈਂਦੀ, ਫਿਰ ਵੀ ਨਹੀਓਂ ਡੋਲੇ,
ਸਮਾਂ ਆਖਿਰੀ ਫਿਰ ਵੀ ਕਰਦੇ ਦੁਨੀਆਂ ਲਈ ਫ਼ਰਿਆਦ।
ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਸ਼ਹੀਦਾਂ ਦੇ ਸਿਰਤਾਜ।
ਜੇਠ ਮਹੀਨਾ ਅੱਤ ਦੀ ਗਰਮੀ, ਬਾਣੀ ਰਹੇ ਉਚਾਰ,
ਜੀਵਨ ਦੇਣ ਵਾਲੇ ਨੂੰ ਕੋਈ, ਕਿੱਦਾਂ ਸਕਦਾ ਮਾਰ,
ਰੱਬ ਨਾਲ਼ ਵੈਰ ਕਮਾਉਣ ਵਾਲੇ, ਹੋ ਜਾਂਦੇ ਬਰਬਾਦ।
ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਸ਼ਹੀਦਾਂ ਦੇ ਸਿਰਤਾਜ।
ਸ਼ਾਂਤੀ ਦੇ ਉਹ ਪੁੰਜ ਗੁਰਾਂ ਦਾ, ਅੱਜ ਵੀ ਸਭ ਜਸ ਗਾਉਂਦੇ,
ਚੰਦੂ ਤੇ ਜਹਾਂਗੀਰ ਪਾਪੀ ਨੂੰ, ਲੱਖ ਲੱਖ ਲਾਹਨਤਾਂ ਪਾਉਂਦੇ,
ਲੱਖੇ ਸਲੇਮਪੁਰੀ ਜਿਹੇ ਹਰਦਮ, ਰੱਖਣ ਗੁਰਾਂ ਨੂੰ ਯਾਦ।
ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਸ਼ਹੀਦਾਂ ਦੇ ਸਿਰਤਾਜ।

## ਮੇਰੇ ਦਿਲ ਨੇ ਕਿਹਾ ਮੈਨੂੰ

ਅਨਮੋਲ ਸੰਧੂ

ਮੇਰੇ ਦਿਲ ਨੇ ਕਿਹਾ ਮੈਨੂੰ
ਮੈਂ ਅੱਜ ਕੁੱਝ ਗੱਲਾਂ ਦੱਸਾ ਤੈਨੂੰ
ਤੂੰ ਕਿਹਾ ਸੀ ਆਪਾ ਇੱਕ ਹਾਂ
ਫਿਰ ਇਕੱਲਾ ਕਿਉਂ ਛੱਡਿਆ ਮੈਨੂੰ
ਪਰ ਇਦਾ ਕੱਲਿਆਂ ਜਿੰਦਗੀ ਕਿਥੇ ਚੱਲਦੀ ਏ
ਕਦੀ ਤੂੰ ਵੀ ਸਾਥ ਦੇਵੇ ਮੇਰਾ
ਕਮੀ ਸੰਧੂ ਨੂੰ ਇਹੀ ਖਲਦੀ ਏ
ਆ ਸੱਜਣਾ ਮੇਰੇ ਕੋਲ ਬੈਠ
ਕੁਝ ਗੱਲਾਂ ਕਰੀਏ
ਕਦੀ ਮੇਰੇ ਦਿਲ ਦੀ ਵੀ ਸਮਝ ਨਾ
ਆਪਾ ਕਿਉਂ ਇੱਕ ਦੂਜੇ ਨਾਲ ਖ਼ਫ਼ਾ ਰਹੀਏ
ਕੁਝ ਕਰ ਸੱਜਣਾ ਏਦਾਂ
ਕਿ ਆਪਾ ਫਿਰ ਤੋਂ ਇਕ ਹੋ ਜਾਈਏ
ਜਿੰਦਗੀ ਦੀ ਕਰੀਏ ਨਵੀਂ ਸ਼ੁਰੂਆਤ
ਮੁੜ ਪਿੱਛੇ ਨਾਂ ਫੇਰਾ ਪਾਈਏ
ਮੁੜ ਪਿੱਛੇ ਨਾਂ ਫੇਰਾ ਪਾਈਏ

## ਸ਼ੀਸ਼ੇ ਮੂਹਰੇ ਜਦੋਂ ਮੈਂ

ਸਿਮਰਨ ਕੌਰ ਸਾਬਰੀ



ਸ਼ੀਸ਼ੇ ਮੂਹਰੇ ਜਦੋਂ ਮੈਂ
ਆਪਣੇ ਆਪ ਨੂੰ ਵੇਖਦੀ
ਨਵੀਂ ਕਵਿਤਾ ਬਣਨ ਲੱਗਦੀ
ਲਫ਼ਜ਼ਾਂ ਦੀ ਜੋਤ ਮੱਥੇ 'ਤੇ
ਜਗਣ ਲੱਗਦੀ ਫਿਰ
ਖੁਸ਼ ਹੁੰਦੀ ਹੋਈ ਹੱਸਦੀ ਹਾਂ
ਗੱਲਾਂ ਸ਼ੀਸ਼ੇ ਨੂੰ ਦੱਸਦੀ ਹਾਂ
ਮੈਂ ਕਵਿਤਾ ਦਾ ਸੁਰਮਾ ਪਾਉਂਦੀ ਹਾਂ
ਸੰਦੂਰ ਹਰਫ਼ਾਂ ਦਾ ਲਾਉਂਦੀ ਹਾਂ
ਅੱਖਰਾਂ ਵਿੱਚ ਵੱਸਦੀ ਹਾਂ
ਖੁਸ਼ ਹੁੰਦੀ ਹੋਈ ਹੱਸਦੀ ਹਾਂ
ਗੱਲਾਂ ਸ਼ੀਸ਼ੇ ਨੂੰ ਦੱਸਦੀ ਹਾਂ
ਏਦਾਂ ਮੈਂ ਸ਼ਿੰਗਾਰ ਕਰਦੀ ਆ
ਮੇਜ਼ 'ਤੇ ਬੈਠੀ ਕਵਿਤਾ ਤਿਆਰ ਕਰਦੀ ਹਾਂ
ਸੋਚਾਂ ਵਿੱਚ ਡੁੱਬੀ ਹੋਈ
ਚਾਅ ਵਿੱਚ ਨੱਸਦੀ ਹਾਂ
ਖੁਸ਼ ਹੁੰਦੀ ਹੋਈ ਹੱਸਦੀ ਹਾਂ
ਗੱਲਾਂ ਸ਼ੀਸ਼ੇ ਨੂੰ ਦੱਸਦੀ ਹਾਂ
ਕਲਮ ਨਾ ਮਹਿੰਦੀ ਲਾਉਂਦੀ ਹਾਂ
ਖੁਦ ਨੂੰ ਬੁਝਾਰਤ ਪਾਉਂਦੀ ਹਾਂ
ਪਹਿਲਾਂ ਧੀ ਮੈਂ ਮਾਂ ਦੀ ਤੇ
ਹੁਣ ਸੱਸ ਦੀ ਹਾਂ
ਖੁਸ਼ ਹੁੰਦੀ ਹੋਈ ਹੱਸਦੀ ਹਾਂ
ਗੱਲਾਂ ਸ਼ੀਸ਼ੇ ਨੂੰ ਦੱਸਦੀ ਹਾਂ

## ਮੇਰੇ 'ਚੋਂ ਮੈਂ

ਸਿਮਰਨ ਕੌਰ ਸਾਬਰੀ

ਇੰਝ ਕਿਤੇ ਹੋਵੇ ਨਾ ਕਿ
ਚੇਤਿਆਂ 'ਚ ਵਿਸਾਰ ਤੈਨੂੰ
ਮੇਰੀਆਂ ਰਗਾਂ ਵਿੱਚ ਵਹਿੰਦੀ
ਸਾਹਾਂ ਵਾਲੀ ਡੋਰ ਮੁੱਕ ਜੇ
ਕੁੱਝ ਇਸ ਤਰਾਂ ਮਿਲੀ, ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜੇ

ਤੈਥੋਂ ਉਹਲਾ ਨਾ ਕੋਈ
ਸੁਣ ਮੇਰੀ ਅਰਜ਼ੋਈ
ਨਵੇਂ ਫੁੱਟੇ ਫੁੱਲ ਜਿਹੀਆਂ
ਹਰੀਆਂ ਉਮੀਦਾਂ ਮੇਰੀਆਂ
ਝੜੇ ਪੱਤਿਆਂ ਦੇ ਵਾਂਗ
ਨਾ ਜਾਣ ਸੁੱਕ ਵੇ
ਕੁੱਝ ਇਸ ਤਰ੍ਹਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜੇ

ਨਾ ਸੋਚਾਂ ਕੁਝ ਹੋਰ ਬਸ
ਤੇਰੇ ਬਾਰੇ ਸੋਚਦੀ ਹਾਂ
ਤੇਰੇ ਮਿਲਾਪ ਵਾਲੀ ਘੜੀ
ਮੈਂ ਹਰ ਪਲ ਲੋਚਦੀ ਹਾਂ
ਤੇਰੇ ਬਿਨਾਂ ਸੁੱਕੀ ਜੜ ਵਾਲਾ
ਨਿਪੱਤਰਾ ਮੈਂ ਰੁੱਖ ਵੇ
ਕੁੱਝ ਇਸ ਤਰਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜੇ

ਮੇਰੇ ਦਿਲ ਦੀਆਂ ਰਮਜ਼ਾਂ ਨੂੰ
ਤੂੰ ਹੀ ਬਸ ਜਾਣਦਾ ਹੈਂ
ਮੈਥੋਂ ਵੱਧ ਪਤਾ ਤੈਨੂੰ
ਤੂੰ ਮੈਨੂੰ ਤਾਂ ਪਛਾਣਦਾ ਹੈਂ
ਇੰਝ ਕਿਤੇ ਹੋਵੇ ਨਾ ਕਿ
ਤੇਰੇ ਆਉਣ ਵਾਲੀ ਘੜੀ ਰੁਕ ਜੇ
ਕੁੱਝ ਇਸ ਤਰਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜੇ

## ਸ਼ੋਖ਼ ਜਿਹੇ ਕੁਝ ਰੰਗ ਲੈ ਆਓ ਤੁਸੀਂ

ਸਿਮਰਤ ਸੁਮੈਰਾ

ਸ਼ੋਖ਼ ਜਿਹੇ ਕੁਝ ਰੰਗ ਲੈ ਆਓ ਤੁਸੀਂ ।
ਰੌਸ਼ਨੀ ਵੀ ਸੰਗ ਲੈ ਆਓ ਤੁਸੀਂ ।
ਜੀਣ ਦਾ ਸਿੱਖੋ ਸਲੀਕਾ ਐ ਸਨਮ !
ਇਸ਼ਕ ਦਾ ਕੋਈ ਢੰਗ ਲੈ ਆਓ ਤੁਸੀਂ ।
ਪਿਆਰ ਵਿੱਚ ਸੋਨਾ ਨਹੀ ਚਾਂਦੀ ਨਹੀ
ਮੋਹ ਭਰੀ ਇੱਕ ਵੰਗ ਲੈ ਆਓ ਤੁਸੀਂ ।
ਪਿਆਸ ਕਿਸ ਦੀ ਹੁਣ ਬੁਝਾਵੇ ਬੱਦਲੀ
ਉੱਡਦਾ ਸਾਰੰਗ ਲੈ ਆਓ ਤੁਸੀਂ ।
ਹੁਸਨ ਹੋ ਜਾਵੇਗਾ ਦੂਣਾ ਚੌਗੁਣਾ
ਮੁੱਖ 'ਤੇ ਜੇ ਸੰਗ ਲੈ ਆਓ ਤੁਸੀਂ ।

## ਇੱਕ ਅੱਖਰ

ਹਰਪ੍ਰੀਤ ਕੌਰ ਸੰਧੂ

ਇੱਕ ਅੱਖਰ ਦੋ ਵਾਰ
ਇੱਕ ਹੋੜਾ ਇੱਕ ਬਿਹਾਰੀ
ਬਸ
ਇੱਕ ਸ਼ਬਦ ਨੇ
ਬਦਲ ਦਿੱਤੀ ਮੇਰੀ ਜ਼ਿੰਦਗੀ।

ਬਹੁਤ ਕੁਝ ਖੋਹ ਲਿਆ
ਬਹੁਤ ਕੁਝ ਸਿਖਾ ਦਿੱਤਾ
ਮੈਨੂੰ ਬਦਨਾਮ ਕਰਕੇ
ਮਾਣ ਮਹਿਸੂਸ ਕਰਦਾ ਹੋਵੇਂਗਾ।

ਜਾਹ ! ਕਰੀ ਜਾ
ਸੁਨਿਆਰੇ ਵਾਲੀ ਸੱਟ ਮੱਠੀ ਮੱਠੀ
ਇੱਕ ਦਿਨ ਲੋਹਾਰ ਬਣਕੇ
ਮੈਂ ਤੇਰੀ
ਹਰ ਬੇਵਫਾਈ ਦਾ ਜਵਾਬ ਦੇਵਾਂਗੀ
ਵਾਅਦਾ ਰਿਹਾ
ਤੇਰੀ ਦਿੱਤੀ ਹਰ ਸ਼ੈਅ
ਕਈ ਗੁਣਾ ਵਧਾ ਕੇ ਮੋੜਾਂਗੀ
ਇੰਤਜ਼ਾਰ ਕਰ।

## ਡੂੰਘੇ ਸਾਗਰ ਵਿੱਚ ਉਤਰ ਕੇ, ਵਾਹ ਤੇ ਲਾਉਂਦੇ ਸੱਭੇ

ਇਕਬਾਲ ਦੀਵਾਨਾ

ਡੂੰਘੇ ਸਾਗਰ ਵਿੱਚ ਉਤਰ ਕੇ, ਵਾਹ ਤੇ ਲਾਉਂਦੇ ਸੱਭੇ ।
ਇਕਨਾਂ ਦੇ ਹੱਥ ਖ਼ਾਲੀ ਸਿੱਪੀਆਂ, ਇਕਨਾਂ ਮੋਤੀ ਲੱਭੇ ।
ਸਾਡੇ ਵੇਲੇ ਪਿਉ ਨੂੰ ਸਾਰੇ, ਘਰ 'ਚੋਂ ਵੱਡਾ ਕਹਿੰਦੇ,
ਏਸ ਦੌਰ ਦੇ ਪੁੱਤਰ ਵੱਡੇ, ਛੋਟੇ ਹੋ ਗਏ ਅੱਬੇ ।
ਨੌਕਰੀਆਂ ਦੇ ਅੰਦਰ ਯਾਰੋ, ਇੱਜ਼ਤ ਨਫ਼ਸ ਨਹੀਂ ਰਹਿੰਦਾ,
ਮੈਂ ਤੇ ਦੰਦੀਆਂ ਕੱਢਦੇ ਦੇਖੇ, ਜਿਹੜੇ ਡਾਢੇ ਕੱਬੇ ।
ਅਪਣੇ ਯਾਰਾਂ ਦਾ ਮੂੰਹ ਤੱਕ ਕੇ, ਮੈਨੂੰ ਤੇ ਇੰਝ ਲੱਗਾ,
ਵਿੱਚੋਂ ਕਿਸੇ ਅੰਗੂਰ ਨੇ ਖਾਧੇ, ਖ਼ਾਲੀ ਰਹਿ ਗਏ ਡੱਬੇ ।
ਜਦ ਗੁਲਸ਼ਨ ਨੂੰ ਲੋੜ ਸੀ ਉਦੋਂ, ਕਿੱਥੇ ਸਨ ਇਹ ਲੋਕੀ,
ਅੱਜ ਗੁਲਸ਼ਨ ਵਿੱਚ ਬਹਿਕੇ ਜਿਹੜੇ, ਸਾਨੂੰ ਮਾਰਣ ਦੱਬੇ ।

# ਟੀ-20 ਵਿਸ਼ਵ ਕੱਪ ’ਚ ਭਾਰਤ ਦੀ ਪਾਕਿਸਤਾਨ ’ਤੇ ਰੋਮਾਂਚਕਾਰੀ ਜਿੱਤ

ਭਾਰਤ ਨੇ ਟੀ-20 ਵਿਸ਼ਵ ਕੱਪ ਦੇ ਬੇਹੱਦ ਰੋਮਾਂਚਕ ਮੈਚ ਵਿੱਚ ਪਾਕਿਸਤਾਨ ਨੂੰ ਹਰਾਇਆ ਹੈ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਭਾਰਤੀ ਟੀਮ 119 ਦੌੜਾਂ ’ਤੇ ਆਲ ਆਊਟ ਹੋ ਗਈ। ਉਦੋਂ ਅਜਿਹਾ ਲੱਗ ਰਿਹਾ ਸੀ ਕਿ ਟੀਮ ਇੰਡੀਆ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਗੇਂਦਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਭਾਰਤ ਨੂੰ ਜਿੱਤ ਦਿਵਾਈ। ਇਹ ਪਹਿਲੀ ਵਾਰ ਹੈ ਜਦੋਂ ਭਾਰਤੀ ਟੀਮ ਨੇ ਟੀ-20 ਮੈਚਾਂ ਵਿੱਚ 120 ਤੋਂ ਘੱਟ ਦੌੜਾਂ ਦੇ ਸਕੋਰ ਦਾ ਬਚਾਅ ਕੀਤਾ ਹੈ। ਇਹ ਟੀ-20 ਵਿਸ਼ਵ ਕੱਪ ’ਚ ਸਭ ਤੋਂ ਛੋਟੇ ਸਕੋਰ ਦਾ ਬਚਾਅ ਕਰਨ ਦਾ ਸਾਂਝਾ ਰਿਕਾਰਡ ਵੀ ਹੈ। ਸ਼੍ਰੀਲੰਕਾਈ ਟੀਮ ਨੇ ਟੀ-20 ਵਿਸ਼ਵ ਕੱਪ 2014 ’ਚ ਨਿਊਜ਼ੀਲੈਂਡ ਖਿਲਾਫ ਇਕ ਵਾਰ ਮਿਲੇ 120 ਦੌੜਾਂ ਦੇ ਟੀਚੇ ਦਾ ਬਚਾਅ ਕੀਤਾ ਹੈ।

**ਸਭ ਤੋਂ ਵੱਧ ਜਿੱਤਾਂ ਦਾ ਰਿਕਾਰਡ**

ਟੀ-20 ਵਿਸ਼ਵ ਕੱਪ ਵਿੱਚ ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਇਹ ਸੱਤਵੀਂ ਜਿੱਤ ਹੈ। ਇਨ੍ਹਾਂ ਵਿੱਚ ਬੋਲਆਊਟ ਰਾਹੀਂ ਜਿੱਤ ਵੀ ਸ਼ਾਮਲ ਹੈ, ਜੋ ਟੀ-20 ਵਿਸ਼ਵ ਕੱਪ 2007 ਵਿੱਚ ਟਾਈ ਹੋਣ ਤੋਂ ਬਾਅਦ ਹੋਈ ਸੀ। ਇਸ ਨਾਲ ਭਾਰਤ ਟੀ-20 ਵਿਸ਼ਵ ਕੱਪ ਵਿੱਚ 7ਵੀਂ ਵਾਰ ਕਿਸੇ ਇੱਕ






ਵਿਰੋਧੀ ਨੂੰ ਹਰਾਉਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਇਸ ਟੂਰਨਾਮੈਂਟ ਦੇ ਇਤਿਹਾਸ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਕੁੱਲ 8 ਮੈਚ ਖੇਡੇ ਗਏ ਹਨ। ਪਾਕਿਸਤਾਨ ਦੀ ਟੀਮ ਇਨ੍ਹਾਂ ਵਿੱਚੋਂ ਸਿਰਫ਼ ਇੱਕ ਮੈਚ ਜਿੱਤ ਸਕੀ ਹੈ।

**ਪਾਕਿਸਤਾਨ ਦੀ ਇਹ ਦੂਜੀ ਹਾਰ ਹੈ**

ਇਸ ਮੈਚ ਨੂੰ ਜਿੱਤ ਕੇ ਭਾਰਤ ਅੰਕ ਸੂਚੀ ’ਚ ਪਹਿਲੇ ਸਥਾਨ ’ਤੇ ਆ ਗਿਆ ਹੈ। ਪਾਕਿਸਤਾਨ ਦੀ ਇਹ ਦੂਜੀ ਹਾਰ ਹੈ। ਪਾਕਿਸਤਾਨੀ ਟੀਮ ਪਹਿਲਾਂ ਹੀ ਅਮਰੀਕਾ ਤੋਂ ਹਾਰ ਚੁੱਕੀ ਹੈ। ਦੋ ਹਾਰਾਂ ਤੋਂ ਬਾਅਦ ਉਸ ਲਈ ਸੁਪਰ-8 ਤੱਕ ਪਹੁੰਚਣਾ ਮੁਸ਼ਕਿਲ ਹੋ ਗਿਆ ਹੈ। ਪਾਕਿਸਤਾਨ ਅੰਕ ਸੂਚੀ ’ਚ ਚੌਥੇ ਸਥਾਨ ’ਤੇ ਹੈ। ਅਮਰੀਕਾ 4 ਅੰਕਾਂ ਨਾਲ ਦੂਜੇ ਸਥਾਨ ’ਤੇ ਹੈ ਅਤੇ ਕੈਨੇਡਾ (2) ਤੀਜੇ ਸਥਾਨ ’ਤੇ ਹੈ। ਆਇਰਲੈਂਡ (0) ਦੀ ਟੀਮ ਪਾਕਿਸਤਾਨ ਵਾਂਗ ਇੱਕ ਵੀ ਮੈਚ ਨਹੀਂ ਜਿੱਤ ਸਕੀ ਹੈ ਅਤੇ ਅੰਕ ਸੂਚੀ ਵਿੱਚ ਆਖਰੀ ਸਥਾਨ ’ਤੇ ਹੈ।

**ਰਿਸ਼ਭ ਪੰਤ ਟੀਮ ਇੰਡੀਆ ਦੇ ਸਭ ਤੋਂ ਵੱਧ ਸਕੋਰਰ ਰਹੇ**

ਭਾਰਤ ਅਤੇ ਪਾਕਿਸਤਾਨ ਵਿਚਾਲੇ ਟੀ-20 ਵਿਸ਼ਵ ਕੱਪ ਮੈਚ ’ਚ ਬਾਬਰ ਆਜ਼ਮ ਦੀ ਟੀਮ ਨੇ ਟਾਸ ਜਿੱਤਿਆ। ਬਾਬਰ ਨੇ ਭਾਰਤੀ ਟੀਮ ਨੂੰ ਪਹਿਲਾਂ ਬੱਲੇਬਾਜ਼ੀ ਲਈ ਬੁਲਾਇਆ। ਰੋਹਿਤ ਅਤੇ ਵਿਰਾਟ ਨੇ ਇੱਕ ਓਵਰ ਵਿੱਚ ਬੱਲੇਬਾਜ਼ੀ ਕੀਤੀ, ਜਿਸ ਵਿੱਚ ਅੱਠ ਦੌੜਾਂ ਬਣੀਆਂ। ਜਿਸ ਤੋਂ ਬਾਅਦ ਫਿਰ ਬਾਰਿਸ਼ ਸ਼ੁਰੂ ਹੋ ਗਈ। ਭਾਰਤੀ ਟੀਮ ਬ੍ਰੇਕ ਤੋਂ ਬਾਅਦ ਵਾਪਸੀ ਕੀਤੀ ਅਤੇ ਬੱਲੇਬਾਜ਼ੀ ਵਿੱਚ ਨਿਰਾਸ਼ ਹੋ ਗਈ। ਰਿਸ਼ਭ ਪੰਤ (42) ਅਤੇ ਅਕਸ਼ਰ ਪਟੇਲ (20) ਨੂੰ ਛੱਡ ਕੇ ਕੋਈ ਵੀ ਬੱਲੇਬਾਜ਼ 15 ਦੌੜਾਂ ਦਾ ਅੰਕੜਾ ਵੀ ਨਹੀਂ ਛੂਹ ਸਕਿਆ। ਪੂਰੀ ਭਾਰਤੀ ਟੀਮ 19 ਓਵਰਾਂ ਵਿੱਚ 119 ਦੌੜਾਂ ਬਣਾ ਕੇ ਆਲ ਆਊਟ ਹੋ ਗਈ।

### ਪਾਕਿਸਤਾਨ ਨੇ ਚੰਗੀ ਸ਼ੁਰੂਆਤ ਕੀਤੀ

ਪਾਕਿਸਤਾਨ ਨੇ 120 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਚੰਗੀ ਸ਼ੁਰੂਆਤ ਕੀਤੀ। ਇਕ ਸਮੇਂ ਉਸ ਨੇ 14 ਓਵਰਾਂ ’ਚ 3 ਵਿਕਟਾਂ ’ਤੇ 80 ਦੌੜਾਂ ਬਣਾਈਆਂ ਸਨ। ਉਸ ਸਮੇਂ ਅਜਿਹਾ ਲੱਗ ਰਿਹਾ ਸੀ ਕਿ ਪਾਕਿਸਤਾਨ ਆਸਾਨੀ ਨਾਲ ਮੈਚ ਜਿੱਤ ਲਵੇਗਾ। ਫਿਰ ਜਸਪ੍ਰੀਤ ਬੁਮਰਾਹ ਨੇ ਮੁਹੰਮਦ ਰਿਜ਼ਵਾਨ (31) ਨੂੰ ਕਲੀਨ ਬੋਲਡ ਕੀਤਾ। ਸਕੋਰ 4 ਵਿਕਟਾਂ ’ਤੇ 80 ਦੌੜਾਂ ਬਣ ਗਿਆ।

## ਯੁੱਧ ਜਿੱਤਣ ਵਰਗਾ ਹੁੰਦਾ ਹੈ ਅਹਿਸਾਸ

ਜਦੋਂ ਵੀ ਭਾਰਤ ਅਤੇ ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਵਿਚਾਲੇ ਮੁਕਾਬਲਾ ਹੁੰਦਾ ਹੈ, ਤਾਂ ਭਾਰਤ ਅਤੇ ਪਾਕਿਸਤਾਨ ਦੇ ਵੱਡੀ ਗਿਣਤੀ ਲੋਕ ਇਸ ਮੁਕਾਬਲੇ ਨੂੰ ਵੇਖ ਦੇ ਹਨ। ਅਸਲ ਵਿੱਚ ਦੋਵੇਂ ਦੇਸ਼ਾਂ ਵਿਚਾਲੇ ਕ੍ਰਿਕਟ ਮੈਚ ਦੌਰਾਨ ਇੱਕ ਜੰਗ ਵਰਗਾ ਮਾਹੌਲ ਹੁੰਦਾ ਹੈ ਅਤੇ ਕ੍ਰਿਕਟ ਮੈਚ ਜਿੱਤਣ ਵਾਲੀ ਟੀਮ ਦੇ ਦੇਸ਼ ਵਾਸੀਆਂ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਉਹਨਾਂ ਨੇ ਜੰਗ ਜਿੱਤ ਲਈ ਹੋਵੇ। ਭਾਰਤ ਵਿੱਚ ਦੋਵਾਂ ਦੇਸ਼ਾਂ ਦੇ ਅੰਤਰਰਾਸ਼ਟਰੀ ਮੁਕਾਬਲਿਆਂ ਨੂੰ ਵੱਡੀਆਂ ਵੱਡੀਆਂ ਸਕਰੀਨਾਂ ’ਤੇ ਜਨਤਕ ਥਾਵਾਂ ’ਤੇ ਵੀ ਦਿਖਾਇਆ ਜਾਂਦਾ ਹੈ।



## ਫ਼ਰੀਦਕੋਟ ਦੀ ਧੀ ਸਿਫ਼ਤ ਕੌਰ ਸਮਰਾ ਨੇ ਸੀਨੀਅਰ ਵਰਲਡ ਕੱਪ ’ਚ ਜਿੱਤਿਆ ਕਾਂਸੀ ਦਾ ਤ਼ਗਮਾ

ਫ਼ਰੀਦਕੋਟ/ਏ.ਟੀ.ਨਿਊਜ਼ : ਫ਼ਰੀਦਕੋਟ ਦੇ ਪਵਨਦੀਪ ਸਿੰਘ ਬੰਪੀ ਸਮਰਾ-ਰਮਣੀਕ ਕੌਰ ਸਮਰਾ ਦੀ ਲਾਡਲੀ ਬੇਟੀ ਸਿਫ਼ਤ ਕੌਰ ਸਮਰਾ ਨੇ ਜੁਲਾਈ ਮਹੀਨੇ ਪੈਰਿਸ ’ਚ ਹੋਣ ਵਾਲੀ ਉਲਪਿੰਕਸ ’ਚ ਸ਼ੂਟਿੰਗ ਖੇਡ ’ਚ ਕੁਆਲੀਫ਼ਾਈ ਕੀਤਾ ਸੀ। ਹੁਣ ਸਿਫ਼ਤ ਕੌਰ ਸਮਰਾ ਨੇ ਜਰਮਨੀ ਦੇ ਸ਼ਹਿਰ ਮਿਊਨਿਖ ਵਿਖੇ ਚੱਲ ਰਹੇ ਸੀਨੀਅਰ ਵਰਲਡ ਕੱਪ ’ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਫ਼ਰੀਦਕੋਟ, ਪੰਜਾਬ ਅਤੇ ਦੇਸ਼ ਦਾ ਨਾਮ ਇੱਕ ਵਾਰ ਦੇਸ਼-ਦੁਨੀਆਂ ਅੰਦਰ ਰੋਸ਼ਨ ਕਰ ਦਿੱਤਾ ਹੈ। ਪ੍ਰਾਪਤੀ ਜਾਣਕਾਰੀ ਅਨੁਸਾਰ ਜਰਮਨੀ ਵਿਖੇ ਚੱਲ ਰਹੇ ਇਸ ਸੀਨੀਅਰ ਵਰਲਡ ਕੱਪ ’ਚ 100 ਖਿਡਾਰੀਆਂ ਨੇ ਭਾਗ ਲਿਆ। ਅੱਗੇ ਪ੍ਰਦਰਸ਼ਨ ਦੇ ਅਧਾਰ ’ਤੇ 8 ਖਿਡਾਰੀਆਂ ਦੀ ਚੋਣ ਕੀਤੀ ਗਈ। ਇਸ 8 ਖਿਡਾਰੀਆਂ ਦੀ ਚੋਣ



’ਚ ਭਾਰਤ ਵੱਲੋਂ ਇਕਲੌਤਲੀ ਬੇਟੀ ਸਿਫ਼ਤ ਕੌਰ ਸਮਰਾ ਦੀ ਚੋਣ ਹੋਈ ਤੇ ਫ਼ਿਰ ਫ਼ਾਈਨਲ ਮੁਕਾਬਲੇ ’ਚ ਸਿਫ਼ਤ ਕੌਰ ਸਮਰਾ ਨੇ ਦਮਦਾਰ ਖੇਡ ਵਿਖਾ ਕੇ ਕਾਂਸੀ ਦਾ ਤਗਮਾ ਜਿੱਤਿਆ। ਵਰਨਣਯੋਗ ਹੈ ਕਿ ਅੰਤਿਮ 8 ਖਿਡਾਰੀਆਂ ’ਚ ਭਾਰਤ ਵੱਲੋਂ ਇਕਲੌਤੀ ਖਿਡਾਰਣ ਸਿਫ਼ਤ ਕੌਰ ਸਮਰਾ ਨੂੰ ਚੁਣੇ ਜਾਣ ਦਾ ਮਾਣ ਮਿਲਿਆ।

## ਪਾਕਿ ਦੇ ਸਾਬਕਾ ਕ੍ਰਿਕਟਰ ਅਕਮਲ ਨੇ ਅਰਸ਼ਦੀਪ ਬਾਰੇ ਕੀਤੀ ਟਿੱਪਣੀ ਲਈ ਮੁਆਫ਼ੀ ਮੰਗੀ

ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ਦੇ ਸਾਬਕਾ ਵਿਕਟਕੀਪਰ ਬੱਲੇਬਾਜ਼ ਕਾਮਰਾਨ ਅਕਮਲ ਨੇ ਭਾਰਤੀ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਖ਼ਿਲਾਫ਼ ਕੀਤੀ ਟਿੱਪਣੀ ਲਈ ਮੁਆਫ਼ੀ ਮੰਗੀ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਟੀ-20 ਵਿਸ਼ਵ ਕੱਪ ’ਚ ਖੇਡੇ ਮੈਚ ਦੌਰਾਨ ਕਾਮਰਾਨ ਨੇ ਅਰਸ਼ਦੀਪ ਦੇ ਸਿੱਖ ਧਰਮ ਦਾ ਮਜ਼ਾਕ ਉਡਾਇਆ, ਜਿਸ ਦਾ ਵੀਡੀਓ ਵਾਇਰਲ ਹੋ ਗਿਆ। ਇਸ ’ਤੇ ਸਾਬਕਾ ਭਾਰਤੀ ਕ੍ਰਿਕਟਰ ਹਰਭਜਨ ਸਿੰਘ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਸੀ। ਹਰਭਜਨ ਨੂੰ ਟੈਗ ਕਰਦੇ ਹੋਏ ਕਾਮਰਾਨ ਨੇ ਐਕਸ ’ਤੇ ਲਿਖਿਆ, ‘ਮੈਨੂੰ ਆਪਣੀਆਂ ਹਾਲੀਆ ਟਿੱਪਣੀਆਂ ’ਤੇ ਬਹੁਤ ਅਫਸੋਸ ਹੈ ਅਤੇ ਮੈਂ ਹਰਭਜਨ ਸਿੰਘ ਅਤੇ ਸਿੱਖ ਭਾਈਚਾਰੇ ਤੋਂ ਦਿਲੋਂ ਮੁਆਫੀ ਮੰਗਦਾ ਹਾਂ। ਮੇਰੇ ਸ਼ਬਦ ਗਲਤ ਅਤੇ ਅਪਮਾਨਜਨਕ ਸਨ। ਮੈਂ ਦੁਨੀਆ ਭਰ ਦੇ ਸਿੱਖਾਂ ਦਾ ਬਹੁਤ ਸਤਿਕਾਰ ਕਰਦਾ ਹਾਂ ਅਤੇ ਮੇਰਾ ਕਦੇ ਵੀ ਕਿਸੇ ਦੀ ਭਾਵਨਾ ਨੂੰ ਸੱਟ ਮਾਰਨ ਦਾ ਇਰਾਦਾ ਨਹੀਂ ਸੀ। ਮੈਨੂੰ ਸੱਚਮੁੱਚ ਅਫ਼ਸੋਸ ਹੈ।’



ਇਸ ਮੈਚ ਦੌਰਾਨ ਅਕਮਲ ਕਹਿੰਦੇ ਨਜ਼ਰ ਆ ਰਹੇ ਹਨ, ’ਦੇਖੋ ਅਰਸ਼ਦੀਪ ਸਿੰਘ ਨੇ ਆਖਰੀ ਓਵਰ ਕਰਨਾ ਹੈ। ਉਸ ਦੀ ਤਾਲ ਨਜ਼ਰ ਨਹੀਂ ਆਉਂਦੀ। ਪਰ ਕੁਝ ਵੀ ਹੋ ਸਕਦਾ ਹੈ... 12 ਵੱਜ ਗਏ ਹਨ।’ ਇਹ ਕਹਿ ਕੇ ਅਕਮਲ ਹੱਸਣ ਲੱਗ ਪਿਆ। ਇਸ ਦੌਰਾਨ ਸ਼ੋਅ ਦੇ ਹੋਸਟ ਦਾ ਕਹਿਣਾ ਹੈ ਕਿ ਆਖਰੀ ਓਵਰ ’ਚ 16-17 ਦੌੜਾਂ ਕਾਫੀ ਹੋ ਸਕਦੀਆਂ ਹਨ। ਇਸ ’ਤੇ ਅਕਮਲ ਨੇ ਹੱਸਦੇ ਹੋਏ ਕਿਹਾ, ’ਕਿਸੇ ਸਿੱਖ ਨੂੰ 12 ਵਜੇ ਤੋਂ ਬਾਅਦ ਓਵਰ ਨਹੀਂ ਦੇਣਾ ਚਾਹੀਦਾ...’ ਕਾਮਰਾਨ ਅਕਮਲ ਦੀ ਇਸ ਟਿੱਪਣੀ ਨੂੰ ਅਪਮਾਨਜਨਕ ਮੰਨਿਆ ਗਿਆ। ਇਸ ਦੇ ਨਾਲ ਹੀ ਦੱਸ ਦਈਏ ਕਿ ਹਰਭਜਨ ਸਿੰਘ ਭੱਜੀ ਨੇ ਵੀ ਅਕਮਲ ਨੂੰ ਫਟਕਾਰ ਲਗਾਈ ਹੈ। ਹਰਭਜਨ ਸਿੰਘ ਨੇ ਲਿਖਿਆ ਕਿ ”ਲੱਖ ਦੀ ਲਾਹਨਤ ਤੇਰੇ ਕਾਮਰਾਨ ਅਕਮਲ, ਤੁਹਾਨੂੰ ਆਪਣੀ ਗੰਦੀ ਜ਼ੁਬਾਨ ਖੋਲ੍ਹਣ ਤੋਂ ਪਹਿਲਾਂ ਸਿੱਖਾਂ ਦਾ ਇਤਿਹਾਸ ਜਾਣ ਲੈਣਾ ਚਾਹੀਦਾ ਹੈ। ਸਿੱਖਾਂ ਨੇ ਤੁਹਾਡੀਆਂ ਮਾਵਾਂ-ਭੈਣਾਂ ਨੂੰ ਬਚਾਇਆ ਸੀ ਜਦੋਂ ਹਮਲਾਵਰਾਂ ਨੇ ਅਗਵਾ ਕੀਤਾ ਸੀ, ਸਮਾਂ ਰਾਤ ਦੇ 12 ਵਜੇ ਦੇ ਕਰੀਬ ਸੀ। ਕੁਝ ਸ਼ਰਮ ਕਰੋ।”

## ਦੁਨੀਆਂ ਦੀ ਸਭ ਤੋਂ ਪ੍ਰਸਿੱਧ ਖੇਡ ਹੈ ਫੁੱਟਬਾਲ



ਦੁਨੀਆਂ ਭਰ ਵਿੱਚ ਇੱਕ ਅਰਬ ਤੋਂ ਵੱਧ ਪ੍ਰਸ਼ੰਸਕਾਂ ਦੇ ਨਾਲ, ਫੁੱਟਬਾਲ ਦੁਨੀਆਂ ਦੀ ਸਭ ਤੋਂ ਪ੍ਰਸਿੱਧ ਖੇਡ ਹੈ। ਇਸ ਵਿੱਚ 90 ਮਿੰਟ ਦਾ ਹਰ ਪਲ ਖਿਡਾਰੀਆਂ ਲਈ ਬਹੁਤ ਮਹੱਤਵਪੂਰਨ ਅਤੇ ਦਰਸ਼ਕਾਂ ਲਈ ਰੋਮਾਂਚ ਨਾਲ ਭਰਪੂਰ ਹੁੰਦਾ ਹੈ। ਇਸ ਖੇਡ ਲਈ ਬਹੁਤ ਚੁਸਤੀ ਦੀ ਲੋੜ ਹੁੰਦੀ ਹੈ। ਇਸ ਖੇਡ ਦਾ ਇੱਕ ਲੰਮਾ ਇਤਿਹਾਸ ਹੈ।

ਫੁੱਟਬਾਲ ਦਾ ਅਰਥ ਫੁੱਟਬਾਲ ਸ਼ਬਦ ਵਿੱਚ ਹੀ ਸਾਫ਼ ਨਜ਼ਰ ਆਉਂਦਾ ਹੈ। ਇਸ ਖੇਡ ਵਿੱਚ ਗੇਂਦ ਨੂੰ ਪੈਰਾਂ ਨਾਲ ਖੇਡਿਆ ਜਾਂਦਾ ਹੈ। ਜਿਸ ਕਾਰਨ ਇਸ ਨੂੰ ਫੁੱਟਬਾਲ ਦਾ ਨਾਂ ਦਿੱਤਾ ਗਿਆ। ਇਸ ਦੇ ਇਤਿਹਾਸ ਬਾਰੇ ਕਈ ਵਿਚਾਰ ਹਨ।



ਫੀਫਾ ਦੇ ਅਨੁਸਾਰ, ਫੁੱਟਬਾਲ ਚੀਨੀ ਖੇਡ ਸੁਜੂ ਦਾ ਵਿਕਸਤ ਰੂਪ ਹੈ। ਜਿਸ ਦਾ ਵਿਕਾਸ ਹਯਾਨ ਰਾਜਵੰਸ਼ ਦੇ ਦੌਰਾਨ ਹੋਇਆ। ਇਸ ਦੇ ਨਾਲ ਹੀ, ‘ਫੁੱਟਬਾਲ’ ਨੂੰ ਜਾਪਾਨ ਦੇ ਅਸੁਕਾ ਰਾਜਵੰਸ਼ ਦੇ ਸ਼ਾਸਨ ਦੌਰਾਨ ਖੇਡੀ ਜਾਣ ਵਾਲੀ ‘ਕੇਮਾਰੀ’ ਦਾ ਵਿਕਸਤ ਰੂਪ ਮੰਨਿਆ ਜਾਂਦਾ ਹੈ।

ਜਦੋਂ ਇਹ ਖੇਡ 1409 ਵਿੱਚ ਬਰਤਾਨੀਆ ਪਹੁੰਚੀ ਤਾਂ ਪ੍ਰਿੰਸ ਹੈਨਰੀ ਚੌਥੇ ਨੇ ਇਸ ਦਾ ਨਾਂ ਫੁੱਟਬਾਲ ਰੱਖਿਆ। ਜਦੋਂ ਉੱਥੋਂ ਦੇ ਲੋਕ ਇਸ ਨੂੰ ਪਸੰਦ ਕਰਨ ਲੱਗੇ ਤਾਂ ਰਾਜਾ ਹੈਨਰੀ ਨੇ ਸਾਲ 1526 ਵਿੱਚ ਇਸ ਖੇਡ ਲਈ ਇੱਕ ਖਾਸ ਕਿਸਮ ਦੇ ਜੁੱਤੇ ਬਣਾਏ ਤਾਂ ਜੋ ਫੁੱਟਬਾਲ ਖਿਡਾਰੀ ਆਸਾਨੀ ਨਾਲ ਖੇਡ ਸਕਣ। ਮੀਡੀਆ ਰਿਪੋਰਟਾਂ ਅਨੁਸਾਰ, 1586 ਵਿੱਚ, ਜੌਨ ਡੇਵਿਸ, ਜੋ ਕਿ ਇੱਕ ਸਮੁੰਦਰੀ ਜਹਾਜ਼ ਦਾ ਕਪਤਾਨ ਸੀ, ਦੀ ਗ੍ਰੀਨ ਲੈਂਡ ਵਿੱਚ ਮੌਤ ਹੋ ਗਈ ਸੀ। ਉਹ ਆਪਣੇ ਦੋਸਤਾਂ ਨਾਲ ਫੁੱਟਬਾਲ ਮੈਚ ਖੇਡਦਾ ਸੀ।

ਮਾਹਿਰਾਂ ਅਨੁਸਾਰ ਫੁੱਟਬਾਲ ਟੂਰਨਾਮੈਂਟ 16ਵੀਂ ਸਦੀ ਦੇ ਅੰਤ ਅਤੇ 17ਵੀਂ ਸਦੀ ਦੇ ਸ਼ੁਰੂ ਵਿੱਚ ਕਰਵਾਏ ਜਾਣੇ ਸ਼ੁਰੂ ਹੋਏ ਸਨ। ਇਹ ਖੇਡ ਦੋ ਟੀਮਾਂ ਵਿਚਕਾਰ ਖੇਡੀ ਜਾਣ ਲੱਗੀ। ਇਸ ਦੌਰਾਨ ਗੋਲ ਕਰਨ ਦੇ ਨਿਯਮ ਵੀ ਬਣਾਏ ਗਏ। ਉਸ ਸਮੇਂ 8 ਤੋਂ 12 ਗੋਲਾਂ ਦਾ ਮੈਚ ਹੁੰਦਾ ਸੀ।

ਹੌਲੀ-ਹੌਲੀ 20ਵੀਂ ਸਦੀ ਤੱਕ ਇਸ ਖੇਡ ਨੂੰ ਬਹੁਤ ਪਸੰਦ ਕੀਤਾ ਜਾਣ ਲੱਗਾ। ਉਦੋਂ ਫੁੱਟਬਾਲ ਲਈ ਅੰਤਰਰਾਸ਼ਟਰੀ ਸੰਸਥਾ ਦੀ ਲੋੜ ਮਹਿਸੂਸ ਹੋਈ। ਫਿਰ ਇੰਗਲਿਸ਼ ਫੁੱਟਬਾਲ ਐਸੋਸੀਏਸ਼ਨ ਦੀ ਅਗਵਾਈ ਹੇਠ ਯੂਰਪੀਅਨ ਦੇਸ਼ਾਂ ਫਰਾਂਸ, ਡੈਨਮਾਰਕ, ਸਪੇਨ, ਨੀਦਰਲੈਂਡ, ਸਵੀਡਨ, ਬੈਲਜੀਅਮ ਅਤੇ ਸਵਿਟਜ਼ਰਲੈਂਡ ਨਾਲ ਮੀਟਿੰਗ ਕੀਤੀ ਗਈ। ਇਸ ਤੋਂ ਇਲਾਵਾ 21 ਮਈ 1904 ਨੂੰ ਫੈਡਰੇਸ਼ਨ ਇੰਟਰਨੈਸ਼ਨਲ ਆਫ ਫੁੱਟਬਾਲ ਐਸੋਸੀਏਸ਼ਨ (ਫੀਫਾ) ਦੀ ਸਥਾਪਨਾ ਕੀਤੀ ਗਈ। ਜਿਸਦਾ ਹੈੱਡਕੁਆਰਟਰ ਜ਼ਿਊਰਿਖ, ਸਵਿਟਜ਼ਰਲੈਂਡ ਵਿੱਚ ਸਥਿਤ ਹੈ।

# ਬਾਲੀਵੁੱਡ ਵਿੱਚ ਪੱਗ ਦੀ ਸ਼ਾਨ ਤੇ ਬੋਲਬਾਲਾ

ਰਾਬਿੰਦਰ ਸਿੰਘ ਰਬੀ


















ਕਈ ਫ਼ਿਲਮਾਂ ਵਿੱਚ ਕਿਰਦਾਰ ਸਰਦਾਰ ਸਨ, ਪਰ ਕਲਾਕਾਰ ਸਰਦਾਰ ਨਹੀਂ ਸਨ। ਇਨ੍ਹਾਂ ਕਲਾਕਾਰਾਂ ਨੇ ਸਰਦਾਰ ਪਾਤਰ ਦਾ ਕਿਰਦਾਰ ਅਦਾ ਕੀਤਾ ਅਤੇ ਇਨ੍ਹਾਂ ਦਾ ਯੋਗਦਾਨ ਵੀ ਘੱਟ ਨਹੀਂ ਹੈ। ਲੱਗਦਾ ਤਾਂ ਇੰਝ ਹੈ ਕਿ ਇਨ੍ਹਾਂ ਦਾ ਯੋਗਦਾਨ ਪਹਿਲਿਆਂ ਨਾਲ਼ੋਂ ਵੀ ਜ਼ਿਆਦਾ ਹੈ, ਕਿਉਂਕਿ ਉਹ ਆਪ ਸਰਦਾਰ ਨਹੀਂ ਸਨ, ਪਰ ਉਨ੍ਹਾਂ ਦੇ ਨਿਭਾਏ ਪਾਤਰਾਂ ਨੇ ਪੂਰੇ ਬਾਲੀਵੁੱਡ ਵਿੱਚ ਪੱਗ ਨੂੰ ਮਾਣ ਦਿੱਤਾ, ਦਸਤਾਰ ਦੀ ਇੱਜ਼ਤ ਕੀਤੀ।

ਇਸ ਤਰ੍ਹਾਂ ਦੀਆਂ ਫ਼ਿਲਮਾਂ ਵਿੱਚ ਮਨੋਜ ਕੁਮਾਰ ਦੀ 1974 ਵਿੱਚ 'ਰੋਟੀ, ਕੱਪੜਾ ਔਰ ਮਕਾਨ' (ਪ੍ਰੇਮ ਨਾਥ), ਗੋਵਿੰਦ ਨਿਹਲਾਨੀ ਦੀ 1982 ਵਿੱਚ 'ਵਿਜੇਤਾ' (ਕੁਣਾਲ ਕਪੂਰ) ਅਤੇ ਜੇ. ਪੀ. ਦੱਤਾ ਦੀ 1997 ਵਿੱਚ 'ਬਾਰਡਰ' (ਸੰਨੀ ਦਿਓਲ) ਜਿਹੀਆਂ ਫ਼ਿਲਮਾਂ ਜ਼ਿਕਰਯੋਗ ਹਨ। ਇਸੇ ਤਰ੍ਹਾਂ ਸ਼ੂਜਿਤ ਸਰਕਾਰ ਦੀ ਸਰਦਾਰ ਊਧਮ (2021), ਕੇਵਲ ਕਸ਼ਿਅਪ ਦੀ 1965 ਵਿੱਚ ਸ਼ਹੀਦ (ਇਸ ਦੀ ਕਹਾਣੀ ਸਰਦਾਰ ਭਗਤ ਸਿੰਘ ਦੇ ਸਾਥੀ ਬਟੁਕੇਸ਼ਵਰ ਦੱਤ ਨੇ ਲਿਖੀ ਸੀ),ਅਨਿਲ ਸ਼ਰਮਾ ਦੀ 2001 ਦੀ 'ਗ਼ਦਰ', 'ਗ਼ਦਰ ਦੋ', ਰਾਜ ਕੁਮਾਰ ਸੰਤੋਸ਼ੀ ਦੀ 2002 ਵਿੱਚ 'ਦਾ ਲੀਜੈਂਡ ਆਫ ਭਗਤ ਸਿੰਘ' ਅਤੇ ਸ਼ਹੀਦ ਭਗਤ ਸਿੰਘ ਨਾਲ਼ ਸੰਬੰਧਿਤ ਫ਼ਿਲਮਾਂ ਵਿੱਚ ਸੰਨੀ ਦਿਓਲ, ਰਾਜ ਬੱਬਰ, ਮਨੋਜ ਕੁਮਾਰ, ਅਜੈ ਦੇਵਗਣ, ਬੌਬੀ ਦਿਓਲ ਅਤੇ ਸੋਨੂੰ ਸੂਦ ਨੇ ਸਰਦਾਰ ਦੇ ਪਾਤਰਾਂ ਨੂੰ ਜੀਵਿਆ। ਅਨੁਰਾਗ ਸਿੰਘ ਦੀ ਫ਼ਿਲਮ 'ਕੇਸਰੀ' (2019) ਵੀ ਇਸ ਕੜੀ ਵਿੱਚ ਸ਼ਾਹਕਾਰ ਕਹੀ ਜਾ ਸਕਦੀ ਹੈ।

ਸਰਦਾਰ ਪਾਤਰਾਂ ਵਿੱਚ ਅਜਿਹੇ ਪਾਤਰ ਵੀ ਸਨ, ਜੋ ਨਾ ਤਾਂ ਬਹਾਦਰੀ ਦੇ ਪੁਤਲੇ ਸਨ ਅਤੇ ਨਾ ਹੀ ਕਹਾਣੀ ਵਿੱਚ ਕੋਈ ਖਾਸ ਭੂਮਿਕਾ ਅਦਾ ਕਰਦੇ ਸਨ। ਉਹ ਸਿਰਫ 'ਹਿੰਦੂ, ਮੁਸਲਿਮ, ਸਿੱਖ, ਇਸਾਈ ਆਪਸ ਦੇ ਵਿੱਚ ਭਾਈ-ਭਾਈ' ਦੇ ਸੰਕੇਤ ਦੇ ਤੌਰ 'ਤੇ ਹੀ ਫ਼ਿਲਮਾਂ ਵਿੱਚ ਪਾਏ ਜਾਂਦੇ ਸਨ। ਮਨਮੋਹਨ ਦੇਸਾਈ ਦੀ 1982 ਦੀ 'ਦੇਸ਼ ਪ੍ਰੇਮੀ' ਜਿਹੀਆਂ ਫ਼ਿਲਮਾਂ ਦੀ ਕਹਾਣੀ ਅਜਿਹੇ ਹੀ ਰੂਪ ਵਿੱਚ ਦੇਖੀ ਜਾ ਸਕਦੀ ਹੈ, ਜਿਸ ਵਿੱਚ ਸ਼ੰਮੀ ਕਪੂਰ ਨੂੰ ਅੰਮ੍ਰਿਤਧਾਰੀ ਸਰਦਾਰ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਫ਼ਿਲਮ 'ਰੋਟੀ, ਕੱਪੜਾ ਔਰ ਮਕਾਨ' ਵਿੱਚ ਪ੍ਰੇਮ ਨਾਥ (ਹਰਨਾਮ ਸਿੰਘ) ਨੂੰ ਅੰਮ੍ਰਿਤ ਛਕਾ ਕੇ ਕ੍ਰਿਪਾਨ ਵੀ ਪੁਆ ਦਿੱਤੀ ਗਈ ਅਤੇ ਉਹ ਗੀਤ ਵੀ ਗਾਉਂਦਾ ਹੈ 'ਹਾਏ ਮਹਿੰਗਾਈ, ਤੂੰ ਕਹਾਂ ਸੇ ਆਈ।'

ਇਸ ਸਫ਼ਰ ਵਿੱਚ ਐੱਸ. ਰਾਮ ਸ਼ਰਮਾ ਦੀ ਫ਼ਿਲਮ 'ਸ਼ਹੀਦ' (1965) ਵਿੱਚ ਮਨੋਜ ਕੁਮਾਰ (ਸ. ਭਗਤ ਸਿੰਘ), ਕ੍ਰਿਸ਼ਨ ਧਵਨ (ਅਜੀਤ ਸਿੰਘ), ਡੀ. ਕੇ. ਸਪਰੂ (ਕਿਸ਼ਨ ਸਿੰਘ) ਅਤੇ ਅਨਵਰ ਹੁਸੈਨ (ਚਤਰ ਸਿੰਘ) ਸਿੱਖ ਪਾਤਰਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ।

ਗੋਵਿੰਦ ਨਿਹਲਾਨੀ ਦੀ ਫ਼ਿਲਮ 'ਵਿਜੇਤਾ' (ਗੋਵਿੰਦ ਨਿਹਲਾਨੀ 1982) ਦੇ ਮੁੱਖ ਪਾਤਰ ਅੰਗਦ (ਕੁਣਾਲ ਕਪੂਰ) ਦਾ ਪਾਲਣ-ਪੋਸ਼ਣ ਇੱਕ ਰੱਜੇ-ਪੁੱਜੇ ਪਰਿਵਾਰ ਵਿੱਚ ਹੋਇਆ ਹੈ। ਉਹ ਇੱਕ ਪਾਇਲਟ ਹੈ। ਜਹਾਜ਼ ਉਡਾਉਂਦੇ ਸਮੇਂ ਅਕਸਰ ਹੀ ਸੋਚਾਂ ਵਿੱਚ ਗੁੰਮ ਹੋ ਜਾਂਦਾ ਹੈ। ਇਹ ਇਕ ਸਹਿਜ ਪਾਤਰ ਹੈ, ਜੋ ਬੜੀ ਸੂਝ-ਬੂਝ ਨਾਲ਼ ਚਿੱਤਰਿਆ ਗਿਆ ਹੈ। ਫ਼ਿਲਮ ਵਿੱਚ ਸ਼ਸ਼ੀ ਕਪੂਰ ਨੇ ਵੀ ਨਿਹਾਲ ਸਿੰਘ ਦਾ ਅਹਿਮ ਕਿਰਦਾਰ ਨਿਭਾਇਆ ਸੀ।

ਗੁਲਜ਼ਾਰ ਦੀ ਫ਼ਿਲਮ 'ਮਾਚਿਸ' (1996) ਨੇ ਸਿੱਖ ਕਿਰਦਾਰਾਂ ਨੂੰ ਨਿੱਗਰ ਰੂਪ ਵਿੱਚ ਪੇਸ਼ ਕੀਤਾ। ਉਸ ਦੇ ਸਿੱਖ ਪਾਤਰਾਂ ਵਿੱਚ ਇੱਕ ਤਾਂ ਕਮਾਂਡਰ (ਕੁਲਭੂਸ਼ਨ ਖਰਬੰਦਾ) ਹੈ, ਜੋ ਆਪਣੇ ਤੌਰ 'ਤੇ ਪੂਰਾ ਧਰਮ-ਕਰਮ ਦਾ ਦ੍ਰਿੜ੍ਹ ਦਿਖਾਇਆ ਗਿਆ ਹੈ ਅਤੇ ਦੂਜਾ ਨਾਇਕ ਚੰਦਰਚੂਹੜ ਸਿੰਘ ਦਾ ਪਿਤਾ ਕ੍ਰਿਪਾਲ ਸਿੰਘ (ਬਨਵਾਰੀ ਤਨੇਜਾ) ਹੈ, ਜੋ ਕਿ ਹਲੀਮੀ ਵਾਲ਼ਾ ਹੈ, ਖੁੱਲ੍ਹ ਦਿਲਾ ਹੈ, ਹਸਮੁਖ ਹੈ ਅਤੇ ਰਮਜ਼ ਨਾਲ਼ ਗੱਲ ਕਰਨ ਵਾਲ਼ਾ ਹੈ। ਇਸੇ ਫ਼ਿਲਮ ਵਿੱਚ ਨਾਇਕਾ ਵੀਰਾਂ (ਤੱਬੂ) ਦਾ ਭਰਾ ਜਸਵੰਤ ਸਿੰਘ ਰੰਧਾਵਾ (ਰਾਜ ਜੁਤਸ਼ੀ) ਵੀ ਸਰਦਾਰ ਹੈ, ਜੋ ਕਿ ਸੁਭਾਵਿਕ ਪਾਤਰ ਹੈ। ਇੱਕ ਪਾਤਰ ਵਕੀਲ ਦੇ ਰੂਪ ਵਿੱਚ ਹੈ, ਜੋ ਹਾਲਾਤ ਅੱਗੇ ਬੇਵੱਸ ਹੈ। ਅਸ਼ੋਕ ਗਾਇਕਵਾੜ ਦੀ 'ਰਾਜਾ ਕੀ ਆਏਗੀ ਬਰਾਤ' (1997) ਵਿੱਚ ਗੁਲਸ਼ਨ ਗਰੋਵਰ ਗਿਆਨੀ ਕਰਤਾਰ ਸਿੰਘ ਦਾ ਕਿਰਦਾਰ ਬਾਖ਼ੂਬੀ ਨਿਭਾਉਂਦਾ ਹੈ।

'ਕੋਹਰਾਮ' ਮੇਹੁਲ ਕੁਮਾਰ ਨੇ 1999 ਵਿੱਚ ਬਣਾਈ ਸੀ। ਇਸ ਵਿੱਚ ਫ਼ਿਲਮਕਾਰ ਨੇ ਕਹਾਣੀ ਵੀ ਸਰਦਾਰ ਪਾਤਰ ਕਰਨਲ ਬਲਬੀਰ ਸਿੰਘ ਸੋਢੀ (ਅਮਿਤਾਭ ਬੱਚਨ) ਦੀ ਹੀ ਲਈ ਹੈ। ਇੱਕ ਪਾਸੇ ਉਹ ਫ਼ੌਜ ਤੋਂ ਭਗੌੜਾ ਸਰਦਾਰ ਹੈ ਕਿਉਂਕਿ ਇੱਕ ਕੇਸ ਵਿੱਚ ਉਸ ਦਾ ਸਾਹਮਣਾ ਮੰਤਰੀ ਵੀਰਭੱਦਰ ਸਿੰਘ (ਡੈਨੀ) ਨਾਲ਼ ਹੁੰਦਾ ਹੈ, ਜੋ ਕਿ ਅਪਰਾਧੀਆਂ ਨਾਲ਼ ਮਿਲਿਆ ਹੋਇਆ ਹੈ ਤੇ ਦੂਜੇ ਪਾਸੇ ਮੰਨਿਆ-ਦੰਨਿਆ ਸ਼ਹਿਰੀ ਬਾਬੂ ਦਾਦਾ ਭਾਈ, ਜਿਸਦਾ ਇੱਕ ਭਰਾ ਹੈ। ਇਲਾਕੇ ਵਿੱਚ ਇੱਜ਼ਤ ਮਾਣ ਹੈ ਅਤੇ ਜਿਸ ਦੇ 'ਫਿੰਗਰ ਪ੍ਰਿੰਟ' ਵੀ ਕਰਨਲ ਨਾਲ਼ ਮੇਲ ਨਹੀਂ ਖਾਂਦੇ, ਪਰ ਇੱਕ ਵਾਰ ਗੁਰਦੁਆਰੇ ਵਿੱਚ ਉਸ ਦਾ ਭਰਾ ਉਸ ਨੂੰ ਪਛਾਣ ਲੈਂਦਾ ਹੈ। ਇੱਥੇ ਕਹਾਣੀ ਝੋਲ਼ ਖਾ ਗਈ ਹੈ। ਫ਼ਿਲਮਕਾਰ ਇਹ ਨਹੀਂ ਦੱਸਦਾ ਕਿ ਕਰਨਲ ਢਿੱਲੋਂ ਸ਼ਹਿਰੀ ਬਾਬੂ ਵਿੱਚ ਕਦੋਂ ਅਤੇ ਕਿੰਝ ਤਬਦੀਲ ਹੋ ਗਿਆ। 2001 ਵਿੱਚ ਅਨਿਲ ਸ਼ਰਮਾ ਦੀ ਫ਼ਿਲਮ 'ਗ਼ਦਰ-ਏਕ ਪ੍ਰੇਮ ਕਥਾ' ਫਿਰ ਲੋਕਾਂ ਦਾ ਧਿਆਨ ਖਿੱਚਦੀ ਹੈ। ਭਾਵੁਕ ਕਹਾਣੀ 'ਤੇ ਬਣੀ ਇਸ ਫ਼ਿਲਮ ਵਿੱਚ ਸੰਨੀ ਦਿਓਲ ਤੋਂ ਇਲਾਵਾ ਦਰਮਿਆਨ ਸਿੰਘ (ਵਿਵੇਕ ਸ਼ੌਕ) ਅਤੇ ਤਾਇਆ ਜੀ (ਸੁਰੇਸ਼ ਉਬਰਾਏ) ਵੀ ਸਹਿਜ ਅਦਾਕਾਰੀ ਕਰਦੇ ਦਿਖਾਈ ਦਿੰਦੇ ਹਨ, ਪਰ ਕਿਤੇ-ਕਿਤੇ ਸੰਨੀ ਦਿਓਲ ਇਸ ਫ਼ਿਲਮ ਵਿੱਚ ਗ਼ੈਰ ਸੁਭਾਵਿਕ ਦ੍ਰਿਸ਼ ਵੀ ਕਰਦਾ ਦਿਖਾਈ ਦਿੰਦਾ ਹੈ। ਰਾਜ ਕੁਮਾਰ ਸੰਤੋਸ਼ੀ ਦੀ ਫ਼ਿਲਮ 'ਦਾ ਲੀਜੈਂਡ ਆਫ ਭਗਤ ਸਿੰਘ' (2002) ਵਿੱਚ ਅਜੇ ਦੇਵਗਨ (ਸ. ਭਗਤ ਸਿੰਘ), ਰਾਜ ਬੱਬਰ (ਕਿਸ਼ਨ ਸਿੰਘ ਸੰਧੂ), ਗੁਰਚਰਨ ਚੰਨੀ (ਚਤਰ ਸਿੰਘ), ਸਰਦਾਰ ਸੋਹੀ (ਜਲ੍ਹਿਆਂਵਾਲ਼ੇ ਬਾਗ਼ ਦਾ ਨੇਤਾ), ਸ਼ਮਸ਼ੇਰ ਸਿੰਘ (ਅਰਜਨ ਸਿੰਘ), ਅੰਕੁਸ਼ (ਕੁਲਬੀਰ ਸਿੰਘ) ਅਤੇ ਕਰਨਬੀਰ ਸਿੰਘ (ਕੁਲਤਾਰ ਸਿੰਘ) ਸਾਡੇ ਸਾਹਮਣੇ ਆਉਂਦੇ ਹਨ।

ਬੈਂਡ ਇਟ ਲਾਈਕ ਬੈਕਹਮ (ਗੁਰਿੰਦਰ ਚੱਢਾ 2002, ਫੁੱਟਬਾਲ ਸ਼ੁਟਬਾਲ ਹਾਏ ਰੱਬਾ) ਸਿੱਖ ਪਰਿਵਾਰ ਦੀ ਕਹਾਣੀ ਹੈ, ਜੋ ਲੰਡਨ ਵਿੱਚ ਰਹਿੰਦਾ ਹੈ। ਮੁੱਖ ਪਾਤਰ ਜਸਵਿੰਦਰ ਜੈੱਸ (ਪਰਮਿੰਦਰ ਨਾਗਰਾ) ਦਾ ਪਿਤਾ ਸਰਦਾਰ ਹੈ ਮੋਹਨ ਸਿੰਘ ਭਮਰਾ (ਅਨੁਪਮ ਖੇਰ) ਅਤੇ ਉਹ ਪਾਇਲਟ ਹੈ। ਇਹ ਪਾਤਰ ਵੀ ਗੁਰਿੰਦਰ ਚੱਢਾ ਨੇ ਚੰਗਾ ਚਿੱਤਰਿਆ ਹੈ, ਜੋ ਕਿ ਸੁਭਾਵਿਕ ਹੋਣ ਕਾਰਨ ਖਿੱਚ ਪਾਉਂਦਾ ਹੈ। ਨਹੀਂ ਤਾਂ, ਪ੍ਰਿਅਦਰਸ਼ਨ ਦੀ ਫ਼ਿਲਮ 'ਹੇਰਾ ਫੇਰੀ' (2000) ਵਾਲ਼ੇ ਖੜਕ ਸਿੰਘ (ਓਮ ਪੁਰੀ) ਜਿਹੇ ਪਾਤਰ ਵੀ ਨੇ, ਜੋ ਬਿੰਦੇ-ਝੱਟੇ ਮਰਨੇ ਮਾਰਨੇ 'ਤੇ ਉਤਾਰੂ ਹੋ ਜਾਂਦੇ ਹਨ। ਗੁੱਡੂ ਧਨੋਆ ਦੀ ਫ਼ਿਲਮ '23 ਮਾਰਚ 1931 ਸ਼ਹੀਦ' (2002) ਵਿੱਚ ਬੌਬੀ ਦਿਓਲ (ਸ. ਭਗਤ ਸਿੰਘ), ਰੰਜਨ ਕੌਸ਼ਲ (ਕਿਸ਼ਨ ਸਿੰਘ ਸੰਧੂ), ਸ਼ਕਤੀ ਕਪੂਰ (ਚਤਰ ਸਿੰਘ) ਅਤੇ ਰਾਜੇਸ਼ ਖੇੜੀ (ਅਜੀਤ ਸਿੰਘ) ਕਿਰਦਾਰ ਨਿਭਾਉਂਦੇ ਹਨ। ਇਸੇ ਤਰ੍ਹਾਂ ਸੁਕੁਮਾਰ ਦੀ ਫ਼ਿਲਮ 'ਸ਼ਹੀਦ ਏ ਆਜ਼ਮ' (2002) ਵਿੱਚ ਸੋਨੂੰ ਸੂਦ (ਸ. ਭਗਤ ਸਿੰਘ), ਰਾਜਿੰਦਰ ਗੁਪਤਾ (ਕਿਸ਼ਨ ਸਿੰਘ) ਅਤੇ ਗੁਰਸ਼ਰਨ ਸਿੰਘ ਦਿਖਾਈ ਦਿੰਦੇ ਹਨ। ਫਿਰ ਅਮਿਤੋਜ ਮਾਨ ਦੀ ਫ਼ਿਲਮ 'ਹਵਾਏਂ' (2003) ਵਿੱਚ ਬੱਬੂ ਮਾਨ (ਤੇਜਿੰਦਰ ਸਿੰਘ ਮਾਨ ਕਾਨਪੁਰੀਆ), ਕੁਲਭੂਸ਼ਨ ਖਰਬੰਦਾ (ਪਿਤਾ), ਸਰਦਾਰ ਸੋਹੀ (ਇੰਸਪੈਕਟਰ), ਮੁਕੇਸ਼ ਤਿਵਾੜੀ (ਖਾੜਕੂ) ਅਤੇ ਹੋਰ ਸਰਦਾਰ ਪਾਤਰ ਆਉਂਦੇ ਹਨ। ਰਵੀ ਚੋਪੜਾ ਦੀ ਫ਼ਿਲਮ 'ਬਾਗ਼ਬਾਨ' (2003) ਵਿੱਚ ਅਸਰਾਨੀ (ਬੇਦੀ) ਦਾ ਵੀ ਅਹਿਮ ਪਾਤਰ ਹੈ। ਅਨਿਲ ਸ਼ਰਮਾ ਦੀ ਫ਼ਿਲਮ 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ' (2004) ਵਿੱਚ ਅਮਿਤਾਭ ਬੱਚਨ (ਮੇਜਰ ਜਨਰਲ ਅਮਰਜੀਤ ਸਿੰਘ) ਅਤੇ ਬੌਬੀ ਦਿਓਲ (ਲੈਫਟੀਨੈਂਟ ਵਿਕਰਮਜੀਤ ਸਿੰਘ) ਨੇ ਵੀ ਪੱਗ ਦੀ ਅਹਿਮੀਅਤ ਬਰਕਰਾਰ ਰੱਖੀ ਹੈ। ਇਸ ਤੋਂ ਇਲਾਵਾ ਯਸ਼ ਚੋਪੜਾ ਦੀ ਫ਼ਿਲਮ 'ਵੀਰ ਜ਼ਾਰਾ' (2004) ਵਿੱਚ ਦਰਸ਼ਨ ਔਲਖ, ਮਨੀ ਸ਼ੰਕਰ ਦੀ 'ਟੈਂਗੋ ਚਾਰਲੀ' (2005) ਵਿੱਚ ਜਸਬੀਰ ਗਿੱਲ ਵੀ ਵਧੀਆ ਨਿਭੇ ਹਨ।

ਰਾਹੁਲ ਰਵੇਲ ਦੀ ਫ਼ਿਲਮ 'ਜੋ ਬੋਲੇ ਸੋ ਨਿਹਾਲ' (2005) ਕਾਫੀ ਵਿਵਾਦਿਤ ਰਹੀ ਸੀ। ਇਸ ਫ਼ਿਲਮ ਦਾ ਨਾਂਅ ਹੀ ਧਾਰਮਿਕਤਾ ਦਾ ਭੁਲੇਖਾ ਪਾਉਂਦਾ ਹੈ, ਪਰ ਇਹ ਆਮ ਮਸਾਲਾ ਫ਼ਿਲਮ ਹੀ ਸੀ। ਇਸ ਵਿੱਚ ਸੰਨੀ ਦਿਓਲ (ਨਿਹਾਲ ਸਿੰਘ), ਸੁਰਿੰਦਰ ਪਾਲ (ਬਲਵੰਤ ਸਿੰਘ) ਅਤੇ ਰਾਜਿੰਦਰ ਸਿੰਘ ਦੇ ਰੂਪ ਵਿੱਚ ਅਰੁਣ ਬਖਸ਼ੀ ਵੀ ਛਾਪ ਛੱਡਦਾ ਹੈ। ਦੂਜੇ ਪਾਸੇ ਰਾਜ ਕੁਮਾਰ ਹਿਰਾਨੀ ਦੀ ਫ਼ਿਲਮ 'ਲਗੇ ਰਹੋ ਮੁੰਨਾ ਭਾਈ' (2006) ਵਿੱਚ ਬੋਮਨ ਇਰਾਨੀ (ਲੱਕੀ ਸਿੰਘ) ਨਕਾਰਾਤਮਿਕ ਕਿਰਦਾਰ ਨਿਭਾਉਂਦਾ ਹੈ।

## ਹਾਸਰਸ ਕਲਾਕਾਰ, ਲੇਖਕ ਤੇ ਨਿਰਦੇਸ਼ਕ ਵਜੋਂ ਪਛਾਣ ਬਣਾਉਣ ਵਾਲਾ ਰਾਣਾ ਰਣਬੀਰ

ਰਜਨੀ ਭਗਾਣੀਆ





ਹਾਸਰਸ ਕਲਾਕਾਰ, ਲੇਖਕ ਤੇ ਨਿਰਦੇਸ਼ਕ ਵਜੋਂ ਪਛਾਣ ਬਣਾਉਣ ਵਾਲੇ ਰਾਣਾ ਰਣਬੀਰ ਦਾ ਜਨਮ 9 ਅਪਰੈਲ 1970 ਨੂੰ ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਮਾਸਟਰ ਮੋਹਨ ਸਿੰਘ ਦੇ ਘਰ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਗ੍ਰੈਜੂਏਸ਼ਨ ਦੇਸ਼ ਭਗਤ ਕਾਲਜ ਧੂਰੀ ਤੋਂ ਤੇ ਥੀਏਟਰ ਅਤੇ ਟੈਲੀਵਿਜ਼ਨ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ।

ਜ਼ਿਆਦਾਤਰ ਇਹ ਹੁੰਦਾ ਹੈ ਕਿ ਜੋ ਜਿਸ ਖੇਤਰ ਵਿੱਚ ਕਾਮਯਾਬ ਹੁੰਦਾ ਹੈ ਉਹ ਉਸ ਦਾ ਸ਼ੌਕ ਜ਼ਰੂਰ ਰੱਖਦਾ ਹੈ, ਪਰ ਰਾਣਾ ਰਣਬੀਰ ਨਾਲ ਅਜਿਹਾ ਨਹੀਂ ਸੀ। ਉਸ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ ਜੋ ਦੂਜਿਆਂ ਦੇ ਰੰਗ ਰੂਪ, ਕੱਦ ਕਾਠ, ਸਰੀਰਕ ਬਣਤਰ ਨੂੰ ਲੈ ਕੇ ਮਜ਼ਾਕ ਕਰਦੇ ਰਹਿੰਦੇ ਹਨ। ਉਹ ਸਕੂਲ ਸਮੇਂ ਤੋਂ ਹੀ ਆਪਣੇ ਛੋਟੇ ਕੱਦ-ਕਾਠ ਕਾਰਨ ਹਾਸੇ ਦਾ ਪਾਤਰ ਰਿਹਾ। ਸਕੂਲ ਵਿੱਚ ਉਸ ਦਾ ਮਜ਼ਾਕ ਉਡਾਇਆ ਜਾਂਦਾ ਤੇ ਕਾਲਜ ਵਿੱਚ ਵੀ ਇਹੀ ਸਿਲਸਿਲਾ ਜਾਰੀ ਰਿਹਾ। ਉਹ ਅਕਸਰ ਆਪਣੇ ਆਂਢ-ਗੁਆਂਢ, ਸਕੂਲ ਅਧਿਆਪਕਾਂ, ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਆਪਣੇ ਛੋਟੇ ਕੱਦ ਕਾਰਨ ਕਈ ਗੱਲਾਂ ਸੁਣਦਾ ਜੋ ਉਸ ਨੂੰ ਜ਼ਿੰਦਗੀ ਵਿੱਚ ਬਹੁਤ ਵੱਡੀ ਕਮੀ ਹੋਣ ਦਾ ਅਹਿਸਾਸ ਕਰਾਉਂਦੇਰਹੇ। ਨਤੀਜੇ ਵਜੋਂ ਉਸ ਦਾ ਪੜ੍ਹਾਈ ਵਿੱਚ ਮਨ ਨਹੀਂ ਸੀ ਲੱਗਦਾ।

ਇਨ੍ਹਾਂ ਗੱਲਾਂ ਦਾ ਸਾਹਮਣਾ ਕਰਦੇ ਜਦੋਂ ਕਾਲਜ ਦੀ ਸ਼ੁਰੂਆਤ ਕੀਤੀ ਤਾਂ ਇਹ ਸਿਲਸਿਲਾ ਹੋਰ ਜ਼ਿਆਦਾ ਵਧ ਗਿਆ। ਕਦੇ ਮੁੰਡੇ ਉਸ ਨੂੰ ਕੱਛ ਵਿੱਚ ਲੈ ਕੇ ਗੱਲ ਕਰਦੇ ਤੇ ਕੋਈ ਬਚੀ, ਬੌਣਾ ਜਿਹਾ, ਤੂੰ ਖੜ੍ਹਾ ਕਿ ਬੈਠਾ, ਤੂੰ ਤਾਂ ਦਿਸਦਾ ਈ ਨ੍ਹੀਂ ਇਸ ਤਰ੍ਹਾਂ ਦੀਆਂ ਗੱਲਾਂ ਨੇ ਉਸ ਨੂੰ ਇਹ ਮਹਿਸੂਸ ਕਰਵਾਇਆ ਕਿ ਉਹ ਸ਼ਾਇਦ ਇਸ ਦੁਨੀਆ ਲਈ ਨਹੀਂ ਬਣਿਆ। ਇੱਥੋਂ ਤੱਕ ਕਿ ਲੋਕਾਂ ਦੀਆਂ ਗੱਲਾਂ ਤੋਂ ਤੰਗ ਆ ਕੇ ਰਾਣੇ ਨੇ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਬਣਾ ਲਿਆ ਸੀ ਕਿ ਨਾ ਕਿਸੇ ਨਾਲ ਬੋਲਣਾ ਨਾ ਖੇਡਣਾ ਬਸ ਚੁੱਪ ਚਾਪ ਜਿਹੇ ਤੇ ਗੁੱਸੇ ਵਿੱਚ ਰਹਿਣਾ। ਇਹ ਸਭ ਚੱਲ ਰਿਹਾ ਸੀ ਤਾਂ ਇੱਕ ਦਿਨ ਕੁਝ ਵਿਦਿਆਰਥੀਆਂ ਦੇ ਮਜ਼ਾਕ ਤੋਂ ਬਚਣ ਲਈ ਰਾਣਾ ਲਾਇਬ੍ਰੇਰੀ ਵਾਲੇ ਕਮਰੇ ਵਿੱਚ ਜਾ ਵੜਿਆ। ਉਸ ਦੀ ਨਜ਼ਰ ਲਾਇਬ੍ਰੇਰੀ ਵਿੱਚ ਪਈ ਕਿਤਾਬ 'ਪੂਰਨਮਾਸ਼ੀ' (ਜਸਵੰਤ ਸਿੰਘ ਕੰਵਲ ਦਾ ਨਾਵਲ) 'ਤੇ ਪਈ ਤੇ ਇਹ ਨਾਵਲ ਰਾਣੇ ਨੇ ਪੜ੍ਹਨ ਲਈ ਰੱਖ ਲਿਆ। ਇਸ ਨੂੰ ਪੜ੍ਹਨ ਨਾਲ ਉਸ ਨੂੰ ਬਹੁਤ ਆਤਮ-ਵਿਸ਼ਵਾਸ ਮਿਲਿਆ, ਜਿਵੇਂ ਉਸ ਨੂੰ ਜਿਊਣ ਦਾ ਹੌਸਲਾ ਮਿਲ ਗਿਆ ਹੋਵੇ। ਉਸ ਤੋਂ ਬਾਅਦ ਉਸ ਨੇ ਕਿਤਾਬਾਂ ਦਾ ਲੜ ਫੜ ਲਿਆ ਤੇ ਹੋਰ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਕਿਤਾਬਾਂ ਨੇ ਉਸ ਨੂੰ ਆਪਣੇ ਪ੍ਰਤੀ ਵਿਸ਼ਵਾਸ ਪੈਦਾ ਕਰਨ ਵਿੱਚ ਬਹੁਤ ਮਦਦ ਕੀਤੀ।

ਕਿਤਾਬਾਂ ਤੋਂ ਮਿਲੇ ਆਤਮ-ਵਿਸ਼ਵਾਸ ਰਾਹੀਂ ਉਸ ਨੇ ਪਹਿਲੀ ਵਾਰ ਕਾਲਜ ਦੇ ਯੂਥ ਫੈਸਟੀਵਲ ਵਿੱਚ ਹਿੱਸਾ ਲਿਆ ਤੇ 'ਅੰਨ੍ਹੇ ਨਿਸ਼ਾਨਚੀ' ਨਾਟਕ ਖੇਡਿਆ। ਇਸ ਨਾਟਕ ਨੂੰ ਖੇਡਣ ਮਗਰੋਂ ਉਸ ਨੂੰ ਬਹੁਤ ਹੌਸਲਾ ਅਫ਼ਜ਼ਾਈ ਮਿਲੀ। ਉਸ ਤੋਂ ਬਾਅਦ ਉਹ ਅੱਗੇ ਵਧਿਆ ਤੇ ਬਹੁਤ ਸਾਰੇ ਮਸ਼ਹੂਰ ਹਾਸਰਸ ਕਲਾਕਾਰਾਂ ਨਾਲ 65 ਦੇ ਕਰੀਬ ਨਾਟਕ ਲਿਖੇ ਵੀ ਤੇ ਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਖੇਡੇ। ਉਸ ਦੇ ਲਿਖੇ ਕੁਝ ਸਟੇਜ ਨਾਟਕ ਹਨ, 'ਜ਼ਿੰਦਗੀ ਜ਼ਿੰਦਾਬਾਦ', 'ਜਸਮਾ ਓੜਨ', 'ਆਲ੍ਹਾ ਅਫ਼ਸਰ', 'ਅਖੀਰ ਕਦੋਂ ਤੱਕ', 'ਖੇਤਾਂ ਦਾ ਪੁੱਤ' ਅਤੇ 'ਗੁੱਡ ਮੈਨ ਦੀ ਲਾਲਟੈਣ' ਆਦਿ। ਇਨ੍ਹਾਂ ਦੇ ਇਲਾਵਾ ਲਘੂ ਫਿਲਮਾਂ ਵਿੱਚ 'ਖਿੱਚ ਘੁੱਗੀ ਖਿੱਚ', 'ਰਾਂਝਾ ਕਹਿੰਦਾ ਟੈਂਸ਼ਨ ਨ੍ਹੀਂ ਲੈਣੀ', 'ਮਿੱਠੀ', 'ਵਾਏ ਤੇ ਉਲਫ਼ਤ' ਅਤੇ ਟੀਵੀ ਲੜੀਵਾਰਾਂ ਵਿੱਚ 'ਪਰਛਾਵੇ', 'ਚਿੱਟਾ ਲਹੂ' ਅਤੇ 'ਪ੍ਰੋਫੈਸਰ ਮਨੀ ਪਲਾਂਟ' ਦੇ ਨਾਮ ਸ਼ਾਮਲ ਹਨ।

ਟੈਲੀਵਿਜ਼ਨ 'ਤੇ ਆਉਣ ਦਾ ਮੌਕਾ ਉਸ ਨੂੰ 2000 'ਚ ਆਏ ਭਗਵੰਤ ਮਾਨ ਦੇ ਹਾਸਰਸ ਸ਼ੋਅ 'ਜੁਗਨੂੰ ਮਸਤ ਮਸਤ' ਤੇ 'ਨੌਟੀ ਨੰ. 1' ਵਿੱਚ ਹਿੱਸਾ ਲੈ ਕੇ ਮਿਲਿਆ। ਉਸ ਨੇ 'ਚਿੱਟਾ ਲਹੂ' ਅਤੇ 'ਪਰਛਾਵੇਂ' ਵਰਗੇ ਟੈਲੀਵਿਜ਼ਨ ਪ੍ਰੋਗਰਾਮਾਂ ਵਿੱਚ ਵੀ ਕੰਮ ਕੀਤਾ। ਇਸ ਤਰ੍ਹਾਂ ਉਸ ਦੇ ਹੁਨਰ ਨੂੰ ਪਛਾਣ ਮਿਲੀ ਤੇ ਉਸ ਦਾ ਫਿਲਮੀ ਸਫ਼ਰ ਸ਼ੁਰੂ ਹੋਇਆ। ਇਸ ਵਿੱਚ 'ਰੱਬ ਨੇ ਬਣਾਈਆਂ ਜੋੜੀਆਂ', 'ਮੇਰਾ ਪਿੰਡ', 'ਲੱਗਦੇ ਇਸ਼ਕ ਹੋ ਗਿਆ',

**(ਬਾਕੀ ਸਫ਼ਾ 31 'ਤੇ)**

## ਬੇਅਦਬੀ ਤੇ ਬੰਦੀ ਸਿੱਖਾਂ ਦੀ ਰਿਹਾਈ

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਦਾ ਕਹਿਣਾ ਕਿ ਪੰਜਾਬ ਗੁਰੂਆਂ ਦੇ ਨਾਮ ਵਸਦਾ ਹੈ। ਗੁਰੂ ਦੇ ਓਟ ਆਸਰੇ ਨਾਲ ਹੀ ਨਸ਼ਾ ਖਤਮ ਹੋ ਸਕਦਾ ਹੈ, ,ਸਾਡੀ ਮੁਕਤੀ ਸੰਭਵ ਹੈ, ਪਰ ਸਾਨੂੰ ਸਿੱਖਾਂ ਨੂੰ ਪੰਜਾਬੀਆਂ ਦਾ ਸਮਰਥਣ ਲੈ ਕੇ ਗੁਰੂ ਦੇ ਹੁਕਮ ਅਨੁਸਾਰ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਸਫਾਂ ਵਿਛਾ ਕੇ ਆਦਰਸ਼ਵਾਦੀ ਰਾਜਨੀਤੀ ਤਹਿਤ ਆਪਣਾ ਮਜਬੂਤ ਸੰਗਠਨ ਸਿਰਜਕੇ ਪੰਜਾਬ ਤੇ ਪੰਥ ਦੀ ਅਗਵਾਈ ਕਰਨ ਦੀ ਲੋੜ ਹੈ। ਗੁਰੂ ਦੇ ਰਾਹ ਉੱਪਰ ਚੱਲਣ ਵਾਲਿਆਂ ਦਾ ਰਾਜਨੀਤਕ ਉਭਾਰ ਹੀ ਪੰਥਕ ਸਮੱਸਿਆਵਾਂ ਤੇ ਪੰਜਾਬ ਦੀਆਂ ਸਮੱਸਿਆਵਾਂ ਦਾ ਹਲ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਥਕ ਮੁੱਦੇ ਲੋਕ ਮਨਾਂ ਵਿੱਚ ਜੀਉਂਦੇ ਹਨ। ਸਰਕਾਰਾਂ ਨੂੰ ਇਹ ਮੁੱਦੇ ਪਹਿਲ ਦੇ ਆਧਾਰ ਉੱਪਰ ਹਲ ਕਰਨੇ ਚਾਹੀਦੇ ਹਨ।

ਅਕਾਲੀ ਦਲ ਦਾ ਇਨ੍ਹਾਂ ਚੋਣਾਂ ਵਿੱਚ ਨਾਮੋ ਨਿਸ਼ਾਨ ਮਿਟਣਾ ਇਸ ਗੱਲ ਦਾ ਇਸ਼ਾਰਾ ਹੈ ਕਿ ਸਿੱਖ ਪੰਥ ਦੀ ਲੀਡਰਸ਼ਿਪ ਸਿਧਾਂਤਹੀਣ ਤੇ ਗੈਰਤਹੀਣ ਹੋ ਜਾਵੇ ਤਾਂ ਸੰਗਤ ਵਿਚੋਂ ਹਮੇਸਾਂ ਸ਼ਾਮ ਸਿੰਘ ਅਟਾਰੀ,ਬਾਬਾ ਬਿਕਰਮ ਸਿੰਘ ਬੇਦੀ, ਬਾਬਾ ਮਹਾਰਾਜ ਸਿੰਘ, ਦੀਵਾਨ ਮੂਲ ਰਾਜ, ਜਵਾਹਰ ਸਿੰਘ ਨਲਵਾ, ਰਾਮ ਸਿੰਘ ਪਠਾਣੀਆ ਵਾਂਗ ਨਾਇਕ ਉਠ ਖੜਦੇ ਹਨ। ਉਹੀ ਅਗਵਾਈ ਕਰਦੇ ਹਨ। ਟਟੀਹੀਰੀਆਂ ਨੂੰ ਭੁਲੇਖਾ ਹੈ ਕਿ ਅੰਬਰ ਉਸਦੀਆਂ ਟੰਗਾਂ ਉਪਰ ਖਲੋਤਾ ਹੈ। ਅਜਿਹੀ ਰਾਜਨੀਤਕ ਈਗੋ ਹਮੇਸ਼ਾ ਭਸਮ ਹੋ ਜਾਂਦੀ ਹੈ। ਸਤਿਗੁਰੂ ਨਾਨਕ ਜੀ ਦਾ ਬਚਨ ਹੈ ਕਿ ਸੱਚਾ ਪਾਤਸ਼ਾਹ ਕੀੜੇ ਵਰਗੀ ਜੂਨ ਭੋਗ ਰਹੇ ਸਾਧਾਰਨ ਮਨੁੱਖਾਂ ਨੂੰ ਬਾਦਸ਼ਾਹੀ (ਤਖ਼ਤ) ਉੱਤੇ ਥਾਪ ਦੇਂਦਾ ਹੈ (ਬਿਠਾ ਦੇਂਦਾ ਹੈ) ,(ਤੇ ਹੰਕਾਰੀ ਬਾਦਸ਼ਾਹਾਂ ਦੇ) ਲਸ਼ਕਰਾਂ ਨੂੰ ਮਿਟੀ ਵਿੱਚ ਰੋਲ ਦਿੰਦਾ ਹੈ। ਇਹ ਰੱਬੀ ਸੱਚ ਹੈ ਜਿਸਨੂੰ ਉਲਟਾਇਆ ਨਹੀਂ ਜਾ ਸਕਦਾ। ਇਹ ਸਾਰੇ ਸੰਸਾਰ ਵਿੱਚ ਵਾਪਰ ਰਿਹਾ ਹੈ। ਰਾਜਨੀਤੀ ਉਹੀ ਹੈ ਜੋ ਰੱਬੀ ਸੱਚ ਨੂੰ ਸਮਰਪਿਤ ਹੋਵੇ ਤੇ ਲੋਕ ਪੱਖੀ ਹੋਵੇ। ਸਤਿਗੁਰੂ ਨਾਨਕ ਦਾ ਹੁਕਮ ਹੈ-

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥

ਪੰਜਾਬ ਵਿੱਚ ਸਿੱਖਾਂ ਬਾਰੇ ਕਿਹਾ ਜਾਂਦਾ ਹੈ ਕਿ ਸਿੱਖ ਜਾਤੀਪ੍ਰਸਤ ਹਨ। ਪਰ ਸਰਬਜੀਤ ਸਿੰਘ ਜੋ ਐਸਟੀ ਕੈਟਾਗਿਰੀ ਵਿੱਚ ਹਨ, ਉਹ ਸਿੱਖ ਪੰਥ ਨੇ ਕਿਵੇਂ ਜਿਤਾ ਦਿਤੇ ? ਸਿੱਖਾਂ ਨੇ ਉਸਦੀ ਰਾਜਨੀਤਕ ਅਗਵਾਈ ਕਿਉਂ ਮੰਨੀ ? ਇਸ ਗੱਲ ਦਾ ਸਿੱਖ ਵਿਰੋਧੀਆਂ ਕੋਲ ਕੋਈ ਜਵਾਬ ਨਹੀਂ। ਇਹ ਵੱਖਰੀ ਗਲ ਹੈ ਕਿ ਇਹ ਸਿੱਖ ਭਾਵਨਾਵਾਂ ਉੱਪਰ ਖਰੇ ਉਤਰ ਸਕਣ ਜਾਂ ਨਾ। ਸਿੱਖ ਪੰਥ ਦਾ ਪਾਤਸ਼ਾਹ ,ਬਾਦਸ਼ਾਹ ਸਤਿਗੁਰੂ ਹੈ, ਉਸਦਾ ਹੀ ਹੁਕਮ ਵਜਾਉਂਦੇ ਹਨ। ਭਾਰਤ ਵਿੱਚ ਸਿੱਖ ਹੀ ਅਜਿਹਾ ਪੰਥ ਹੈ ਜਿਸ ਵਿੱਚ ਜਾਤੀਵਾਦੀ ਮੂਰਖ ਬਹੁਤ ਘੱਟ ਹਨ।

## ਕਿਥੋਂ ਤੱਕ ਜਾਵੇਵੀ ਕੰਗਨਾ ਦੇ ਮੂੰਹ 'ਤੇ ਵੱਜੇ

ਕੁਲਵਿੰਦਰ ਕੌਰ ਨੂੰ ਸੋਸ਼ਲ ਮੀਡੀਆ 'ਤੇ ਪੰਜਾਬੀਆਂ, ਦੇਸ ਦੇ ਕਿਸਾਨਾਂ, ਭਾਜਪਾ ਵਿਰੋਧੀਆਂ ਵਲੋਂ ਭਰਵੀਂ ਹਮਾਇਤ ਮਿਲ ਰਹੀ ਹੈ। ਬਠਿੰਡਾ ਤੋਂ ਅਕਾਲੀ ਦਲ ਦੀ ਟਿਕਟ ਉੱਤੇ ਸਾਂਸਦ ਚੁਣੀ ਗਈ ਹਰਸਿਮਰਤ ਕੌਰ ਬਾਦਲ, ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਭਾਰਤੀ ਕਿਸਾਨ ਯੂਨੀਅਨ ਆਗੂ ਰਾਕੇਸ਼ ਟਿਕੈਤ, ਪੰਜਾਬ ਕਾਂਗਰਸ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਵੱਖ- ਵੱਖ ਬਿਆਨਾਂ ਵਿੱਚ ਕਿਹਾ ਕਿ ਪੰਜਾਬੀਆਂ ਨੂੰ ਬਦਨਾਮ ਕਰਨ ਵਾਲੀ ਕੰਗਨਾ ਨੂੰ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਹਰ ਤਰ੍ਹਾਂ ਨਾਲ ਕੁਲਵਿੰਦਰ ਕੌਰ ਨਾਲ ਖੜ੍ਹੇ ਹਨ ਪਰ ਉਸਨੂੰ ਨੌਕਰੀ ਤੋਂ ਬਰਖ਼ਾਸਤ ਕਰਨਾ ਠੀਕ ਨਹੀਂ।

ਕੁਲਵਿੰਦਰ ਦੇ ਮਾਤਾ ਬੀਰ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਧੀ ਨੇ ਜੋ ਕੀਤਾ ਠੀਕ ਕੀਤਾ ਹੈ। ਬੀਰ ਕੌਰ ਨੇ ਕਿਸਾਨੀ ਧਰਨੇ ਬਾਰੇ ਕੰਗਨਾ ਰਣੌਤ ਵੱਲੋਂ ਵਰਤੇ ਗਏ ਸ਼ਬਦਾਂ 'ਤੇ ਇਤਰਾਜ਼ ਜ਼ਾਹਰ ਕਰਦਿਆਂ ਕਿਹਾ ਕਿ ਕਦੀ ਇਹ ਕਹਿ ਦੇਣਾ ਕੇ ਇਹ 100 ਰੁਪਿਆ ਲੈ ਕੇ ਧਰਨੇ ਉੱਤੇ ਜਾਂਦੀਆਂ ਹਨ ਤੇ ਕਦੀ ਇਹ ਕਹਿ ਦੇਣ ਕਿ ਇਹ ਦੁੱਕੀ ਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਆਪਣਾ ਹੱਕ ਲੈਣ ਜਾਂਦੀਆਂ ਸੀ, ਆਪਣੀ ਜਾਇਦਾਦਾਂ ਵਾਸਤੇ ਜਾਂਦੀਆਂ ਸੀ। ਅਸੀਂ ਆਪਣੇ ਬੱਚਿਆਂ ਦੇ ਭਵਿੱਖ ਲਈ ਜਾਂਦੀਆਂ ਸੀ। ਕੁਲਵਿੰਦਰ ਦੇ ਭਰਾ ਸ਼ੇਰ ਸਿੰਘ ਨੇ ਕਿਹਾ ਕਿ ਸਾਨੂੰ ਆਪਣੀ ਭੈਣ ਉੱਤੇ ਮਾਣ ਹੈ।

ਸੁਪ੍ਰੀਮ ਕੋਰਟ ਦੇ ਸਾਬਕਾ ਸਹਾਇਕ ਅਟਾਰਨੀ ਜਨਰਲ ਦਵਿੰਦਰ ਪ੍ਰਤਾਪ ਸਿੰਘ ਨੇ ਕੁਲਵਿੰਦਰ ਕੌਰ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਚੰਡੀਗੜ੍ਹ ਦੇ ਇੱਕ ਵਪਾਰੀ ਸ਼ਿਵਰਾਜ ਸਿੰਘ ਬੈਂਸ ਨੇ ਆਪਣੀ ਵੀਡੀਓ ਵਾਇਰਲ ਕਰਕੇ ਸੀ.ਆਈ.ਐਸ.ਐਫ. ਗਾਰਡ ਕੁਲਵਿੰਦਰ ਕੌਰ ਨੂੰ 1 ਲੱਖ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਹੈ।

ਦੂਜੇ ਪਾਸੇ ਭਗਵੇਂਵਾਦੀ ਲੋਕ ਕੰਗਨਾ ਰਣੌਤ ਨੂੰ ਆਪਣੀ ਨਾਇਕਾ ਵਜੋਂ ਪੇਸ਼ ਕਰ ਰਹੇ ਹਨ ਤੇ ਉਸ ਦਾ ਪੱਖ ਵੀ ਪੂਰ ਰਹੇ ਹਨ। ਇਨ੍ਹਾਂ ਵਿੱਚ ਫਿਲਮ ਜਗਤ ਦੀਆਂ ਉੱਘੀਆਂ ਹਸਤੀਆਂ ਵੀ ਸ਼ਾਮਿਲ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਗੁੱਸਾ ਜ਼ਾਹਿਰ ਕਰਨ ਲਈ ਹਿੰਸਾ ਦਾ ਰਾਹ ਫੜਨਾ ਠੀਕ ਨਹੀਂ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕਰਨਾਲ ਤੋਂ ਲੋਕ ਸਭਾ ਮੈਂਬਰ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸੁਰੱਖਿਆ ਏਜੰਸੀਆਂ ਦਾ ਕੰਮ ਸੁਰੱਖਿਆ ਕਰਨਾ ਹੈ। ਉਨ੍ਹਾਂ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਜਨਤਕ ਭਾਵਨਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਵੱਖ- ਵੱਖ ਸਿੱਖ ਆਗੂ ਕਹਿ ਰਹੇ ਹਨ ਕਿ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਸਿੱਖ ਅੱਤਵਾਦੀ ਨਹੀਂ ਹਨ। ਸਿੱਖਾਂ ਦੀ ਦੇਸ਼ ਭਗਤੀ ਅਤੇ ਸੂਰਬੀਰਤਾ ਦੀਆਂ ਗੱਲਾਂ ਤਾਂ ਵਿਦੇਸ਼ਾਂ ਦੇ ਸਕੂਲਾਂ ਵਿੱਚ ਵੀ ਉਥੋਂ ਦੇ ਬੱਚਿਆਂ ਨੂੰ ਪੜਾਈਆਂ ਜਾਂਦੀਆਂ ਹਨ। ਪੂਰੀ ਦੁਨੀਆਂ ਵਿੱਚ ਹੀ ਸਿੱਖਾਂ ਨੂੰ ਵਿਸ਼ੇਸ਼ ਮਾਣ ਸਤਿਕਾਰ ਦਿੱਤਾ ਜਾਂਦਾ ਹੈ। ਸਿੱਖਾਂ ਨੂੰ ਕਿਸੇ ਤੋਂ ਦੇਸ਼ ਭਗਤੀ ਦਾ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਇਹ ਮਾਮਲਾ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੰਗਨਾ ਨੂੰ ਵੱਜੇ ਥੱਪੜ ਦੀ ਗੂੰਜ ਕਿਥੇ ਤੱਕ ਪਹੁੰਚੇਗੀ ?

***

## ਜੂਨ '84 ਘੱਲੂਘਾਰੇ ਦੀ ਵਰ੍ਹੇਗੰਢ ਮੌਕੇ

ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਨੇ ਨੌਜਵਾਨਾਂ ਨੂੰ ਕੇਸਾਂ ਨੂੰ ਕਤਲ ਨਾ ਕਰਨ ਅਤੇ ਗੁਰੂ ਵਾਲੇ ਬਣਨ ਦੀ ਵੀ ਪੁਰਜ਼ੋਰ ਅਪੀਲ ਕੀਤੀ।

ਇਸ ਮੌਕੇ ਜਦੋਂ ਸਿਮਰਨਜੀਤ ਸਿੰਘ ਮਾਨ ਤੇ ਭਾਈ ਧਿਆਨ ਸਿੰਘ ਮੰਡ ਸੰਬੋਧਨ ਕਰ ਰਹੇ ਸਨ ਤਾਂ ਪ੍ਰਬੰਧਕਾਂ ਵੱਲੋਂ ਅਕਾਲ ਤਖ਼ਤ ਵਿਖੇ ਚੱਲ ਰਹੇ ਕੀਰਤਨ ਦੀ ਆਵਾਜ਼ ਨੂੰ ਉੱਚਾ ਕਰ ਦਿੱਤਾ ਗਿਆ, ਜਿਸ ਕਾਰਨ ਦੋਵਾਂ ਸਿੱਖ ਆਗੂਆਂ ਦੀ ਆਵਾਜ਼ ਸੰਗਤ ਤੱਕ ਨਹੀਂ ਪੁੱਜੀ।

ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਗੁਰਦੁਆਰਾ ਸ਼ਹੀਦੀ ਯਾਦਗਾਰ ਨੇੜੇ ਆਪਣੇ ਸੰਦੇਸ਼ ਰਾਹੀਂ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਖ਼ਾਲਸਾ ਪੰਥ ਦੇ ਸਾਰੇ ਧੜਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੌਮ ਦੇ ਵਡੇਰੇ ਹਿਤਾਂ ਨੂੰ ਧਿਆਨ ਵਿੱਚ ਰੱਖਦਿਆਂ, ਨਿੱਜੀ ਹਉਮੈ ਨੂੰ ਤਿਆਗ ਕੇ ਇੱਕ ਮਜ਼ਬੂਤ ਸ਼ਕਤੀ ਦੀ ਹੋਂਦ ਬਣਾਈਏ।

ਸਮਾਗਮ ਉਪਰੰਤ ਗੁਰਦੁਆਰਾ ਥੜ੍ਹਾ ਸਾਹਿਬ ਨੇੜੇ ਸੰਬੋਧਨ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਘੱਲੂਘਾਰੇ ਦੇ ਲਈ ਕਾਂਗਰਸ ਦੇ ਨਾਲ ਭਾਜਪਾ, ਸੀ.ਪੀ.ਆਈ. ਅਤੇ ਸੀ.ਪੀ.ਐੱਮ. ਨੂੰ ਬਰਾਬਰ ਦਾ ਜ਼ਿੰਮੇਵਾਰ ਦੱਸਿਆ। ਉਨ੍ਹਾਂ ਹਾਲ ਹੀ ਵਿੱਚ ਚੁਣੇ ਗਏ ਦੋਵੇਂ ਨਵੇਂ ਪੰਥਕ ਸੰਸਦ ਮੈਂਬਰਾਂ ਨੂੰ ਕਿਹਾ ਕਿ ਉਹ ਵੀ ਸਿੱਖ ਕੌਮ 'ਤੇ ਹੋਣ ਵਾਲੇ ਜਬਰ ਦਾ ਮੁੱਦਾ ਸੰਸਦ ਵਿੱਚ ਰੱਖਣ।

ਸਿੱਖ ਸੰਸਥਾ ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਜੂਨ 1984 ਦੇ ਜ਼ਖ਼ਮ ਅੱਜ ਵੀ ਅੱਲੇ ਹਨ ਅਤੇ ਪੀੜ ਅਜੇ ਵੀ ਸੱਜਰੀ ਹੈ । ਇਸ ਲਈ ਸਿੱਖ ਕੌਮ ਭਾਰਤੀ ਹਕੂਮਤ ਨੂੰ ਕਦੇ ਮੁਆਫ਼ ਨਹੀਂ ਕਰੇਗੀ। ਦਲ ਖਾਲਸਾ ਵੱਲੋਂ ਅੰਮ੍ਰਿਤਸਰ ਬੰਦ ਦੇ ਦਿੱਤੇ ਸੱਦੇ ਦੇ ਤਹਿਤ ਸ਼ਹਿਰ ਵਿੱਚ ਲਗਪਗ ਮੁਕੰਮਲ ਬੰਦ ਰਿਹਾ।

ਇਸ ਸਮਾਗਮ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜਥੇਦਾਰ ਗਿਆਨੀ ਸੁਲਤਾਨ ਸਿੰਘ, ਬੁੱਢਾ ਦਲ ਦੇ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ, ਨਿਹੰਗ ਜਥੇਬੰਦੀ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਜਥੇਦਾਰ ਬਾਬਾ ਅਵਤਾਰ ਸਿੰਘ ਸੁਰ ਸਿੰਘ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਬੇਟੇ ਭਾਈ ਈਸ਼ਰ ਸਿੰਘ, ਗਿਆਨੀ ਮਲਕੀਤ ਸਿੰਘ ਵਰਪਾਲ, ਭਾਈ ਜਸਬੀਰ ਸਿੰਘ ਰੋਡੇ, ਗਿਆਨੀ ਕੇਵਲ ਸਿੰਘ, ਸਿਮਰਨਜੀਤ ਸਿੰਘ ਮਾਨ, ਬਾਬਾ ਬਲਜੀਤ ਸਿੰਘ ਦਾਦੂਵਾਲ, ਦਲ ਖ਼ਾਲਸਾ ਆਗੂ ਕੰਵਰਪਾਲ ਸਿੰਘ ਤੇ ਪਰਮਜੀਤ ਸਿੰਘ ਮੰਡ, ਮਨਜੀਤ ਸਿੰਘ ਜੀ. ਕੇ., ਫੈਡਰੇਸ਼ਨ ਪ੍ਰਧਾਨ ਅਮਰਬੀਰ ਸਿੰਘ ਢੋਟ, ਕੰਵਰ ਚੜ੍ਹਤ ਸਿੰਘ, ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਅਤੇ ਚਾਚਾ, ਈਮਾਨ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਮੇਤ ਹੋਰ ਸ਼ਖ਼ਸੀਅਤਾਂ ਅਤੇ ਸੰਗਤਾਂ ਮੌਜੂਦ ਸਨ।

***

## ਲੇਬਰ ਪਾਰਟੀ ਨੇ ਕਿਹਾ ਕਿ

ਸਰਵੇਖਣ ਕਰਨ ਵਾਲੀ ਏਜੰਸੀ ਯੂ-ਗੋਰਮਿੰਟ ਨੇ ਇਸ ਦੇ ਭਾਰੀ ਬਹੁਮਤ ਦੀ ਭਵਿੱਖਬਾਣੀ ਕੀਤੀ ਹੈ।

ਲੇਬਰ ਪਾਰਟੀ ਦੀ ਲੀਡਰ ਐਂਜੇਲਾ ਰੇਨਰ ਨੇ ਕਿਹਾ ਕਿ ਜਿਵੇਂ ਅਸੀਂ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੀ 40ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਬਰਤਾਨੀਆ ਵੱਲੋਂ ਨਿਭਾਈ ਗਈ ਇਤਿਹਾਸਕ ਭੂਮਿਕਾ ਦੀ ਜਾਂਚ ਦੀ ਮੰਗ ਕਰਨ ਲਈ ਲੇਬਰ ਸਿੱਖ ਭਾਈਚਾਰੇ ਦੇ ਨਾਲ ਖੜ੍ਹੀ ਹੈ।

ਬਰਤਾਨੀਆ ਵਿੱਚ ਸਿੱਖਾਂ ਦੀ ਵੱਡੀ ਆਬਾਦੀ ਹੈ ਅਤੇ ਉਨ੍ਹਾਂ ਵਿਚੋਂ ਵੱਡੀ ਗਿਣਤੀ ਇਸ ਤੱਥ ਨੂੰ ਪਸੰਦ ਨਹੀਂ ਕਰੇਗੀ ਕਿ ਬ੍ਰਿਟਿਸ਼ ਸਰਕਾਰ ਨੇ ਸਾਕਾ ਨੀਲਾ ਤਾਰਾ ਦੀ ਤਿਆਰੀ ਵਿੱਚ ਭਾਰਤੀ ਫ਼ੌਜ ਦੀ ਮਦਦ ਕੀਤੀ ਸੀ। ਫਾਈਲਾਂ ਜਨਤਕ ਹੋਣ ਕਾਰਨ ਬ੍ਰਿਟਿਸ਼ ਸਰਕਾਰ ਤੋਂ ਮੁਆਫੀ ਦੀ ਮੰਗ ਵੀ ਕੀਤੀ ਜਾ ਸਕਦੀ ਹੈ। ਇਹ ਮੁੱਦਾ ਦੁਬਾਰਾ ਆਉਣ ਨਾਲ ਪੱਛਮੀ ਦੇਸ਼ਾਂ ਵਿੱਚ ਖ਼ਾਲਿਸਤਾਨੀ ਲੋਕ ਭਾਰਤ ਵਿਰੁੱਧ ਲਾਮਬੰਦ ਹੋਣਗੇ। ਇੰਦਰਾ ਗਾਂਧੀ ਨਾਲ ਜੁੜੇ ਸੰਚਾਰ ਦੇ ਵੇਰਵੇ ਕਾਂਗਰਸ ਪਾਰਟੀ ਨੂੰ ਸ਼ਰਮਸਾਰ ਕਰ ਸਕਦੇ ਹਨ।

****

## ਅਕਾਲੀ ਦਲ 'ਚ ਅੰਦਰੂਨੀ ਕਲੇਸ਼ ਵੱਧਿਆ,

ਅਜਿਹੇ ਆਗੂ ਹੋਰ ਪੈਦਾ ਹੋਣਗੇ ਜੋ ਪੰਥਕ ਰਾਜਨੀਤੀ ਦੀ ਸਪੇਸ ਭਰਨਗੇ।

ਕਾਂਗਰਸ ਤੋਂ ਬਾਅਦ, ਭਾਰਤੀ ਰਾਜਨੀਤੀ ਵਿੱਚ ਸਭ ਤੋਂ ਪੁਰਾਣੀ ਪਾਰਟੀ, ਅਕਾਲੀ ਦਲ ਦੀ ਭਰੋਸੇਯੋਗਤਾ ਕਦੇ ਵੀ ਇੰਨੀ ਘੱਟ ਨਹੀਂ ਹੋਈ ਜਿੰਨੀ ਅੱਜ ਹੈ। ਦੁਨੀਆਂ ਭਰ ਦੇ ਸਿੱਖ ਪੰਥ ਵਿੱਚ ਅਕਾਲੀ ਦਲ ਪ੍ਰਤੀ ਵਿਸ਼ੇਸ਼ ਸਤਿਕਾਰ ਅਤੇ ਵਿਸ਼ਵਾਸ ਦੀ ਭਾਵਨਾ ਹਮੇਸ਼ਾ ਹੀ ਬਹੁਤ ਡੂੰਘੀ ਰਹੀ ਹੈ। ਪਾਰਟੀ ਦੇ ਵੱਡੇ ਅਕਾਲੀ ਲੀਡਰਾਂ ਮਾਸਟਰ ਤਾਰਾ ਸਿੰਘ, ਗੋਪਾਲ ਸਿੰਘ ਕੌਮੀ ਤੋਂ ਲੈ ਕੇ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਹੀ ਪੂਰੀ ਦ੍ਰਿੜਤਾ ਨਾਲ ਅਕਾਲੀ ਵਿਰਾਸਤ ਨੂੰ ਸਿਰਜਿਆ ਹੈ ਅਤੇ ਹੁਣ ਸੁਖਬੀਰ ਸਿੰਘ ਬਾਦਲ ਦੇ ਸਮੇਂ ਦੌਰਾਨ ਪਾਰਟੀ ਆਪਣੀ ਹੋਂਦ ਦੇ ਸੰਕਟ ਨਾਲ ਜੂਝ ਰਹੀ ਹੈ।

****

## ਚੀਨ ਨੇ ਦੁਨੀਆਂ ਨੂੰ ਦਿਖਾਇਆ ਤਾਬੜਤੋੜ

ਉਨ੍ਹਾਂ ਨੇ ਇਸਦੇ ਵਿਰੋਧ ਵਿੱਚ ਅਸਤੀਫ਼ਾ ਦੇ ਦਿੱਤਾ। ਇਸ ਦੇ ਬਾਅਦ ਉਹ 'ਕਿਲਰ ਰੋਬੋਟ' ਨੂੰ ਰੋਕਣ ਲਈ ਇੱਕ ਮੁਹਿੰਮ ਵਿੱਚ ਲੱਗ ਗਏ। ਲੋਕਾ ਕਹਿੰਦੇ ਹਨ ਕਿ ਮਸ਼ੀਨ ਦੇ ਸਾਫ਼ਟਵੇਅਰ ਨੂੰ ਜਿੰਨਾਂ ਹਾਲਾਤ ਨਾਲ ਮੁਕਾਬਲਾ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੁੰਦਾ ਹੈ, ਜੇ ਉਨ੍ਹਾਂ ਤੋਂ ਅਲੱਗ ਸਥਿਤੀਆਂ ਸਾਹਮਣੇ ਆਉਂਦੀਆਂ ਹਨ ਤਾਂ ਹਾਲਾਤ ਬਹੁਤ ਹੀ ਅਨਿਸ਼ਚਿਤ ਜਿਹੇ ਹੋ ਸਕਦੇ ਹਨ।

ਉੱਧਰ, ਸੈਂਟਰ ਫ਼ਾਰ ਨਿਊ ਅਮੇਰੀਕਨ ਸਕਿਊਰਿਟੀ ਵਿੱਚ ਡਾਇਰੈਕਟਰ ਆਫ਼ ਤਕਨੀਕ ਪੌਲ ਸ਼ੈਰੀ ਅਜਿਹੀ ਤਕਨੀਕ ਨਾਲ ਜੁੜੇ ਵੱਖਰੇ ਪਰ ਗੰਭੀਰ ਸਵਾਲ ਖੜੇ ਕਰਦੇ ਹਨ। ਉਹ ਕਹਿੰਦੇ ਹਨ ਕਿ ਵਿਕਾਸ ਦੇ ਨਾਲ ਤਕਨੀਕ ਸਾਨੂੰ ਅਜਿਹੇ ਰਾਹ 'ਤੇ ਲਿਜਾ ਰਹੀ ਹੈ ਜਿੱਥੇ ਜ਼ਿੰਦਗੀ ਅਤੇ ਮੌਤ ਨਾਲ ਜੁੜੇ ਫ਼ੈਸਲੇ ਮਸ਼ੀਨਾਂ ਦੇ ਹਵਾਲੇ ਹੋ ਜਾਣਗੇ ਅਤੇ ਮੈਨੂੰ ਲੱਗਦਾ ਹੈ ਕਿ ਇਨਸਾਨੀਅਤ ਦੇ ਸਾਹਮਣੇ ਇਹ ਇੱਕ ਗੰਭੀਰ ਸਵਾਲ ਹੈ।ਪੌਲ ਕਹਿੰਦੇ ਹਨ ਕਿ ਪਹਿਲਾਂ ਤੋਂ ਕੀਤੀ ਗਈ ਪ੍ਰੋਗਰਾਮਿੰਗ ਜ਼ਰੀਏ ਡਰੋਨ ਖ਼ੁਦ ਹੀ ਉਡਾਨ ਭਰਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਰੋਬੋਟ ਦੇ ਕੋਲ ਕਦੀ ਵੀ ਇੰਨੀ ਬੌਧਿਕ ਸਮਰੱਥਾ ਨਹੀਂ ਹੋ ਸਕਦੀ ਕਿ ਉਹ ਜੰਗ ਦੇ ਨਾਲ ਜੁੜੇ ਰਣਨੀਤਿਕ ਅਤੇ ਜ਼ਮੀਨੀ ਖ਼ਤਰਿਆਂ ਨੂੰ ਸਮਝ ਸਕੇ। ਪੌਲ ਕਹਿੰਦੇ ਹਨ ਕਿ ਅਜਿਹਾ ਬਿਲਕੁਲ ਹੋ ਸਕਦਾ ਹੈ। ਕਿਸੇ ਵੀ ਚੀਜ਼ ਨੂੰ ਹੈਕ ਕੀਤਾ ਜਾ ਸਕਦਾ ਹੈ। ਸੈਨਾ ਵੀ ਉਸੇ ਤਰ੍ਹਾਂ ਦੇ ਅਸੁਰੱਖਿਅਤ ਕੰਪਿਊਟਰਾਂ ਦਾ ਇਸਤੇਮਾਲ ਕਰਦੀ ਹੈ ਜਿਸ ਤਰ੍ਹਾਂ ਦੇ ਸਾਰੇ ਲੋਕ ਕਰਦੇ ਹਨ। ਖ਼ੁਦ ਚਲਣ ਵਾਲੀਆਂ ਕਾਰਾਂ ਹੈਕ ਕੀਤੀਆਂ ਜਾ ਚੁੱਕੀਆਂ ਹਨ। ਅਸੀਂ ਇਹ ਦੇਖ ਚੁੱਕੇ ਹਾਂ ਕਿ ਹੈਕਰਸ ਦੂਰ ਬੈਠਕੇ ਵੀ ਕਾਰ ਦਾ ਸਟੇਅਰਿੰਗ ਅਤੇ ਬ੍ਰੇਕ ਕਾਬੂ ਕਰ ਸਕਦੇ ਹਨ। ਪਰ ਜੇ ਕੋਈ ਹੈਕਰ ਹਥਿਆਰਾਂ 'ਤੇ ਕਾਬੂ ਕਰ ਲੈਂਦਾ ਹੈ ਤਾਂ ਨੁਕਸਾਨ ਕਾਫ਼ੀ ਜ਼ਿਆਦਾ ਹੋ ਸਕਦਾ ਹੈ।

****

## ਮੋਦੀ ਦੀ ਭਗਵੀਂ ਰਾਜਨੀਤੀ ਦੇ ਅੱਥਰੇ

ਇਸ ਸਾਰੇ ਨਰਸੰਘਾਰ ਦੇ ਚਸ਼ਮਦੀਦ ਗਵਾਹ ਨਾਨਕ ਸਿੰਘ, ਜੋ ਕੁਦਰਤੀਵਸ ਇਸ ਗੋਲੀਕਾਂਡ ਵਿਚੋਂ ਬਚ ਨਿਕਲੇ ਸਨ, ਨੇ ਦੱਸਿਆ ਕਿ ਸ਼ਾਮ ਦੇ ਪੌਣੇ ਕੁ ਅੱਠ ਵਜੇ ਫ਼ੌਜੀ ਵਰਦੀ ਵਿੱਚ ਆਏ ਹਮਲਾਵਰਾਂ ਵਲੋਂ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਪਛਾਣ ਪੱਤਰ ਦੇਖਣ ਦੇ ਬਹਾਨੇ ਪਿੰਡ ਅੰਦਰ 2 ਗਰੁੱਪਾਂ ਵਿੱਚ ਵੰਡ ਕੇ ਕੰਧਾਂ ਨਾਲ ਖੜ੍ਹਾ ਕਰ ਲਿਆ ਗਿਆ। ਜਦ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਕਤਾਰਾਂ ਵਿੱਚ ਖੜੇ ਹੋ ਗਏ ਤਾਂ ਉਨ੍ਹਾਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ ।ਨਾਨਕ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਵਲੋਂ ਇੱਕ ਵਾਰ ਪਿੰਡ ਵਾਸੀਆਂ 'ਤੇ ਤਾਬੜਤੋੜ ਗੋਲੀਆਂ ਚਲਾਉਣ ਤੋਂ ਬਾਅਦ ਦੁਬਾਰਾ ਫਿਰ ਆ ਕੇ ਉਨ੍ਹਾਂ ਨੂੰ ਟਾਰਚ ਨਾਲ ਵੇਖ-ਵੇਖ ਕੇ ਗੋਲੀਆਂ ਮਾਰੀਆਂ ਗਈਆਂ ਕਿ ਉਹ ਅਜੇ ਜਿਉਂਦੇ ਹਨ ਜਾਂ ਮਰ ਗਏ। ਉਨ੍ਹਾਂ ਕਿਹਾ ਕਿ ਹਮਲਾਵਰਾਂ ਵਲੋਂ ਪਹਿਲੀ ਵਾਰ ਕੀਤੇ ਗਏ ਹਮਲੇ ਵਿੱਚ ਤਾਂ ਉਹ ਬਚ ਗਏ ਪਰ ਜਦੋਂ ਉਨ੍ਹਾਂ ਵਲੋਂ ਦੂਜੀ ਵਾਰ ਆ ਕੇ ਗੋਲੀਆਂ ਮਾਰੀਆਂ ਗਈਆਂ ਤਾਂ ਇੱਕ ਗੋਲੀ ਉਸ ਦੇ ਪੱਟ ਵਿਚ ਲੱਗ ਕੇ ਆਰ-ਪਾਰ ਹੋ ਗਈ ।ਹਮਲਾਵਰਾਂ ਨੇ ਪਿੰਡ ਵਾਸੀਆਂ ਦੇ ਵਾਹਨਾਂ ਦੇ ਟਾਇਰਾਂ ਵਿੱਚ ਵੀ ਗੋਲੀਆਂ ਮਾਰ ਦਿੱਤੀਆਂ ਤਾਂ ਕਿ ਉਹ ਕਿਸੇ ਨੂੰ ਵੀ ਹਸਪਤਾਲ ਨਾ ਲਿਜਾ ਸਕਣ ।ਪਿੰਡ ਦੀ ਬਿਜਲੀ ਪਹਿਲਾਂ ਹੀ ਬੰਦ ਸੀ ਤੇ ਉਸ ਸਮੇਂ ਮੋਬਾਈਲਾਂ ਵਰਗੇ ਸਾਧਨ ਨਹੀਂ ਸਨ। ਨਾਨਕ ਸਿੰਘ ਅਨੁਸਾਰ ਸਰਕਾਰਾਂ ਨੇ ਸਾਨੂੰ ਇਨਸਾਫ਼ ਦੀ ਥਾਂ ਲਾਰੇ ਦਿਤੇ ਹਨ। ਸਰਕਾਰਾਂ ਬਦਲਦੀਆਂ ਰਹੀਆਂ ਪਰ ਕਿਸੇ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ ।ਉਨ੍ਹਾਂ ਨੇ ਭਾਵੁਕ ਹੁੰਦਿਆਂ ਆਖਿਆ ਕਿ ਅੱਜ ਤੱਕ ਉਨ੍ਹਾਂ ਨੂੰ ਇਹ ਨਹੀਂ ਪਤਾ ਲੱਗ ਸਕਿਆ ਕਿ ਉਹ ਹਮਲਾਵਰ ਕੌਣ ਸਨ ਜਿਨ੍ਹਾਂ ਨੇ ਸਿੱਖ ਪਰਿਵਾਰਾਂ ਦਾ ਕਤਲੇਆਮ ਕੀਤਾ ਸੀ। ਇਸ ਗੋਲੀ ਕਾਂਡ ਵਿੱਚ ਨਾਨਕ ਸਿੰਘ ਦੇ ਪਰਿਵਾਰ ਦੇ 5 ਮੈਂਬਰ ਮਾਰੇ ਗਏ ਸਨ। ਇੱਕ ਹੋਰ ਬਜ਼ੁਰਗ ਮਾਤਾ ਨੇ ਭੁੱਬੀ ਰੋਂਦਿਆਂ ਇਸ ਖ਼ੂਨੀ ਕਾਂਡ ਨੂੰ ਸਾਂਝਾ ਕਰਦਿਆਂ ਕਿਹਾ ਉਸ ਕੁਲਹਿਣੇ ਸਮੇਂ ਨੂੰ ਯਾਦ ਕਰਕੇ ਉਸ ਦੀ ਰੂਹ ਤੱਕ ਕੰਬ ਜਾਂਦੀ ਹੈ ਕਿਉਂਕਿ ਮਰਨ ਵਾਲਿਆਂ ਵਿੱਚ ਇਸ ਪਰਿਵਾਰ ਦੇ ਵੀ 5 ਨੌਜਵਾਨ ਮੈਂਬਰ ਸ਼ਾਮਿਲ ਸਨ। ਇਸ ਤੋਂ ਇਲਾਵਾ ਫਕੀਰ ਸਿੰਘ ਦੇ ਪਰਿਵਾਰ ਦੇ 5 ਤੇ ਬਲਦੇਵ ਸਿੰਘ ਦੇ ਪਰਿਵਾਰ ਦੇ 4 ਨੌਜਵਾਨ ਮੈਂਬਰ ਇਸ ਅਣਮਨੁੱਖੀ ਕਾਂਡ ਦੀ ਭੇਟ ਚੜ੍ਹ ਗਏ। ਨਾਨਕ ਸਿੰਘ ਨੇ ਆਖਿਆ ਕਿ ਇਸ ਕਤਲੇਆਮ ਦੀ ਪੜਤਾਲ ਲਈ ਕਈ ਕਮਿਸ਼ਨਾਂ ਦਾ ਗਠਨ ਵੀ ਕੀਤਾ ਗਿਆ ਪਰ ਉਨ੍ਹਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਉਸ ਮੌਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਜ਼ਰੂਰ ਉਨ੍ਹਾਂ ਦੇ ਦਿਲਾਂ ਦਾ ਦਰਦ ਜਾਣਨ ਦਾ ਯਤਨ ਕੀਤਾ ਸੀ ਪਰ ਪ੍ਰਕਾਸ਼ ਸਿੰਘ ਬਾਦਲ ਨੇ ਲਾਰੇ ਲਗਾਏ। ਭਾਵੇਂ ਸਰਕਾਰ ਵਲੋਂ ਪੀੜਤਾਂ ਦੇ ਅੱਲੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਦੇ ਲਈ ਉਨ੍ਹਾਂ ਨੂੰ ਮਾਲੀ ਸਹਾਇਤਾ ਤੇ ਨੌਕਰੀਆਂ ਦਿੱਤੀਆਂ ਗਈਆਂ ਪਰ ਸਿੱਖ ਪਰਿਵਾਰਾਂ ਦੀ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜੇ ਕਰਨ ਲਈ ਇਨਸਾਫ਼ ਦੀ ਅਪੀਲ ਦਾ ਸ਼ਾਇਦ ਅਜੇ ਤੱਕ ਕਿਸੇ ਵੀ ਸਰਕਾਰ 'ਤੇ ਕੋਈ ਅਸਰ ਨਹੀਂ ਹੋਇਆ। ਇਸ ਖ਼ੂਨੀ ਸਾਕੇ ਨੂੰ ਯਾਦ ਕਰਕੇ ਪਿੰਡ ਵਾਸੀਆਂ ਦੀਆਂ ਅੱਖਾਂ ਵਿਚੋਂ ਸਦਾ ਲਈ ਗੁਆਚ ਗਏ ਆਪਣਿਆਂ ਨੂੰ ਚੇਤੇ ਕਰਦਿਆਂ ਅੱਜ ਵੀ ਅੱਥਰੂ ਡੁੱਲ੍ਹ ਡੁੱਲ੍ਹ ਪੈਂਦੇ ਹਨ। ਕੀ ਦੇਸ਼ ਅੰਦਰ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਪਿੰਡ ਚਿੱਠੀ ਸਿੰਘਪੁਰਾ ਦੇ ਵਾਸੀਆਂ ਨੂੰ ਇਨਸਾਫ਼ ਮਿਲੇਗਾ ?

***

## ਪੰਜਾਬ ਜਾਂ ਸਿੱਖ ਅੱਤਵਾਦੀ ਕਿਵੇਂ ਹੈ ?

ਬੰਗਲਾਦੇਸ਼ ਵਿੱਚ 1971 ਦੌਰਾਨ ਲੈਫਟੀਨੈਂਟ ਜਰਨਲ, ਏ. ਕੇ. ਨਿਆਜ਼ੀ ਦੀ ਅਗਵਾਈ ਵਾਲੀ ਪਾਕਿਸਤਾਨੀ ਫ਼ੌਜ ਨੇ ਲੈਫਟੀਨੈਂਟ ਜਰਨਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ। 93000 ਪਾਕਿਸਤਾਨੀ ਫ਼ੌਜੀ ਜੰਗੀ ਕੈਦੀ ਬਣਾ ਕੇ ਭਾਰਤ ਵਿੱਚ ਲਿਆਂਦੇ ਗਏ। ਬੰਗਲਾਦੇਸ਼ ਪਾਕਿਸਤਾਨ ਤੋਂ ਅਮਲੀ ਰੂਪ ਵਿੱਚ ਆਜ਼ਾਦ ਹੋ ਗਿਆ।

ਜਿਸ ਪੰਜਾਬ ਦੇ ਧਰਤੀ ਪੁੱਤਰਾਂ ਸਿੱਖਾਂ ਨੇ ਅੱਸੀ ਪ੍ਰਤੀਸ਼ਤ ਸ਼ਹਾਦਤਾਂ ਦੇ ਕੇ ਦੇਸ਼ ਨੂੰ ਅਜ਼ਾਦੀ ਦਿਵਾਈ ਉਹ ਕਿਵੇਂ ਅੱਤਵਾਦੀ ਹਨ?

ਕੀ ਪੰਜਾਬ ਨੂੰ ਕੰਗਨਾ ਰਣੌਤ ਪਰਿਭਾਸ਼ਿਤ ਕਰੇਗੀ ਜਾਂ ਕੋਈ ਫਿਰਕੂ ਲੀਡਰ। ਪੰਜਾਬ ਨੂੰ ਸਤਿਗੁਰੂ ਨੇ ਪਰਿਭਾਸ਼ਿਤ ਕੀਤਾ ਹੈ। ਸਤਿਗੁਰੂ ਸਾਹਿਬਾਨ ਦੇ ਨਾਮ ਵਸਦਾ ਪੰਜਾਬ ਬਹੁ ਸੱਭਿਆਚਾਰ ਤੇ ਬਹੁਕੌਮੀਅਤ, ਸਾਂਝੀਵਾਲਤਾ, ਸਰਬੱਤ ਦੇ ਭਲੇ ਨੂੰ ਮਾਨਤਾ ਦਿੰਦਾ ਹੈ ਤੇ ਪੰਜਾਬੀਆਂ ਨੂੰ ਗੁਰੂ ਨਾਨਕ ਪੰਥ ਦਾ ਅਹਿਮ ਹਿਸਾ ਮੰਨਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਨਿਆਂ ਕਰਨ ਵਾਲੇ ਖ਼ਾਲਸਾ ਰਾਜ ਵਿੱਚ ਸਭ ਸੁਖੀ ਵਸਦੇ ਸਨ। ਖ਼ਾਲਸਾ ਰਾਜ ਦਾ ਸਿੱਕਾ ਗੁਰੂ ਦੇ ਨਾਮ ਪੰਜਾਬ ਦਾ ਉਜਵਲ, ਇਤਿਹਾਸਕ, ਦਾਰਸ਼ਨਿਕ ਪੱਖ ਹੈ। ਇਸ ਦੀ ਕੌਣ ਰੀਸ ਕਰ ਸਕਦਾ ਹੈ ? ਸੰਸਾਰ ਵਿੱਚ ਅਜਿਹਾ ਕੋਈ ਲੋਕ ਪੱਖੀ ਰਾਜ ਮਾਡਲ ਹੀ ਪੈਦਾ ਨਹੀਂ ਹੋਇਆ ਜਿਸਨੇ ਸਭ ਨਸਲਾਂ, ਕੌਮੀਅਤਾਂ ਤੇ ਦਬੇ ਕੁਚਲਿਆਂ, ਕਿਰਤੀਆਂ ਨੂੰ ਸਾਂਝੀਵਾਲਤਾ ਵਿੱਚ ਪਰੋ ਦਿੱਤਾ।

***

## ਪੰਜਾਬ 'ਚ ਰਵਾਇਤੀ ਪਾਰਟੀਆਂ ਦਾ ਦੌਰ ਖ਼ਤਮ,

ਉਨ੍ਹਾਂ ਦੀਆਂ ਵੋਟਾਂ ਬਣਾਉਣ ਦਾ ਕੰਮ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਹੁੱਡਾ ਵਲੋਂ ਬਣਾਈ ਗਈ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਠ ਸਾਲ ਤਕ ਚਲ ਸਕਦੀ ਹੈ। ਫਿਰ ਸਰਕਾਰ ਨੂੰ ਇਸ ਮੌਜੂਦਾ ਕਮੇਟੀ ਦਾ ਕਾਰਜਕਾਲ ਵਧਾਉਣ ਵਿੱਚ ਕੀ ਇਤਰਾਜ਼ ਹੈ ?

ਕੰਗਨਾ ਰਣੌਤ ਦੇ ਮਾਮਲੇ ਵਿੱਚ ਉਨ੍ਹਾਂ ਕਿਹਾ ਕਿ ਕੰਗਨਾ ਨੂੰ ਆਪਣੀ ਜ਼ੁਬਾਨ 'ਤੇ ਕਾਬੂ ਰਖਣਾ ਚਾਹੀਦਾ ਹੈ। ਜੇ ਉਹ ਗ਼ਲਤ ਬੋਲਦੀ ਹੈ, ਤਾਂ ਯਕੀਨੀ ਤੌਰ 'ਤੇ ਪ੍ਰਤੀਕਿਰਿਆ ਹੋਵੇਗੀ। ਉਨ੍ਹਾਂ ਜੰਮੂ-ਕਸ਼ਮੀਰ ਵਿੱਚ ਅਤਿਵਾਦੀਆਂ ਵੱਲੋਂ ਸ਼ਰਧਾਲੂਆਂ 'ਤੇ ਕੀਤੇ ਗਏ ਹਮਲੇ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਉਹ ਖ਼ੂਨ-ਖ਼ਰਾਬੇ ਵਿਰੁੱਧ ਹਨ। ਸਾਰੇ ਦੇਸ਼ ਵਿੱਚ ਅਮਨ ਸ਼ਾਂਤੀ ਅਤੇ ਭਾਈਚਾਰਾ ਕਾਇਮ ਰਹਿਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਭੁਪਿੰਦਰ ਸਿੰਘ ਅਸੰਧ, ਕਮੇਟੀ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਸਹਿਗਲ, ਬਾਬਾ ਸੁੱਖਾ ਸਿੰਘ ਕਾਰ ਸੇਵਾ ਵਾਲੇ, ਗੁਰਵਿੰਦਰ ਸਿੰਘ ਧਮੀਜਾ, ਤੇਜੇਂਦਰ ਸਿੰਘ ਮੱਕੜ, ਇੰਦਰਪਾਲ ਸਿੰਘ, ਕੁਲਦੀਪ ਸਿੰਘ,ਵਰਿੰਦਰ ਸਿੰਘ ਆਦਿ ਹਾਜ਼ਰ ਸਨ।

## ਕਵਾਡ ਸੰਗਠਨ, ਚੀਨ ਦੀ ਦਾਦਾਗਿਰੀ

ਇਸ ਵਿੱਚ ਯੋਗ ਤੇ ਮਨੁੱਖਤਾ ਦੇ ਵਿਕਾਸ ਵਿੱਚ ਪ੍ਰਾਚੀਨ ਭਾਰਤ ਦੇ ਯੋਗਦਾਨ ਵਰਗੇ ਪਹਿਲੂਆਂ ਨੂੰ ਰੇਖਾਂਕਿਤ ਕੀਤਾ ਗਿਆ ਹੈ। ਭਾਰਤ ਨੂੰ 'ਲੋਕਤੰਤਰ ਦੀ ਜਣਨੀ' ਦੇ ਰੂਪ ਵਿੱਚ ਵੀ ਪੇਸ਼ ਕੀਤਾ ਗਿਆ। ਹਾਲਾਂਕਿ ਦੇਸ਼ ਦੇ ਵੱਕਾਰ 'ਤੇ ਸਾਫਟ ਪਾਵਰ ਦੇ ਸਪਸ਼ਟ ਅਸਰ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਪਰ ਇਹ ਦੇਸ਼ ਦੇ ਅਕਸ ਨੂੰ ਯਕੀਨੀ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਅੰਗਰੇਜ਼ੀ ਦੇ ਕਾਰੋਬਾਰੀ ਤੇ ਕੂਟਨੀਤੀ ਦੀ ਭਾਸ਼ਾ ਬਣ ਜਾਣ ਨਾਲ ਇੰਗਲੈਂਡ ਨੂੰ ਬਹੁਤ ਲਾਭ ਪੁੱਜਾ। ਜਿਵੇਂ ਹਾਲੀਵੁੱਡ ਨੇ ਅਮਰੀਕਾ ਦੀ ਪ੍ਰਸਿੱਧੀ ਲਈ ਭੂਮਿਕਾ ਨਿਭਾਈ, ਤਿਵੇਂ ਹੀ ਬਾਲੀਵੁੱਡ ਨੇ ਭਾਰਤ ਲਈ ਭੂਮਿਕਾ ਨਿਭਾਈ ਹੈ। ਬਿਨਾਂ ਸ਼ੱਕ ਦੁਨੀਆ ਦਾ ਧਿਆਨ ਪ੍ਰਾਚੀਨ ਭਾਰਤ ਦੀਆਂ ਉਪਲਬਧੀਆਂ ਵੱਲ ਖਿੱਚਿਆ ਜਾਣਾ ਚਾਹੀਦਾ ਹੈ ਪਰ ਭਾਰਤ ਦੀ ਸਾਫਟ ਪਾਵਰ ਦਾ ਸਭ ਤੋਂ ਬਿਹਤਰੀਨ ਪਹਿਲੂ ਉਸ ਦਾ ਲੋਕਤੰਤਰ ਹੈ। ਵਿਸ਼ਵ ਦੀ ਸਭ ਤੋਂ ਵੱਡੀ ਜਨਸੰਖਿਆ ਵਾਲੇ ਦੇਸ਼ ਨੇ ਕਿਸ ਤਰ੍ਹਾਂ ਆਪਣੇ ਲੋਕਤੰਤਰ ਨੂੰ ਕਾਇਮ ਰੱਖਿਆ ਹੋਇਆ ਹੈ, ਉਹ ਵਿਸ਼ਵ ਦੇ ਸਾਹਮਣੇ ਕਿਸੇ ਹੈਰਾਨੀ ਵਾਲੀ ਗੱਲ ਤੋਂ ਘੱਟ ਨਹੀਂ ਹੈ। ਜਦ ਤੱਕ ਅਸੀਂ ਲੋਕਤੰਤਰ ਨੂੰ ਪੂਰੀ ਤਰ੍ਹਾਂ ਅੱਖਰ-ਅੱਖਰ ਬਣਾਈ ਰੱਖਾਂਗੇ, ਤਦ ਤੱਕ ਭਾਰਤ ਦੀ ਸਾਫਟ ਪਾਵਰ ਸਪਸ਼ਟਤਾ ਨਾਲ ਆਪਣੀ ਚਮਕ ਬਿਖੇਰਦੀ ਰਹੇਗੀ।

***

## ਮੋਦੀ ਅਜਿੱਤ ਹੈ

ਪਰ ਦੇਸ਼ ਦੇ ਲੋਕਾਂ ਨੂੰ ਲਾਲਾ ਲਾਜਪਤ ਰਾਏ ਯਾਦ ਹਨ, ਕਿਸਾਨਾਂ ਨੂੰ ਮੋਦੀ ਵੱਲੋਂ ਉਹਨਾਂ ਨਾਲ ਕੀਤਾ ਵਿਹਾਰ ਯਾਦ ਹੈ, ਔਰਤਾਂ ਨੂੰ ਇਸਤਰੀ ਪਹਿਲਵਾਨਾਂ ਨਾਲ ਵਿਹਾਰ ਅਤੇ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਬਾਰੇ ਲਿਆ ਗਿਆ ਮੋਦੀ ਦਾ ਸਟੈਂਡ ਯਾਦ ਹੈ। ਮਣੀਪੁਰ ਦੇ ਲੋਕਾਂ ਨੂੰ ਉੱਥੋਂ ਦੀ ਹਿੰਸਾ ਅੱਜ ਵੀ ਸਹਿਣੀ ਪੈ ਰਹੀ ਹੈ। ਆਰਥਿਕ ਤੌਰ 'ਤੇ ਕਾਮਿਆਂ 'ਤੇ ਜੋ ਸੱਟ ਵੱਜੀ ਹੈ, ਉਹ ਉਸ ਨੂੰ ਮਹਿਸੂਸ ਕਰ ਰਹੇ ਹਨ। ਬੇਰੁਜ਼ਗਾਰੀ ਕਰਕੇ ਨੌਜਵਾਨਾਂ ਵਿੱਚ ਰੋਸ ਹੈ। ਮਹਿੰਗਾਈ ਦਾ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ 'ਤੇ ਬਹੁਤ ਮਾੜਾ ਅਸਰ ਹੈ। ਇਹ ਸਭ ਮੁੱਦੇ ਭਾਜਪਾ ਸਰਕਾਰ ਦੇ ਤਾਬੂਤ ਵਿੱਚ ਇੱਕ ਇੱਕ ਕਰਕੇ ਕਿੱਲ ਠੋਕੇ ਜਾ ਰਹੇ ਹਨ। ਹੁਣ ਦੇਖਣਾ ਹੈ ਕਿ ਆਖਰੀ ਕਿਲ ਗੱਡਿਆ ਗਿਆ ਹੈ ਜਾਂ ਅਜੇ ਹੋਰ ਸਮਾਂ ਲੱਗੇਗਾ ...।

ਇੱਕ ਗੱਲ ਜੋ ਇਹਨਾਂ ਚੋਣਾਂ ਦੇ ਨਤੀਜਿਆਂ ਨੇ ਦਰਸਾ ਦਿੱਤੀ ਹੈ, ਉਹ ਇਹ ਹੈ ਕਿ ਮੋਦੀ ਦੀ ਤਾਨਾਸ਼ਾਹੀ ਦਾ ਡਰ ਲੋਕਾਂ ਵਿੱਚੋਂ ਖਤਮ ਹੋਇਆ ਹੈ। ਅਨੇਕਾਂ ਲੋਕ ਆਪ ਮੁਹਾਰੇ ਬੋਲੇ ਹਨ। ਮੋਦੀ ਅਜਿੱਤ ਹੈ, ਇਹ ਗੱਲ ਖਤਮ ਹੋ ਗਈ ਹੈ। ਪਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਫਾਸ਼ੀਵਾਦੀ ਸ਼ਕਤੀਆਂ ਛੇਤੀ ਗੱਦੀ ਨਹੀਂ ਛੱਡਦੀਆਂ ਹੁੰਦੀਆਂ। ਹਿਟਲਰ ਵੱਲੋਂ ਜਰਮਨੀ ਦੀ ਸੰਸਦ ਰੀਸਤਾਗ ਨੂੰ ਅੱਗ ਲਾ ਕੇ ਕਮਿਊਨਿਸਟਾਂ ਉੱਤੇ ਦੋਸ਼ ਮੜਨ ਦੀ ਘਟਨਾ ਸਾਡੇ ਸਾਹਮਣੇ ਹੈ। ਅਨੇਕਾਂ ਥਾਵਾਂ 'ਤੇ ਇਸ ਕਿਸਮ ਦੀਆਂ ਸ਼ਕਤੀਆਂ ਦੰਗੇ ਫੈਲਾਉਣ ਅਤੇ ਅਰਾਜਕਤਾ ਪੈਦਾ ਕਰਨ ਵਿੱਚ ਮਾਹਰ ਹਨ। ਇਹਨਾਂ ਸਭ ਤੋਂ ਸਾਵਧਾਨ ਹੋਣ ਦੀ ਲੋੜ ਹੈ। ਆਉਣ ਵਾਲੇ ਸਮਿਆਂ ਵਿੱਚ ਕਮਿਊਨਿਸਟਾਂ, ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤਕਸ਼ ਵਰਗਾਂ ਨੂੰ ਬਹੁਤ ਵੱਡੇ ਵੱਡੇ ਅੰਦੋਲਨ ਚਲਾਉਣੇ ਪੈਣਗੇ ਕਿਉਂਕਿ ਸਰਮਾਏਦਾਰੀ ਢਾਂਚੇ ਦੇ ਅਧੀਨ ਆਮ ਲੋਕਾਂ ਦੇ ਮਸਲੇ ਹੱਲ ਨਹੀਂ ਹੋਣੇ।

***

## ਮੀਰ ਮੰਨੂੰ ਦੀ ਵਿਧਵਾ ਮੁਗਲਾਨੀ ਬੇਗਮ

ਇਸ ਦੇ ਨਾਲ ਹੀ ਉਸ ਨੇ ਕਸ਼ਮੀਰ, ਸਿੰਧ, ਪੰਜਾਬ ਅਤੇ ਸਰਹਿੰਦ ਦੇ ਸੂਬੇ ਆਲਮਗੀਰ ਕੋਲੋਂ ਆਪਣੇ ਲਈ ਲਿਖਵਾ ਲਏ ਸਨ। ਇਨ੍ਹਾਂ ਇਲਾਕਿਆਂ ਦਾ ਨਵਾਬ ਆਪਣੇ ਪੁੱਤਰ ਤੈਮੂਰ ਨੂੰ ਅਤੇ ਨਾਇਬ ਜਹਾਨ ਖ਼ਾਨ ਨੂੰ ਬਣਾਇਆ। ਮੁਗਲਾਨੀ ਬੇਗਮ ਦੀ ਨਿਰਾਸ਼ਤਾ ਵਧਦੀ ਗਈ, ਉਸ ਦੇ ਮਨਸੂਬਿਆਂ 'ਤੇ ਪਾਣੀ ਫਿਰ ਗਿਆ, ਪਰ ਉਹ ਬਹੁਤ ਢੀਠ ਔਰਤ ਸੀ ਅਤੇ ਨਵੇਂ ਸ਼ਿਕਾਰ ਦੀ ਭਾਲ ਵਿੱਚ ਲੱਗ ਗਈ। ਇਸੇ ਹਫੜਾ-ਦਫੜੀ ਦੇ ਦੌਰ ਵਿੱਚ ਸਿੰਘਾਂ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲ ਗਿਆ। ਇਸ ਸੰਬੰਧ 'ਚ ਮੈਲਕਮ ਲਿਖਦਾ ਹੈ, ਸਿੱਖਾਂ ਨੇ ਉਸ ਢਹਿੰਦੇ ਸਾਮਰਾਜ ਤੋਂ ਹਰ ਉਹ ਫਾਇਦਾ ਉਠਾਇਆ, ਜੋ ਉਨ੍ਹਾਂ ਨੂੰ ਮਿਲ ਸਕਦਾ ਸੀ। ਉਨ੍ਹਾਂ ਨੇ ਆਪਣੀ ਤਾਕਤ ਖ਼ੂਬ ਵਧਾਈ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਲੰਧਰ ਵਿੱਚ ਆਪਣਾ ਰਾਜ ਸਥਾਪਿਤ ਕਰ ਲਿਆ। ਸਰਦਾਰ ਜੈ ਸਿੰਘ ਕਨ੍ਹਈਆ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਬਟਾਲਾ ਦੇ ਨਜ਼ਦੀਕ ਵਾਲੇ ਇਲਾਕਿਆਂ 'ਤੇ ਆਪਣਾ ਅਸਰ ਰਸੂਖ਼ ਵਧਾ ਲਿਆ। ਸਰਦਾਰ ਚੜ੍ਹਤ ਸਿੰਘ ਸ਼ੁੱਕਰਚਕੀਆ ਨੇ ਜਿਹਲਮ ਤੱਕ ਮੱਲਾਂ ਮਾਰ ਲਈਆਂ। ਬਾਰੀ ਅਤੇ ਦੁਆਬ ਦੇ ਖੇਤਰ 'ਤੇ ਭੰਗੀ ਜਥੇ ਦੇ ਜਥੇਦਾਰਾਂ ਸਰਦਾਰ ਹਰੀ ਸਿੰਘ, ਸਰਦਾਰ ਝੰਡਾ ਸਿੰਘ, ਸਰਦਾਰ ਲਹਿਣਾ ਸਿੰਘ ਅਤੇ ਗੁੱਜਰ ਸਿੰਘ ਨੇ ਆਪਣਾ ਕਬਜ਼ਾ ਕਰ ਲਿਆ। ਫਿਰ ਸਿੱਖਾਂ ਨੇ ਮਾਰਚ 1757 ਈ: ਵਿੱਚ ਜਹਾਨ ਖ਼ਾਨ ਤੇ ਤੈਮੂਰ ਦੇ ਸੈਨਿਕ ਦਸਤਿਆਂ ਨੂੰ ਸਰਹਿੰਦ ਲਾਗੇ ਘੇਰ ਕੇ ਆਪਣੀ ਸ਼ਕਤੀ ਦਿਖਾਈ। ਜਦੋਂ ਸਿੰਘਾਂ ਨੂੰ 28,000 ਲੱਦੂ ਪਸ਼ੂਆਂ ਅਤੇ 80,000 ਘੋੜਿਆਂ ਉੱਤੇ ਲੁੱਟੇ ਮਾਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਅਬਦਾਲੀ ਦੇ ਲੁੱਟ ਦੇ ਮਾਲ ਨੂੰ ਲੈਣ ਲਈ ਕਈ ਹਮਲੇ ਕੀਤੇ ਅਤੇ ਅਬਦਾਲੀ ਦੇ ਨੱਕ ਵਿੱਚ ਦਮ ਕਰ ਦਿੱਤਾ। ਉਹ ਦਿੱਲੀ ਤੋਂ ਚਨਾਬ ਤੱਕ ਅਬਦਾਲੀ ਦਾ ਪਿੱਛਾ ਕਰਦੇ ਰਹੇ, ਦੁਖੀ ਹੋ ਕੇ ਅਬਦਾਲੀ ਨੇ ਕਿਹਾ ਸੀ, 'ਸਿੱਖਾਂ ਨੂੰ ਉਨ੍ਹਾਂ ਦੀ ਜ਼ਿਆਦਤੀ ਦਾ ਸਵਾਦ ਚਖਾਵਾਂਗਾ।'

***

## ਹਾਸਰਸ ਕਲਾਕਾਰ, ਲੇਖਕ ਤੇ

'ਚੱਕ ਜਵਾਨਾ', 'ਇੱਕ ਕੁੜੀ ਪੰਜਾਬ ਦੀ', 'ਕਬੱਡੀ ਇੱਕ ਮੁਹੱਬਤ', 'ਮਿੱਟੀ ਵਾਜ਼ਾਂ ਮਾਰਦੀ', 'ਪਤਾ ਨੀ ਰੱਬ ਕਿਹੜਿਆਂ ਰੰਗਾਂ ਵਿੱਚ ਰਾਜ਼ੀ', 'ਟੌਹਰ ਮਿੱਤਰਾਂ ਦੀ', 'ਕੈਰੀ ਆਨ ਜੱਟਾ', 'ਯਮਲੇ ਜੱਟ ਯਮਲੇ', 'ਰੰਗੀਲੇ', 'ਫੇਰ ਮਾਮਲਾ ਗੜਬੜ ਹੈ', 'ਕਬੱਡੀ ਵਨਸ ਅਗੇਨ', 'ਮੁੰਡੇ ਯੂ.ਕੇ ਦੇ', 'ਸਾਡੀ ਵੱਖਰੀ ਹੈ ਸ਼ਾਨ', 'ਓਏ ਹੋਏ ਪਿਆਰ ਹੋ ਗਿਆ', 'ਗੋਰਿਆਂ ਨੂੰ ਦਫ਼ਾ ਕਰੋ', 'ਮੰਜੇ ਬਿਸਤਰੇ', 'ਅਰਦਾਸ', 'ਲਵ ਪੰਜਾਬ', 'ਅਰਦਾਸ ਕਰਾਂ', 'ਸ਼ਾਵਾ ਨੀ ਗਿਰਧਾਰੀ ਲਾਲ', 'ਅੰਬਰਸਰੀਆ', 'ਅਸੀਸ', 'ਨਾਬਰ', 'ਪੰਜਾਬ 1984' ਆਦਿ ਉਸ ਦੀ ਵਿਲੱਖਣ ਅਦਾਕਾਰੀ ਲਈ ਜ਼ਿਕਰਯੋਗ ਹਨ। ਰਾਣੇ ਨੇ ਦੱਸਿਆ ਕਿ ਉਸ ਨੂੰ ਪੰਜਾਬੀ ਸਿਨੇਮਾ ਵਿੱਚ ਪ੍ਰਸਿੱਧ ਨਿਰਮਾਤਾ ਤੇ ਨਿਰਦੇਸ਼ਕ ਮਨਮੋਹਨ ਸਿੰਘ (ਮਨ ਜੀ) ਲੈ ਕੇ ਆਏ। ਜਿਸ ਦੇ ਯਕੀਨ ਸਦਕਾ ਉਸ ਨੂੰ ਉਨ੍ਹਾਂ ਦੁਆਰਾ ਲਿਖੀ ਫਿਲਮ 'ਮੁੰਡੇ ਯੂ ਕੇ ਦੇ' ਵਿੱਚ ਪਹਿਲੀ ਵਾਰ (ਸੰਵਾਦ) ਲਿਖਣ ਦਾ ਮੌਕਾ ਮਿਲਿਆ ਤੇ ਉਸ ਦੀ ਲੇਖਣੀ ਨੂੰ ਪਛਾਣ ਮਿਲੀ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਇੱਕ ਕੁੜੀ ਪੰਜਾਬ ਦੀ', 'ਅੱਜ ਦੇ ਰਾਂਝੇ', 'ਕਬੱਡੀ ਇੱਕ ਮੁਹੱਬਤ', 'ਫੇਰ ਮਾਮਲਾ ਗੜਬੜ', 'ਅਰਦਾਸ', 'ਅਰਦਾਸ ਕਰਾਂ', 'ਰੰਗੀਲੇ', 'ਮੰਜੇ ਬਿਸਤਰੇ', 'ਆ ਗਏ ਮੁੰਡੇ ਯੂ ਕੇ ਦੇ', 'ਲਾਲ ਸਿੰਘ ਚੱਢਾ' (ਹਿੰਦੀ), 'ਸ਼ਾਵਾ ਨੀ ਗਿਰਧਾਰੀ ਲਾਲ' ਆਦਿ ਫਿਲਮਾਂ ਦੇ ਦਿਲ ਨੂੰ ਛੂਹ ਜਾਣ ਵਾਲੇ ਸ਼ਾਨਦਾਰ ਸੰਵਾਦ ਲਿਖੇ। ਇਹੀ ਨਹੀਂ ਉਸ ਨੇ ਬਤੌਰ ਪਟਕਥਾ ਲੇਖਕ ਤੇ ਨਿਰਦੇਸ਼ਕ 'ਮਾਂ', 'ਅਸੀਸ', 'ਪੋਸਤੀ', 'ਸਨੋਮੈਨ' ਅਤੇ 'ਮਨਸੂਬਾ' ਫਿਲਮਾਂ ਪੇਸ਼ ਕੀਤੀਆਂ ਜਿਨ੍ਹਾਂ ਵਿੱਚ ਰਿਸ਼ਤਿਆਂ ਦੀਆਂ ਕੌੜੀਆਂ, ਮਿੱਠੀਆਂ ਗੱਲਾਂ ਨੂੰ ਦਰਸਾਉਂਦੇ ਭਾਵ ਦਿਖਾਏ ਗਏ। ਉਸ ਦੇ ਕਈ ਕਾਵਿ ਸੰਗ੍ਰਹਿ ਤੇ ਨਾਵਲ ਵੀ ਪ੍ਰਕਾਸ਼ਿਤ ਹੋਏ।

ਰਾਣੇ ਨੇ ਆਪਣੀ ਲੇਖਣੀ ਰਾਹੀਂ ਤਾਂ ਲੋਕਾਂ ਨੂੰ ਆਪਣਾ ਮੁਰੀਦ ਕੀਤਾ ਹੀ, ਇਸ ਦੇ ਨਾਲ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਵੰਡਣਾ ਸ਼ੁਰੂ ਕੀਤਾ ਤੇ ਇੱਕ ਸਕਾਰਾਤਮਕ ਪ੍ਰੇਰਨਾਦਾਇਕ ਸਪੀਕਰ ਦੇ ਤੌਰ 'ਤੇ ਵੀ ਸਾਹਮਣੇ ਆਇਆ। ਉਹ ਅਕਸਰ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨਾਲ ਪ੍ਰੇਰਨਾਦਾਇਕ ਗੱਲਾਂ ਕਰਦਾ ਸੁਣਿਆ ਜਾਂਦਾ ਹੈ। ਆਪਣੀ ਮਿਹਨਤ ਸਦਕਾ ਉਸ ਨੂੰ ਬਹੁਤ ਸਾਰੇ ਮਾਣ-ਸਨਮਾਨ ਵੀ ਪ੍ਰਾਪਤ ਹੋਏ ਹਨ।

****

## ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

ਜਿੱਥੋਂ ਤੀਕ ਗੁਰੂ ਜੀ ਦੀ ਸ਼ਹਾਦਤ ਦਾ ਸੰਬੰਧ ਹੈ, ਉਸ ਬਾਰੇ ਵੱਖ-ਵੱਖ ਰਾਵਾਂ ਹਨ। ਸ਼ਾਂਤੀ ਦੇ ਪੁੰਜ ਤੇ ਸਬਰ ਸੰਤੋਖ ਵਾਲੀ ਸ਼ਖ਼ਸੀਅਤ ਦੇ ਮਾਲਕ ਗੁਰੂ ਜੀ ਦਾ ਅੰਤ ਬਹੁਤ ਦੁੱਖਾਂਤਿਕ ਸੀ। ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਜੋ ਕਿ ਤੁਜ਼ਕੇ ਜਹਾਂਗੀਰੀ ਵਿੱਚ ਦਰਜ ਹੈ, ਗੋਇੰਦਵਾਲ ਵਿਖੇ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਸਥਿਤ ਹੈ ਪੀਰ ਅਤੇ ਸ਼ੇਖ ਦੇ ਬੁਰਕੇ ਵਿੱਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਿਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਸਿੱਧੇ ਸਾਦੇ ਦਿਲ ਵਾਲੇ ਹਿੰਦੂ ਇੱਥੋਂ ਤੀਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਆਪਣੇ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿੱਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿੱਚ ਚੱਲਦਾ ਆ ਰਿਹਾ ਹੈ ਕਿ ਜਾਂ ਤਾਂ ਇਸ ਝੂਠੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿੱਚ ਲੈ ਆਉਣਾ ਚਾਹੀਦਾ ਹੈ।

ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਹਿੰਦੂਆਂ ਨੇ ਬਾਦਸ਼ਾਹ ਨੂੰ ਛੱਡਣ ਲਈ ਅਪੀਲ ਕੀਤੀ। ਅਖ਼ੀਰ ਵਿੱਚ ਇਹ ਤਹਿ ਹੋਇਆ ਕਿ ਉਸ ਨੂੰ ਇੱਕ ਲੱਖ ਰੁਪਏ ਜੁਰਮਾਨੇ ਦੇ ਤੌਰ 'ਤੇ ਅਦਾ ਕਰਨੇ ਚਾਹੀਦੇ ਹਨ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜ਼ਮਾਨਤ ਦੇਣ ਪਿੱਛੋਂ ਕੀਤਾ ਗਿਆ। ਇਸ ਅਮੀਰ ਹਿੰਦੂ ਨਹੀਂ ਸੀ ਪਤਾ ਕਿ ਗੁਰੂ ਜੀ ਪਾਸ ਏਨੀ ਵੱਡੀ ਰਕਮ ਨਹੀਂ ਹੋ ਸਕਦੀ। ਇਸ ਅਮੀਰ ਹਿੰਦੂ ਦਾ ਨਾਂ ਚੰਦੂ ਸੀ। ਚੰਦੂ ਨੇ ਗੁਰੂ ਜੀ ਨੂੰ ਇਹ ਰਕਮ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਪਰ ਗੁਰੂ ਜੀ ਜੁਰਮਾਨਾ ਦੇਣਾ ਨਾ ਮੰਨੇ। ਗੁਰੂ ਜੀ ਨੂੰ ਕੜਕਦੀ ਧੁੱਪ ਵਿੱਚ ਕਿੱਲ੍ਹੇ ਦੇ ਇੱਕ ਬੁਰਜ ਦੀ ਛੱਤ ਉੱਪਰ ਬਿਠਾਇਆ ਗਿਆ। ਉਨ੍ਹਾਂ ਦੇ ਹੇਠਾਂ ਅੱਗ ਵਾਂਗ ਤੱਪਦੀ ਤੱਤੀ ਰੇਤ ਰੱਖੀ ਗਈ। ਇਹ ਰੇਤ ਉਨ੍ਹਾਂ ਦੇ ਸਰੀਰ ਉੱਪਰ ਵੀ ਪਾਈ ਗਈ। ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ। ਉਨ੍ਹਾਂ ਨੂੰ ਹੋਰ ਤੜਪਾਉਣ ਲਈ ਉਨ੍ਹਾਂ ਨੂੰ ਦਰਿਆ ਦੇ ਪਾਣੀ ਵਿੱਚ ਲਮਕਾਇਆ ਜਾਂਦਾ ਸੀ। ਰਾਵੀ ਦਰਿਆ ਉਸ ਸਮੇਂ ਲਾਹੌਰ ਕਿੱਲ੍ਹੇ ਦੀ ਕੰਧ ਨਾਲ ਹੀ ਵੱਗਦਾ ਸੀ, ਇੰਝ ਕਰਨ ਨਾਲ ਗੁਰੂ ਜੀ 30 ਮਈ 1606 ਈ: ਨੂੰ ਸ਼ਹੀਦ ਹੋ ਗਏ। ਸਿੱਖ ਇਤਿਹਾਸ ਵਿੱਚ ਇਹ ਪਹਿਲੀ ਸ਼ਹਾਦਤ ਸੀ। ਇਸ ਪਿੱਛੋਂ ਸਿੱਖਾਂ ਦੀਆਂ ਸ਼ਹਾਦਤਾਂ ਦੀ ਝੜੀ ਲੱਗ ਗਈ। ਸ੍ਰੀ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਹਥਿਆਰਬੰਦ ਕਰਕੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਖ਼ਾਲਸਾ ਪੰਥ ਦੀ ਸਾਜਣਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਹਕੂਮਤ ਵਿਰੁੱਧ ਲੜਾਈਆਂ ਲੜੀਆਂ। ਸ.ਬੰਦਾ ਸਿੰਘ ਬਹਾਦਰ ਨੇ ਇਸ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਤੇ ਕਈ ਇਲਾਕੇ ਆਪਣੇ ਕਬਜ਼ੇ ਵਿੱਚ ਲਏ। ਸ.ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਮਿਸਲਾਂ ਦਾ ਰਾਜ ਕਾਇਮ ਹੋਇਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਦੁਨੀਆਂ ਦਾ ਨਕਸ਼ਾ ਬਦਲ ਦਿੱਤਾ। ਇਸ ਤਰ੍ਹਾਂ ਦੁਨੀਆਂ ਦੇ ਇਤਿਹਾਸ ਵਿੱਚ ਇਹ ਸ਼ਹਾਦਤ ਵਿਸ਼ੇਸ਼ ਸਥਾਨ ਰਖਦੀ ਹੈ।

***

## ਸੌਖੀ ਨਹੀਂ ਕੈਨੇਡਾ 'ਚ

ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦੋਸਤਾਂ ਦਾ ਬਹੁਤ ਵੱਡਾ ਘੇਰਾ ਬਣਾਉਣ ਦੀ ਬਜਾਏ ਥੋੜ੍ਹੇ ਪਰ ਪੱਕੇ ਮਿੱਤਰ ਬਣਾਉਣ। ਵਿਦਿਆਰਥੀਆਂ ਲਈ ਇਕ ਸਮੱਸਿਆ ਹੈ ਬੁਰੀਆਂ ਆਦਤਾਂ ਤੋਂ ਦੂਰ ਰਹਿਣਾ, ਕਿਉਂਕਿ ਇੱਥੇ ਆ ਕੇ ਵਿਦਿਆਰਥੀਆਂ ਨੂੰ ਬਹੁਤ ਆਜ਼ਾਦੀ ਮਿਲ ਜਾਂਦੀ ਹੈ। ਮਾਂ-ਬਾਪ ਨਾਲ ਨਹੀਂ ਹੁੰਦੇ। ਇਸ ਲਈ ਆਪਣੇ-ਆਪ ਨੂੰ ਇਸ ਮਾਹੌਲ 'ਚ ਬਚਾ ਕੇ ਰੱਖਣਾ ਅਤੇ ਆਪਣਾ ਸਮਾਂ ਨਸ਼ਟ ਨਾ ਕਰਨਾ, ਆਪਣੀ ਪੜ੍ਹਾਈ ਅਤੇ ਕੰਮ ਉੱਤੇ ਧਿਆਨ ਕੇਂਦਰਿਤ ਕਰਨ ਲਈ ਆਪਣੇ ਮਨ ਨੂੰ ਪੱਕਿਆਂ ਕਰਨਾ ਵੀ ਵਿਦਿਆਰਥੀਆਂ ਲਈ ਇਕ ਚੁਣੌਤੀ ਹੈ, ਜਿਹੜਾ ਇਸ ਸਮੇਂ ਨੂੰ ਸੰਭਾਲ ਲੈਂਦਾ ਹੈ, ਉਹ ਜੀਵਨ ਦੀਆਂ ਮੰਜ਼ਿਲਾਂ ਸਰ ਕਰ ਲੈਂਦਾ ਹੈ। ਵਿਦਿਆਰਥੀ ਲਈ ਕੋਰਸ ਜਾਂ ਕਾਲਜਾਂ ਬਾਰੇ ਸਹੀ ਫ਼ੈਸਲਾ ਲੈਣਾ ਸਭ ਤੋਂ ਪਹਿਲਾ ਵਿਸ਼ੇਸ਼ ਕੰਮ ਹੈ, ਜਿਸ 'ਚ ਕਾਫ਼ੀ ਸਾਵਧਾਨੀ ਰੱਖਣੀ ਚਾਹੀਦੀ ਹੈ। ਜਿਹੜੇ ਵਿਦਿਆਰਥੀ ਵਿਦੇਸ਼ 'ਚ ਆ ਕੇ ਆਪਣੀ ਪੜ੍ਹਾਈ ਨਿਯਮਾਂ ਅਨੁਸਾਰ ਪੂਰੀ ਕਰਕੇ ਅਤੇ ਕੰਮ ਵੀ ਨਿਸ਼ਚਿਤ ਘੰਟਿਆਂ ਅਨੁਸਾਰ ਕਰ ਕੇ ਸਭ ਪਾਸਿਓਂ ਆਪਣੀ ਹੋਂਦ ਨੂੰ ਨਿਖਾਰਦੇ ਹਨ, ਉਨ੍ਹਾਂ ਲਈ ਇਹ ਸਮਾਂ ਵਧੀਆ ਲੰਘ ਜਾਂਦਾ ਹੈ। ਮੈਂ ਆਪਣੀ ਕੈਨੇਡਾ ਫੇਰੀ ਦੌਰਾਨ ਬਹੁਤ ਸਾਰੇ ਅਜਿਹੇ ਵਿਦਿਆਰਥੀ ਵੀ ਦੇਖੇ ਹਨ, ਜੋ ਆਪਣੀ ਪੜ੍ਹਾਈ ਖ਼ਤਮ ਕਰਕੇ ਬਹੁਤ ਸਫ਼ਲ ਜੀਵਨ ਜੀਅ ਰਹੇ ਹਨ ਅਤੇ ਮਾਪਿਆਂ ਦੀਆਂ ਉਮੀਦਾਂ 'ਤੇ ਪੂਰੇ ਉਤਰ ਰਹੇ ਹਨ। ਮੈਂ ਕੈਨੇਡਾ 'ਚ ਪੜ੍ਹਾਈ ਕਰਨ ਜਾ ਰਹੇ ਵਿਦਿਆਰਥੀਆਂ ਨੂੰ ਇਹ ਸਲਾਹ ਦੇਣਾ ਚਾਹਾਂਗੀ ਕਿ ਉਹ ਇਸ ਗੱਲ ਲਈ ਤਿਆਰ ਹੋ ਕੇ ਜਾਣ ਕਿ ਉੱਥੇ ਜ਼ਿੰਦਗੀ ਸੰਘਰਸ਼ਪੂਰਨ ਹੈ। ਵਿਦਿਆਰਥੀਆਂ ਲਈ ਬਹੁਤ ਹੀ ਚੁਣੌਤੀਆਂ ਹਨ, ਜਿਨ੍ਹਾਂ ਲਈ ਮਾਨਸਿਕ ਤੌਰ 'ਤੇ ਤਿਆਰ ਰਹਿਣਾ ਜ਼ਰੂਰੀ ਹੈ। ਇੱਥੇ ਅਸੀਂ ਸਭ ਮਹਿਸੂਸ ਕਰਦੇ ਹਾਂ ਕਿ ਆਪਣੇ ਸੁਪਨਿਆਂ ਲਈ ਉਡੀਕ ਕਰਨੀ ਬਹੁਤ ਵਧੀਆ ਹੈ ਪਰ ਕਿੰਨਾ ਚੰਗਾ ਹੋਵੇ ਜੇਕਰ ਆਪਣੇ ਮੁਲਕ 'ਚ ਵੀ ਅਜਿਹੇ ਸਾਧਨ ਅਤੇ ਸਰੋਤ ਪੈਦਾ ਕੀਤੇ ਜਾਣ ਕਿ ਸਾਡੇ ਬੱਚੇ ਉੱਥੇ ਜਾ ਕੇ ਸਿੱਖਿਆ ਪ੍ਰਾਪਤ ਕਰਕੇ ਵਤਨ ਵਾਪਸੀ ਬਾਰੇ ਸੋਚਣ। ਮਾਪਿਆਂ ਨੂੰ ਵੀ ਜੇਕਰ ਮਜਬੂਰੀਵੱਸ ਜਾਂ ਸ਼ੌਕ ਨਾਲ ਬੱਚਿਆਂ ਨੂੰ ਵਿਦੇਸ਼ ਭੇਜਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਕੰਮ ਆਪ ਕਰਨ ਦੀ ਆਦਤ ਪਾ ਦੇਣੀ ਚਾਹੀਦੀ ਹੈ। ਸਭ ਤੋਂ ਵਧੀਆ ਪੱਖ ਇਹ ਵੀ ਹੈ ਕਿ ਉੱਥੇ ਹੱਥੀਂ ਕਿਰਤ ਕਰਨ ਦੀ ਜਾਚ ਆ ਜਾਂਦੀ ਹੈ।

ਮਸ਼ੀਨਾਂ 'ਤੇ ਆਧਾਰਿਤ ਜ਼ਿੰਦਗੀ ਹੋਣ ਦੇ ਬਾਵਜੂਦ ਆਪਣੇ ਕੰਮ ਆਪ ਕਰਨ ਦਾ ਸਲੀਕਾ ਸ਼ਖ਼ਸੀਅਤ ਨਿਖਾਰਨ 'ਚ ਯੋਗਦਾਨ ਪਾਉਂਦਾ ਹੈ। ਇਸ ਲਈ ਆਪਣਾ ਮਨਭਾਉਂਦਾ ਵਿਸ਼ਾ ਚੁਣ ਕੇ ਅਤੇ ਉੱਥੇ ਜਿਸ ਕਾਲਜ ਜਾਂ ਯੂਨੀਵਰਸਿਟੀ 'ਚ ਦਾਖ਼ਲਾ ਲੈਣਾ ਹੈ, ਇਸ ਦੀ ਗੁਣਵੱਤਾ ਪਰਖ ਕੇ ਹੀ ਕੈਨੇਡਾ ਜਾਣ ਦਾ ਮਨ ਪੱਕਾ ਕਰਨ ਦੀ ਲੋੜ ਹੈ, ਕਿਉਂ ਜੋ ਸੰਘਰਸ਼ਮਈ ਸਫ਼ਰ ਹੈ ਅਤੇ ਸਫ਼ਲਤਾ ਲਈ ਜੱਦੋ-ਜਹਿਦ ਕਰਨੀ ਹੀ ਪੈਂਦੀ ਹੈ।

***

## ਵਧ ਰਹੇ ਜਲਵਾਯੂ ਸੰਕਟ

ਖੋਜ-ਸੰਸਥਾਵਾਂ ਨੇ ਰੋਗਾਣੂ ਵਿਰੋਧੀ ਪ੍ਰਤੀਰੋਧ ਹਾਲਾਤਾਂ 'ਤੇ ਪ੍ਰਭਾਵੀ ਢੰਗ ਨਾਲ ਨਿਪਟਣ ਲਈ ਲੋਕਾਂ ਨੂੰ ਢੁਕਵੇਂ ਅਤੇ ਅਨੁਕੂਲ ਐਂਟੀ-ਬਾਇਟਿਕਾਂ ਦੀ ਉਪਲੱਬਧਤਾ ਆਸਾਨ ਮੁਹੱਈਆ ਕਰਨ ਲਈ ਜ਼ੋਰ ਦਿੱਤਾ। ਜੇਕਰ ਅਜਿਹੇ ਕਦਮ ਸਮੇਂ ਸਿਰ ਨਾ ਉਠਾਏ ਗਏ ਤਾਂ ਸੰਯੁਕਤ ਰਾਸ਼ਟਰ ਵਲੋਂ ਐਲਾਨੇ ਵਿਕਾਸ ਟੀਚੇ ਪੂਰੇ ਕਰਨੇ ਮੁਸ਼ਕਿਲ ਹੋ ਜਾਣਗੇ। ਹਰ ਸਾਲ ਗਰਭਵਤੀ ਇਸਤਰੀਆਂ ਅਤੇ ਬੱਚਿਆਂ ਨੂੰ ਨਿਯਮਤ ਟੀਕੇ ਲਗਾਏ ਜਾਣ ਤਾਂ 1.82 ਲੱਖ ਲੋਕਾਂ ਦੀਆਂ ਜਾਨਾਂ ਬੱਚ ਸਕਦੀਆਂ ਹਨ। ਪਰ ਭਾਰਤ ਅੰਦਰ ਹਾਕਮ ਆਜ਼ਾਦੀ ਦੇ 76-ਸਾਲਾਂ ਬਾਅਦ ਵੀ ਲੋਕਾਂ ਨੂੰ ਮੁੱਢਲੀਆਂ ਸਿਹਤ ਸਹਾਇਤਾ ਦੇਣ ਤੋਂ ਅਸਮਰਥ ਰਹੇ ਹਨ। ਆਬਾਦੀ ਦਾ ਇੱਕ ਵੱਡਾ ਹਿੱਸਾ ਅਜੇ ਵੀ ਸਿਹਤ ਸਹੂਲਤਾਂ ਤੋਂ ਵੰਚਿਤ ਹੈ।

ਪਰ ਪੂੰਜੀਵਾਦੀ ਸਿਸਟਮ ਵਾਲੀਆਂ ਸਰਕਾਰਾਂ 2015 'ਚ ਪੈਰਿਸ ਵਿੱਚ ਵਾਤਾਵਰਣ ਸਬੰਧੀ ਚੋਟੀ ਦੀ ਵਾਰਤਾ ਦੇ ਫੈਸਲਿਆਂ ਨੂੰ ਲਾਗੂ ਕਰਨ ਤੋਂ ਕਈ ਕੋਹਾਂ ਦੂਰ ਰਹੀਆਂ ਹਨ। ਜਿਸ ਕਰਕੇ ਕਾਰਬਨ-ਡਾਈਉਕਸਾਈਡ ਦੀ ਮਾਤਰਾ ਘੱਟ ਕਰਨ ਅਤੇ ਕੌਮਾਂਤਰੀ ਤਾਪਮਾਨ ਨੂੰ ਡੇਢ-ਡਿਗਰੀ ਹੇਠਾਂ ਲਿਆਉਣ ਲਈ ਮਿਥੇ ਟੀਚੇ ਪੂਰੇ ਨਹੀਂ ਹੋ ਰਹੇ ਹਨ। ਜਿਸ ਕਰਕੇ ਜਲਵਾਯੂ ਪ੍ਰੀਵਰਤਨ ਕਾਰਨ ਹੋਰ ਖ਼ਤਰੇ ਵੱਧ ਰਹੇ ਹਨ। ਜਿਸ ਦਾ ਅਸਰ ਆਵਾਮ ਦੀ ਸਿਹਤ 'ਤੇ ਪੈ ਰਿਹਾ ਹੈ। ਤੇਜ਼ੀ ਨਾਲ ਜਲਵਾਯੂ ਵਿੱਚ ਆ ਰਹੇ ਪ੍ਰੀਵਰਤਨ ਕਾਰਨ ਨਵੇਂ-ਨਵੇਂ ਕਿਸਮ ਦੇ ਜੀਵਾਣੂ ਪੈਦਾ ਹੋ ਰਹੇ ਹਨ। ਜੇਕਰ ਸਮੇਂ ਸਿਰ ਕਾਬੂ ਨਾ ਪਾਇਆ ਗਿਆ ਅਤੇ ਢੁਕਵੇਂ ਕਦਮ ਨਾ ਚੁੱਕੇ ਗਏ ਤਾਂ ਸੰਸਾਰ ਅੰਦਰ ਭਿਆਨਕ ਜਾਨਲੇਵਾ ਬਿਮਾਰੀਆਂ ਲੋਕਾਂ ਨੂੰ ਚਿੰਬੜ ਜਾਣਗੀਆਂ। ਅਸੀਂ ਪੋਲੀਉ ਮੁਕਤ, ਮਲੇਰੀਆ, ਹੈਪੇਟਾਈਟਿਸ, ਜਪਾਨੀ ਬੁਖ਼ਾਰ, ਡੇਂਗੂ ਆਦਿ ਤੋਂ ਲੋਕਾਂ ਨੂੰ ਨਿਜਾਤ ਨਹੀਂ ਦੇ ਸਕੇ ਹਾਂ। ਕੋਵਿਡ-19 ਦੇ ਭਿਆਨਕ ਹਮਲੇ ਕਾਰਨ ਅਸੀਂ ਅਜੇ ਪੈਰਾਂ 'ਤੇ ਨਹੀਂ ਆ ਸੱਕੇ ਹਾਂ ? ਇਹ ਇੱਕ ਸੱਚਾਈ ਹੈ ਕਿ ਦੇਸ਼ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਪ੍ਰਦੂਸ਼ਿਤ ਵਾਤਾਵਰਣ ਵਿੱਚ ਰਹਿ ਰਿਹਾ ਹੈ। ਦੇਸ਼ ਦੇ ਹਾਕਮ ਸੁਥਰਾ-ਭਾਰਤ, ਅੰਮ੍ਰਿਤ-ਭਾਰਤ ਅਤੇ ਦੁਨੀਆਂ ਦੀ ਪੰਜਵੀਂ ਆਰਥਿਕ ਸ਼ਕਤੀ ਦਾ ਢੋਲ ਤਾਂ ਹਰ ਰੋਜ਼ ਪਿੱਟਦੇ ਹਾਂ, ਪਰ ! ਲੋਕ ਸਾਫ਼ ਪਾਣੀ ਪ੍ਰਾਪਤ ਕਰਨ ਤੋਂ ਆਤੁਰ ਦਿਸ ਰਹੇ ਹਨ ?

ਹਾਕਮ ਵੱਡੇ ਦਾਅਵੇ ਤੇ ਵਾਅਦੇ ਕਰਕੇ ਭਾਰਤੀਆਂ ਨੂੰ ਸਰਵਜਨਕ ਸਿਹਤ ਸਹੂਲਤਾਂ ਅਤੇ ਬੁਨਿਆਦੀ ਢਾਂਚਾ ਦੇਣ ਲਈ ਤਾਂ ਢੰਡੋਰਾ ਪਿੱਟ ਰਹੇ ਹਨ। ਪਰ ਨਾ ਹਸਪਤਾਲ, ਨਾ ਡਾਕਟਰ ਅਤੇ ਨਾ ਹੀ ਦਵਾਈਆਂ ਉਪਲਬਧ ਹੋ ਰਹੀਆਂ ਹਨ ! ਮਹਾਂ ਨਗਰਾਂ ਵਿੱਚ ਤਾਂ ਪਹੁੰਚ ਵਾਲੇ ਲੋਕਾਂ ਦੀ ਸਿਹਤ-ਸਹੂਲਤਾਂ ਤੱਕ ਪਹੁੰਚ ਹੈ। ਪਰ ਪੇਂਡੂ ਖੇਤਰਾਂ 'ਚ ਲੋਕਾਂ ਦਾ ਰੱਬ ਰਾਖਾ ਹੈ। ਦੇਸ਼ ਦੀ ਇੱਕ ਵੱਡੀ ਆਬਾਦੀ ਪੀਣ ਵਾਲੇ ਪਾਣੀ ਤੋਂ ਮਰਹੂਮ ਹੈ ਅਤੇ ਨਹਾਉਣ ਲਈ, ਸਾਫ਼ ਸਫ਼ਾਈ ਅਤੇ ਕਪੜੇ ਧੋਣ ਦੀ ਸਹੂਲਤ ਤੋਂ ਵੰਚਿਤ ਹੈ, ਉੱਤਰੀ ਭਾਰਤ ਪੂਰੀ ਤਰਾਂ ਜੂਨ ਮਹੀਨਾ ਆਉਣ ਤੋਂ ਪਹਿਲਾ ਹੀ ਭੱਠੀ ਵਾਂਗ ਤਪ ਰਿਹਾ ਸੀ। ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਘਾਟ ਹਰ ਬਸ਼ਰ ਨੂੰ ਇਸ ਗਰਮੀ ਦੇ ਮੌਸਮ ਵਿੱਚ ਡਾਢੀ ਰੜਕ ਰਹੀ ਹੈ। ਇਸ ਦਾ ਵੱਡਾ ਕਾਰਨ ਕਾਰਬਨ ਰਿਸਾਓ ਦੇ ਵਾਧੇ ਕਾਰਨ ਤਾਪਮਾਨ ਵਿੱਚ ਵਧਾ ਹੋਣਾ। ਤਾਪਮਾਨ ਨੂੰ ਸਥਿਰ ਰੱਖਣ ਲਈ ਪਹਿਲ ਕਦਮੀ ਰਾਜ-ਸੱਤਾ 'ਤੇ ਕਾਬਜ਼ ਹਾਕਮ ਜਮਾਤਾਂ ਨੂੰ ਕਰਨੀ ਪੈਣੀ ਹੈ। ਜੇਕਰ ਦੇਸ਼ ਦੇ ਜੰਗਲ, ਜਲ ਅਤੇ ਜ਼ਮੀਨ ਦੇ ਕੁਦਰਤੀ ਰੂਪ ਨੂੰ ਕਾਇਮ ਨਾ ਰੱਖਿਆ, ਵਿਕਾਸ ਦੇ ਨਾਂ 'ਤੇ ਕੁਦਰਤੀ ਵਾਤਾਵਰਣ ਦੀ ਹੋ ਰਹੀ ਤਬਾਹੀ ਨੂੰ ਨਾ ਰੋਕਿਆ ਗਿਆ ਅਤੇ ਜੰਗਲ ਲਾਉਣ, ਫਸਲਾਂ ਵਿੱਚ ਵਿਭਿੰਨਤਾ ਤੇ ਜ਼ਮੀਨੀ ਪਾਣੀ ਦਾ ਲੈਵਲ ਬਰਕਰਾਰ ਰੱਖਣ ਵਿੱਚ ਅਸੀਂ ਕਾਮਯਾਬ ਨਾ ਹੋਏ, ਤਾਂ ! ਅਸੀਂ ਤਾਪਮਾਨ ਦੇ ਵਾਧੇ ਕਾਰਨ ਵਾਤਾਵਰਨ ਵਿੱਚ ਆਈ ਤਬਦੀਲੀ ਦੇ ਦੂਰ ਪ੍ਰਭਾਵਾਂ ਤੋਂ ਬਚ ਨਹੀਂ ਸਕਦੇ। ਪਹਿਲਾਂ ਹੀ ਦੁਨੀਆਂ ਕੋਵਿਡ-19 ਮਹਾਂਮਾਰੀ ਦੇ ਤਬਾਹਕੁੰਨ ਪ੍ਰਕੋਪ ਅਤੇ ਇਸ ਦੇ ਨਵੇਂ ਰੂਪਾਂ ਵਿੱਚ ਉਭਰਨ ਦੇ ਅਸਰਾਂ ਤੋਂ ਅਸੀਂ ਆਰਥਿਕ ਅਤੇ ਸਮਾਜਿਕ ਤੌਰ 'ਤੇ ਮੁਕਤ ਨਹੀਂ ਹੋਏ ਹਾਂ। ਡੂੰਘੀ ਹੋ ਰਹੀ ਸੰਸਾਰ ਆਰਥਿਕ ਮੰਦੀ ਸਾਡੇ ਸਿਰ ਉਪਰ ਮੰਡਲਾਅ ਰਹੀ ਹੈ। ਧਰਤੀ ਦੇ ਗਰਮ ਹੋਣ ਨਾਲ ਜੋ ਨਵੇਂ ਨਵੇਂ ਗੰਭੀਰ ਖ਼ਤਰੇ ਅਤੇ ਵਾਤਾਵਰਣ ਤਬਦੀਲੀ ਦੇ ਮੁੱਦੇ 'ਤੇ ਨਿਰਣਾਇਕ ਕਾਰਵਾਈ ਕਰਨ ਤੋਂ ਉੱਕ ਗਏ ਤਾਂ ਸੰਸਾਰ ਅੰਦਰ ਮਨੁੱਖਤਾ ਦੀ ਤਬਾਹੀ ਲਈ ਮਨੁੱਖ ਹੀ ਜਿੰਮੇਵਾਰ ਹੋਵੇਗਾ। ਇਹਨਾਂ ਮੁੱਦਿਆਂ ਦੇ ਕਾਰਕਾਂ ਲਈ ਜਿੰਮੇਵਾਰ ਦੁਨੀਆਂ ਅੰਦਰ ਪੂੰਜੀਵਾਦੀ-ਕਾਰਪੋਰੇਟੀ ਪ੍ਰਬੰਧ ਜੋ ਉਦਾਰਵਾਦੀ ਨੀਤੀਆਂ ਰਾਹੀਂ ਮੁਨਾਫ਼ਿਆਂ ਦੀ ਦੌੜ ਅੰਦਰ ਮੰਡੀਆਂ 'ਤੇ ਕਾਬਜ਼ ਹੈ। ਉਹਨਾਂ ਵਿਰੁੱਧ ਸੰਸਾਰ ਦੀਆਂ ਸਾਰੀਆਂ ਅਮਨ ਪਸੰਦ, ਜਮਹੂਰੀ ਅਤੇ ਮਨੁੱਖਤਾਵਾਦੀ ਸ਼ਕਤੀਆਂ ਨੂੰ ਮਿਲ ਕੇ ਉਹਨਾਂ ਦੀਆਂ ਨੀਤੀਆਂ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।

***

## ਭਾਰਤ ਦੀਆਂ ਚੋਣਾਂ ਵਿੱਚ ਸੰਵਿਧਾਨ ਦੀ

ਕਾਂਗਰਸ 2019 ਦੇ ਮੁਕਾਬਲੇ ਆਪਣੀਆਂ ਸੀਟਾਂ ਦੁੱਗਣੀਆਂ ਕਰਨ ਵਿੱਚ ਸਫਲ ਰਹੀ ਤੇ ਉਸ ਨੇ 99 ਸੀਟਾਂ ਉਪਰ ਜਿੱਤ ਹਾਸਲ ਕੀਤੀ ਹੈ ਤੇ ਇੰਡੀਆ ਗਠਜੋੜ 231 ਸੀਟਾਂ ਜਿੱਤਣ ਵਿੱਚ ਕਾਮਯਾਬ ਰਿਹਾ। ਅਬਰਾਹਮ ਨੇ ਕਿਹਾ ਹੈ ਕਿ ਅਸੀਂ ਸਾਰੇ ਪ੍ਰਵਾਸੀ ਕਾਂਗਰਸੀ ਇੰਡੀਆ ਗਠਜੋੜ , ਇਸ ਦੇ ਆਗੂਆਂ ਤੇ ਖਾਸ ਤੌਰ 'ਤੇ ਆਲ ਇੰਡੀਆਂ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਤੇ ਰਾਹੁਲ ਗਾਂਧੀ ਨੂੰ ਸਲਾਮ ਕਰਦੇ ਹਾਂ ਜਿਨ੍ਹਾਂ ਨੇ ਸਿਰਤੋੜ ਕੋਸ਼ਿਸ਼ਾਂ ਕਰਕੇ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਸਬੰਧੀ ਆਪਣਾ ਸੁਨੇਹਾ ਭਾਰਤੀਆਂ ਤੱਕ ਸਫਲਤਾ ਪੂਰਵਕ ਪਹੁੰਚਾਇਆ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com